JOSHI LAW OFFICE
Barrister, Solicitor & Notary Public

❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.

Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 119 | Friday, June 17, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

ਭਾਰਤ ਸਰਕਾਰ ਦੀ 'ਅਗਨੀਪਥ' ਦਾ ਕਈ ਰਾਜਾਂ ਅੰਦਰ ਜ਼ਬਰਦਸਤ ਵਿਰੋਧ

* ਕਿਤੇ ਅੱਗਾਂ ਲਾਈਆਂ, ਕਿਤੇ ਰੇਲ ਗੱਡੀਆਂ ਰੋਕੀਆਂ ਗਈਆਂ

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਬੀਤੇ ਦਿਨੀਂ ਐਲਾਨ ਕੀਤੀ ਗਈ ਨਵੀਂ ਫੌਜੀ ਭਰਤੀ ਸਕੀਮ ਦੇ ਖਿਲਾਫ ਅੱਜ ਵੀਰਵਾਰ ਨੂੰ ਦੇਸ਼ ਦੇ ਕਈ ਰਾਜਾਂ ਵਿੱਚ ਫਿਰ ਵਿਰੋਧ ਪ੍ਰਦਰਸ਼ਨ ਹੋਏ। ਫੌਜ, ਸਮੁੰਦਰੀ ਫੌਜ ਤੇ ਹਵਾਈ ਫੌਜਦੀ ਭਰਤੀ ਲਈ ਭਾਰਤ ਸਰਕਾਰ ਦੀ ਨਵੀਂ ਯੋਜਨਾ 'ਅਗਨੀਪਥ' ਵਿਰੁੱਧ ਨੌਜਵਾਨਾਂ ਨੇ ਹਿੰਸਕ ਪ੍ਰਦਰਸ਼ਨ ਕੀਤਾ ਹੈ। ਬੀਤੇ ਦਿਨੀਂ ਬਿਹਾਰ ਤੋਂ ਛਿੜਿਆ ਇਹ ਸੰਘਰਸ਼ਉੱਤਰ ਪ੍ਰਦੇਸ਼, ਹਰਿਆਣਾ ਤੇ ਰਾਜਸਥਾਨ ਤਕ ਚਲਾ ਗਿਆ ਹੈ। ਸ਼ਾਂਤਮਈ ਢੰਗ ਨਾਲ ਸੁਰੂ ਹੋਏ ਇਸ ਸੰਘਰਸ਼ ਨੇ ਅੱਜ ਭਿਆਨਕ ਰੂਪ ਧਾਰ ਲਿਆ ਹੈ।

ਬਿਹਾਰ ਵਿੱਚ ਕਈ ਜ਼ਿਲ੍ਹਿਆਂ ਵਿੱਚਅੱਗ ਲੱਗਣ ਦੀਆਂ ਘਟਨਾਵਾਂ ਹੋਈਆਂ ਹਨ। ਕੇਂਦਰ ਸਰਕਾਰ ਦੀ ਇਸ ਨਵੀਂ ਯੋਜਨਾ ਦਾ ਸਭ ਤੋਂ ਵੱਧ ਵਿਰੋਧ ਬਿਹਾਰ ਵਿੱਚਹੋ ਰਿਹਾ ਹੈ। ਇਸ ਪ੍ਰਦਰਸ਼ਨਵਿੱਚ ਸ਼ਾਮਲ ਨੌਜਵਾਨ ਸੜਕਾਂ ਉੱਤੇਅੱਗਾਂ ਲਾਉਣ ਤੋਂ ਇਲਾਵਾ ਰੇਲ ਗੱਡੀਆਂ ਨੂੰ ਅੱਗ ਲਾਉਂਦੇ ਵੀ ਦੇਖੇ ਗਏਅਤੇਦਿੱਲੀ-ਹਾਵੜਾ ਮੁੱਖ ਰੇਲ ਲਾਈਨ ਦੇ ਬਕਸਰ ਅਤੇ ਆਰਾ ਸਟੇਸ਼ਨਾਂ ਉੱਤੇ ਭੰਨਤੋੜ ਕੀਤੀ ਅਤੇ ਰੇਲਵੇ ਸੰਪਤੀ ਦਾ ਨੁਕਸਾਨ ਕੀਤਾ ਗਿਆ ਹੈ। ...ਬਾਕੀ ਪੰਨਾ 6 'ਤੇ

ਅੰਦਰ ਇਹ ਵੀ ਪੜ੍ਹੋ

ਚਾਰੈਸਟ ਨੇ ਪੌਲੀਏਵਰ ਉੱਤੇ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸਣ ਦੇ ਲਾਏ ਦੋਸ਼

ਘਰੇਲੂ ਟਰੈਵਲ ਤੇ ਵਿਦੇਸ਼ ਜਾਣ ਵਾਲੇ ਟਰੈਵਲਰਜ਼ ਲਈ ਲਾਜ਼ਮੀ ਵੈਕਸੀਨੇਸ਼ਨ ਦੇ ਨਿਯਮ ਨੂੰ ਸਸਪੈਂਡ ਕਰੇਗੀ ਫੈਡਰਲ ਸਰਕਾਰ

ਚਾਰੈਸਟ ਤੇ ਬ੍ਰਾਊਨ ਨੂੰ ਲਿਬਰਲ ਤੇ ਐਨਡੀਪੀ ਨੇ ਦੱਸਿਆ ਬਿਹਤਰ ਆਗੂ

ਓਟਵਾ, 16 ਜੂਨ (ਪੋਸਟ ਬਿਊਰੋ) : ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਲਿਬਰਲ ਤੇ ਐਨਡੀਪੀ ਵੋਟਰਾਂ ਦਾ ਮੰਨਣਾ ਹੈ ਕਿ ਫੈਡਰਲ ਕੰਜ਼ਰਵੇਟਿਵ ਪਾਰਟੀ ਲਈ ਜੀਨ ਚਾਰੈਸਟ ਜਾਂ ਪੈਟ੍ਰਿਕ

ਬ੍ਰਾਊਨ ਵਧੇਰੇ ਵਧੀਆ ਆਗੂ ਬਣ ਸਕਦੇ ਹਨ।

ਲੈਜਰ ਵੱਲੋਂ ਜਾਰੀ ਕੀਤੇ ਗਏ ਰਿਸਰਚ ਸਬੰਧੀ ਡਾਟਾ ਤੋਂ ਇਹ ਅੰਕੜੇ ਸਾਹਮਣੇ ਆਏ। ਆਨਲਾਈਨ ਕੀਤੇ ਗਏ ਸਰਵੇਖਣ ਵਿੱਚ 1528 ਲੋਕਾਂ ਦੇ ਕੰਪਿਊਟਰ ਅਧਾਰਤ ਵੈੱਬ ਇੰਟਰਵਿਊਇੰਗ ਤਕਨਾਲੋਜੀ ਨਾਲ ਇੰਟਰਵਿਊ ਲੈਣ ਤੋਂ ਬਾਅਦ ਇਹ ਅੰਕੜੇ ਸਾਹਮਣੇ ਆਏ। ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਤੋਂ ਪੁੱਛਿਆ ਗਿਆ ਕਿ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਖੜ੍ਹੇ ਛੇ ਉਮੀਦਵਾਰਾਂ ਵਿੱਚੋਂ ਕਿਹੜਾ ਪਾਰਟੀ ਲਈ ਬਿਹਤਰੀਨ ਰਹੇਗਾ? ਪਾਰਟੀ ਵੱਲੋਂ 10 ਸਤੰਬਰ ਨੂੰ ਆਪਣੇ ਨਵੇਂ ਆਗੂ ਦਾ ਖੁਲਾਸਾ ਕੀਤਾ ਜਾਵੇਗਾ।

ਲੈਜਰ ਦੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੌਰਕ ਦਾ ਕਹਿਣਾ ਹੈ ਬਿਹਤਰੀਨ ਕੰਜ਼ਰਵੇਟਿਵ ਆਗੂ ਚੁਣੇ ਜਾਣ ਲਈ ਪੁੱਛੇ ਸਵਾਲ ਦੇ ਜਵਾਬ ਵਿੱਚ 58 ਫੀ ਸਦੀ ਸਰਵੇਖਣਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਤੇ ਜਾਂ ਫਿਰ ਉੱਪਰ ਦਿੱਤੇ ਜਵਾਬਾਂ ਵਿੱਚੋਂ ਕੋਈ ਨਹੀਂ। ਜਦੋਂ ਕੰਜ਼ਰਵੇਟਿਵ ਵੋਟਰਾਂ ਤੋਂ ਇਹੋ ਸਵਾਲ ਪੁੱਛਿਆ ਗਿਆ ਤਾਂ 23 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਤੇ 8 ਫੀ ਸਦੀ ਨੇ ਆਖਿਆ ਕਿ ਉੱਪਰ ਦਿੱਤੇ ਜਵਾਬਾਂ ਵਿੱਚੋਂ ਕੋਈ ਵੀ ਨਹੀਂ।

ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਟੋਰੀ ਲੀਡਰਜ਼ ਵਿੱਚੋਂ 44 ਫੀ ਸਦੀ ਨੇ ਆਖਿਆ ਕਿ ਪਿਏਰ ਪੌਲੀਏਵਰ ਵਧੀਆ ਆਗੂ ਬਣ ਸਕਦੇ ਹਨ। ਚਾਰੈਸਟ ਤੇ ਕਿਊਬਿਕ ਦੇ ਸਾਬਕਾ ਪ੍ਰੀਮੀਅਰ 14 ਫੀ ਸਦੀ ਵੋਟਾਂ ਹੀ ਹਾਸਲ ਕਰ ਸਕੇ।

ਗਵਰਨਰ ਜਨਰਲ ਦੇ ਮਿਡਲ ਈਸਟ ਦੌਰੇ ਦੌਰਾਨ ਸਿਰਫ ਹਵਾਈ ਸਫਰ ਉੱਤੇ ਖਰਚ ਹੋਏ 100,000 ਡਾਲਰ

ਓਟਵਾ, 16 ਜੂਨ (ਪੋਸਟ ਬਿਊਰੋ) : ਗਵਰਨਰ ਜਨਰਲ ਮੈਰੀ ਸਾਈਮਨ ਤੇ ਉਨ੍ਹਾਂ ਦੇ ਮਹਿਮਾਨਾਂ ਵੱਲੋਂ 16 ਤੋਂ 24 ਮਾਰਚ ਤੱਕ ਮਿਡਲ ਈਸਟ ਤੱਕ ਤੇ ਉੱਥੋਂ ਕਈ ਹੋਰਨਾਂ ਥਾਂਵਾਂ ਲਈ ਕੀਤੇ ਗਏ ਸਫਰ ਉੱਤੇ 100,000 ਡਾਲਰ ਖਰਚ ਕੀਤੇ ਗਏ। ਇਹ ਸਾਰੀ ਰਕਮ ਸਰਕਾਰੀ ਖਜ਼ਾਨੇ ਵਿੱਚੋਂ ਅਦਾ ਕੀਤੀ ਗਈ।

ਕੰਜ਼ਰਵੇਟਿਵ ਐਮਪੀ ਮਾਈਕਲ ਬੈਰੇਟ ਵੱਲੋਂ ਪੇਸ਼ ਕੀਤੇ ਗਏ ਆਰਡਰ ਪੇਪਰ ਸਵਾਲ ਅਨੁਸਾਰ ਸਾਈਮਨ ਤੇ ਉਨ੍ਹਾਂ ਦੇ 29 ਮਹਿਮਾਨ ਮਾਰਚ ਵਿੱਚ ਸਰਕਾਰ ਦੇ ਸੀਸੀ-150 ਪੋਲਾਰਿਸ ਜਹਾਜ਼ ਉੱਤੇ ਲੰਡਨ, ਸੰਯੁਕਤ ਅਰਬ ਅਮੀਰਾਤ, ਕਤਰ, ਕੁਵੈਤ ਗਏ ਤੇ ਉੱਥੋਂ ਵਾਪਿਸ ਆਏ। ਇਸ ਦੌਰੇ ਉੱਤੇ 93,117.89 ਡਾਲਰ ਖਰਚ ਹੋਏ।

ਇਸ ਟਰਿੱਪ ਦੌਰਾਨ ਸਾਈਮਨ ਦੁਬਈ ਵਿੱਚ ਐਕਸਪੋ 2020 ਉੱਤੇ ਮੁੱਖ ਮਹਿਮਾਨ ਸੀ। ਸਾਈਮਨ ਵੱਲੋਂ ਇਸ ਦੌਰਾਨ ਕੁਵੈਤ ਵਿੱਚ ਸਥਿਤ ਅਲੀ ਅਲ ਸਾਲੇਮ ਏਅਰ ਬੇਸ ਵਿਖੇ ਕੈਂਪ ਕੈਨੇਡਾ ਦਾ ਦੌਰਾ ਵੀ ਕੀਤਾ ਗਿਆ ਤੇ ਉਹ ਕਤਰ ਵਿੱਚ ਅਲ ਉਦੈਦ ਏਅਰ ਬੇਸ ਉੱਤੇ ਕੈਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰਾਂ ਨੂੰ ਮਿਲਣ ਵੀ ਗਈ। ਬੈਰੇਟ ਵੱਲੋਂ ਸਰਕਾਰ ਤੋਂ ਇਹ ਮੰਗ ਵੀ ਕੀਤੀ ਗਈ ਕਿ ਉਹ ਪਹਿਲੀ ਦਸੰਬਰ, 2021 ਤੇ 26 ਅਪਰੈਲ 2022 ਦਰਮਿਆਨ ਸੀਸੀ-150 ਪੋਲਾਰਿਸ ਵੱਲੋਂ ਭਰੀਆਂ ਗਈਆਂ ਉਡਾਨਾਂ ਦਾ ਵੇਰਵਾ ਵੀ ਦੇਵੇ ਜਿਸ ਵਿੱਚ ਇਹ ਦੱਸਿਆ ਜਾਵੇ ਕਿ ਇਸ ਦੌਰਾਨ ਕਿੰਨਾ ਫਿਊਲ ਖਰਚ ਹੋਇਆ ਤੇ ਫਿਊਲ ਉੱਤੇ ਕਿੰਨੀ ਰਕਮ ਖਰਚ ਕੀਤੀ ਗਈ।

ਬੈਰੇਟ ਨੇ ਆਖਿਆ ਕਿ ਜਿਸ ਸਮੇਂ ਕੈਨੇਡੀਅਨਜ਼ ਦੇ ਟਰੈਵਲ ਕਰਨ ਉੱਤੇ ਪਾਬੰਦੀ ਸੀ ਤੇ ਉਨ੍ਹਾਂ ਨੂੰ ਜੂਨ ਗੁਜ਼ਾਰੇ ਲਈ ਸੰਕਟ ਵਿੱਚੋਂ ਲੰਘਣਾਂ ਪੈ ਰਿਹਾ ਸੀ ਅਜਿਹੇ ਵਿੱਚ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਕੌਮਾਂਤਰੀ ਟਰੈਵਲ ਉੱਤੇ ਕਿੰਨਾਂ ਖਰਚਾ ਕੀਤਾ ਜਾ ਰਿਹਾ ਸੀ ਇਸ ਬਾਰੇ ਅਸੀਂ ਸਰਕਾਰ ਤੋਂ ਪਾਰਦਰਸ਼ਤਾ ਦੀ ਉਮੀਦ ਕਰਦੇ ਹਾਂ। ਇਸ ਟਰਿੱਪ ਦੌਰਾਨ ਫਿਊਲ ਉੱਤੇ 248,127.02 ਡਾਲਰ ਖਰਚ ਕੀਤੇ ਗਏ। ...ਬਾਕੀ ਪੰਨਾ 6 'ਤੇ

ਅਗਲੇ ਸਾਲ ਦੇ ਅੰਤ ਤੱਕ ਕੈਨੇਡਾ ਵਿੱਚ 15 ਫੀ ਸਦੀ ਘੱਟ ਸਕਦੀਆਂ ਹਨ ਘਰਾਂ ਦੀਆਂ ਕੀਮਤਾਂ

ਓਟਵਾ, 16 ਜੂਨ (ਪੋਸਟ ਬਿਊਰੋ) : ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੀਤੇ ਜਾ ਰਹੇ ਵਾਧੇ ਤੋਂ ਬਾਅਦ ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਅਗਲੇ ਸਾਲ ਦੇ ਅੰਤ ਤੱਕ 15 ਫੀ ਸਦੀ ਘਟਣ ਦੀ ਸੰਭਾਵਨਾ ਹੈ। ਇਹ ਖੁਲਾਸਾ ਇੱਕ ਨਵੀਂ ਰਿਪੋਰਟ ਵਿੱਚ ਹੋਇਆ।

ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ ਫਰਵਰੀ 2022 ਵਿੱਚ 790,000 ਡਾਲਰ ਤੱਕ ਅੱਪੜ ਗਈ ਸੀ। ਦੋ ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 50 ਫੀ ਸਦੀ ਵਾਧਾ ਦਰਜ ਕੀਤਾ ਗਿਆ। ਪਰ ਡੈਸਜਾਰਡਿਨਜ਼ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਦਸੰਬਰ 2023 ਤੱਕ ਘਰਾਂ ਦੀ ਔਸਤ ਕੀਮਤ ਡਿੱਗ ਕੇ 675,000 ਡਾਲਰ ਰਹਿ ਜਾਵੇਗੀ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਕੀਤੇ ਗਏ ਵਾਧੇ ਤੋਂ ਬਾਅਦ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਡੇਸਜਾਰਡਿਨਜ਼ ਨੇ ਦੱਸਿਆ ਕਿ ਮਹੀਨਾ ਦਰ ਮਹੀਨਾ ਦੇ ਹਿਸਾਬ ਨਾਲ ਮਾਰਚ ਵਿੱਚ ਕੈਨੇਡਾ ਵਿੱਚ ਘਰਾਂ ਦੀ ਕੀਮਤ 2.6 ਫੀ ਸਦੀ ਘਟੀ ਤੇ ਅਪਰੈਲ ਵਿੱਚ ਇਸ ਵਿੱਚ 3.8 ਫੀ ਸਦੀ ਗਿਰਾਵਟ ਦਰਜ ਕੀਤੀ ਗਈ।

ਪਰ ਇਸ ਗਿਰਾਵਟ ਦੇ ਬਾਵਜੂਦ ਡੈਸਜਾਰਡਿਨਜ਼ ਨੇ ਪਾਇਆ ਕਿ 675,000 ਡਾਲਰ ਅਜੇ ਵੀ ਦਸੰਬਰ 2019 ਦੇ ਮੁਕਾਬਲੇ 30 ਫੀ ਸਦੀ ਵੱਧ ਹੈ। ਉਸ ਸਮੇਂ ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ 530,000 ਡਾਲਰ ਸੀ। ਡੈਸਜਾਰਡਿਨਜ਼ ਦੇ ਚੀਫ ਇਕਨੌਮਿਸਟ ਤੇ ਸਟ੍ਰੈਟੇਜਿਸਟ ਜਿੰਮੀ ਜੀਨ ਨੇ ਆਖਿਆ ਕਿ ਉਨ੍ਹਾਂ ਮੁਤਾਬਕ ਸਥਿਰ ਹੋਣ ਤੋਂ ਪਹਿਲਾਂ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਆਵੇਗੀ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance

(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance

SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial

647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205

KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney

Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!

1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !

GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker

Dir:647-928-4990
25-831 Bovarid Dr. W. Brampton, ON L6X0T9 | www.ufsinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc

Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today

Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131

Jasbir Singh Hundal
Qualified Credit Counsellor
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The 25 Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)

831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca

ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center

Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4

When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
Real Estate Law Business Law
Wills & Estates Family Law
Power of Attorney Civil Litigation
Affidavits Notarization / Declaration

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats Spiders & Fleas Bedbugs Wasps
Cockroaches Carpenter Ants Silver Fish Racoons
Call : PARESH PATEL
(Government Approved Licensed Technician)
416 938 4598

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਵਲੋਂ 14ਵਾਂ ਸਲਾਨਾ ਸੀਨੀਅਰਜ਼ ਫਨ ਫੇਅਰ ਮੇਲਾ ਆਯੋਜਿਤ

ਬਰੈਂਪਟਨ (ਸੁਰਜੀਤ ਸਿੰਘ ਫਲੋਰਾ):ਇੰਡੀਅਨ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਸ਼ਨੀਵਾਰ 11 ਜੂਨ, 2022 ਨੂੰ ਟਿੰਬਰਲੇਨ ਪਾਰਕ ਬਰੈਂਪਟਨ (ਗੁਰ-ਦੁਆਰਾ ਨਾਨਕਸਰ ਦੇ ਸਾਹਮਣੇ) ਵਿਚ 14ਵਾਂ ਸਲਾਨਾ ਸੀਨੀਅਰਜ਼ ਫਨ ਫੇਅਰ ਮੇਲਾ ਆਯੋਜਿਤ ਕੀਤਾ ਗਿਆ। ਜਿਸ ਵਿਚ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦਾ ਸ਼ੁਕਰਾਨਾਂ ਕਰਨ ਲਈ ਉਸ ਅੱਗੇ ਅਰਦਾਸ ਕੀਤੀ ਗਈ। ਇਸ ਉਪਰੰਤ ਆਰਮਰ ਇੰਸ਼ੋਰੈਂਸ ਬ੍ਰੋਕਰਜ਼ ਦੀ ਸੀਈਓ ਸੁਖਦੀਪ ਕੰਗ ਨੇ ਰਿਬਨ ਕੱਟ ਕੇ ਮੇਲੇ ਦੀ ਸ਼ੁਰੂਆਤ ਕੀਤੀ।

ਭ ਤੋਂ ਪਹਿਲਾਂ ਲੜਕੇ ਅਤੇ ਲੜਕਿਆਂ ਦੀਆਂ 6-9 ਸਾਲ, 9-11 ਅਤੇ 11-15 ਸਾਲਾਂ ਦੇ ਬੱਚਿਆਂ ਦੀਆਂ 50 ਮੀਟਰ ਦੌੜਾਂ ਕਰਵਾਇਆਂ ਗਇਆ। ਜੋ ਪਹਿਲੈ ਦੂਜੇ ਤੇ ਤੀਜੇ ਸਥਾਂਨ ਤੇ ਆਏ ਉਹਨਾਂ ਨੂੰ ਟਰਾਫਿਆਂ ਵੀ ਦਿੱਤੀਆਂ ਗਇਆ।

ਇਸ ਉਪਰੰਤ ਬਜੁਰਗਾਂ ਦੀਆਂ ਦੌੜਾਂ ਵਿਚ 55-60, 60-65 ਅਤੇ 65 ਸਾਲਾਂ ਅਤੇ ਉਸ ਤੋਂ ਵੱਧ ਉਮਰ ਦੇ ਆਦਮੀਆਂ ਦੀਆਂ 100 ਮੀਟਰ ਅਤੇ 200 ਮੀਟਰ ਦੀਆਂ ਦੌੜਾਂ ਕਰਵਾਇਆ ਗਇਆ। ਜਿਹਨਾਂ ਨੂੰ ਭਾਰੀ ਇਕੱਠ ਵਲੋਂ ਬਹੁਤ ਹੀ ਉਤਸ਼ਾਹ ਨਾਲ ਦੇਖਿਆਂ। ਇਸ ਉਪਰੰਤ ਬੀਬੀਆਂ ਦੀਆਂ ਦੌੜਾਂ ਵਿਚ 55-60, 60-65 ਅਤੇ 65 ਤੋਂ ਵੱਧ ਦੀਆਂ 100 ਮੀਟਰ ਦੀਆਂ ਦੌੜਾਂ ਕਰਵਾਇਆ ਗਇਆ। ਜਿਹਨਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆਂ।

ਇਸ ਉਪਰੰਤ ਮਿਊਜੀਕਲ ਚੇਅਰ 55 ਤੇ ਉਸ ਦੇ ਵੱਧ ਉਮਰ ਦੇ ਆਦਮੀਆ ਅਤੇ ਔਰਤਾਂ ਦੇ ਮੈਚ ਕਰਵਾਏ ਗਏ। ਜਿਹਨਾਂ ਦਾ ਬੱਚਿਆਂ ਅਤੇ ਬਜੁਰਗਾਂ ਵਲੋਂ ਪੂਰਾ ਪੂਰਾ ਅਨੰਦ ਲਿਆਂ ਗਿਆ। ਇਸ ਦੇ ਨਾਲ ਹੀ ਬੱਚਿਆਂ ਦੀ ਕਬੱਡੀ ਅਤੇ ਬੀਬੀਆਂ ਦੇ ਗਿਧੇ ਨੇ ਪ੍ਰੋਗਰਾਮ ਨੂੰ ਹੋਰ ਵੀ ਦਿਲਕਸ਼ ਬਣਾ ਦਿੱਤਾ।

ਇਸ ਸਾਰੇ ਪ੍ਰੋਗਰਾਮ ਦੌਰਾਨ , ਬਰੈਂਪਟਨ ਸਿਟੀ ਹਾਲ ਤੋਂ ਕੌਂਸਲਰ ਮਾਰਟ ਮੈਡੇਰੀਅਸ , ਜੈਫ ਵੋਮੈਨ, ਗੁਰਪ੍ਰੀਤ ਢਿਲੋਂ , ਉਨਟੈਰੀਉ ਸੂਬੇ ਤੋਂ ਦੁਆਰਾ ਜਿਤੇ ਐਮ ਪੀ ਪੀ ਪ੍ਰਭਮੀਤ ਸਿੰਘ ਸਰਕਾਰੀਆਂ, ਤੇ ਸ਼ਾਰਮੇਨ ਵਿਲੀਅਮ, ਸਾਬਿਕਾ ਐਮ ਪੀ ਪੀ ਅੰਮਿਤ ਮਾਂਗਟ ਵਲੋਂ ਪਹੁੰਚ ਕੇ ਸੀਨੀਅਰਜ਼ ਦੀ ਹੌਸਲਾਂ ਅਫ਼ਜਾਈ ਕੀਤੀ ਗਈ ਤੇ ਉਹਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨ ਵੀ ਕੀਤਾ ਗਿਆ।

ਇਸ ਕਲੱਬ ਇੰਟਰਨੈਸ਼ਨਲ ਸੀਨੀਅਰਜ਼ ਕਲੱਬ ਜੋ ਮੱਘਰ ਸਿੰਘ ਦੀ ਪ੍ਰਧਾਨਗੀ ਹੇਠ ਪਿਛਲੇਨ ਕਾਫ਼ੀ ਲੰਮੇ ਅਰਸੇ ਤੋਂ ਚੱਲੀ ਆ ਰਹੀ ਹੈ। ਜਿਥੇ ਉਹ ਹਰ ਸੀਨੀਅਰਜ਼ ਨੂੰ ਹਰ ਤਰ੍ਹਾਂ ਦੇ ਇੰਮੀਗਰੇਸ਼ਨ ਪੇਪਰ, ਸਿਟੀਜ਼ਨਸ਼ਿਪ ਅਤੇ ਹੋਰ ਕਈ ਤਰ੍ਹਾ ਦੇ ਪੇਪਰ ਭਰਨ ਦਾ ਸਹਿਯੋਗ ਵੀ ਦਿੰਦੇ ਹਨ। ਸਰਕਾਰ ਵਲੋਂ ਵੀ ਭੱਤਾ ਦਿੱਤਾ ਜਾਂਦਾ ਹੈ।

ਇਸ ਮੇਲੇ ਨੂੰ ਖਾਸ ਤੌਰ ਤੇ ਆਰਮਰ ਇੰਸ਼ੋਰੈਂਸ ਬ੍ਰੋਕਰਜ਼ ਦੀ ਸੀਈਓ ਸੁਖਦੀਪ ਕੰਗ ਵਲੋਂ ਖਾਣ ਪੀਣ ਤੋਂ ਲੈ ਕੇ ਹੋਰ ਸਾਰਾ ਖਰਚ ਕੀਤਾ ਗਿਆ ਸੀ।

ਇਸ ਸਮੇਂ ਕੁਝ ਹੋਰ ਵਿਉਪਾਰੀ ਸੱਜਣਾ ਵਲੋਂ ਵੀ ਕਈ ਤਰ੍ਹਾਂ ਦੇ ਉਪਹਾਰ ਲਾਟਰੀ ਰਾਂਹੀ ਵੰਡੇ ਗਏ। ਜਿਵੇਂ ਕੇ ਮਾਈਕਰੋਵੇਵ, ਗਰਿਲਜ਼, ਕਾਫੀ ਮੇਕਰ ਆਦਿ।

ਆਖਿਰ ਤੇ ਕਲੱਬ ਦੇ ਪ੍ਰਧਾਨ ਮੱਘਰ ਸਿੰਘ ਵਲੋਂ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਮਿਲ ਸਕਦੀ ਹੈ ਹਰੀ ਝੰਡੀ

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ) : ਫੈਡਰਲ ਅਧਿਕਾਰੀਆਂ ਨੇ ਐਤਵਾਰ ਨੂੰ ਆਖਿਆ ਕਿ ਫਾਈਜ਼ਰ ਦੀ ਕੋਵਿਡ-19 ਵੈਕਸੀਨ 5 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੇਫ ਤੇ ਅਸਰਦਾਰ ਹੈ। ਨਿੱਕੀ ਉਮਰ ਦੇ ਅਮੈਰੀਕਨ ਬੱਚਿਆਂ ਦੀ ਵੈਕਸੀਨੇਸ਼ਨ ਸ਼ੁਰੂ ਕੀਤੇ ਜਾਣ ਲਈ ਇਸ ਫੈਸਲੇ ਦੀ ਲੰਮੇਂ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ।

ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਫਾਈਜ਼ਰ ਦੇ ਸ਼ੌਟਸ ਬਾਰੇ ਇਹ ਵਿਸ਼ਲੇਸ਼ਣ ਪੋਸਟ ਕੀਤਾ। ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਵਿੱਚ ਬਾਹਰਲੇ ਮਾਹਿਰ ਇਸ ਗੱਲ ਉੱਤੇ ਵੋਟ ਕਰਨਗੇ ਕਿ ਕੀ ਇਹ ਸ਼ੌਟਸ ਦੇਸ਼ ਦੇ 18 ਮਿਲੀਅਨ ਬੱਚਿਆਂ, ਬਿਲਕੁਲ ਨਿੱਕੇ ਬੱਚਿਆਂ ਤੇ ਪ੍ਰੀਸਕੂਲਰਜ਼ ਨੂੰ ਦੇਣ ਲਈ ਤਿਆਰ ਹਨ। ਅਮਰੀਕਾ ਵਿੱਚ ਹੁਣ ਤੱਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਕੋਵਿਡ-19 ਵੈਕਸੀਨੇਸ਼ਨ ਨਹੀਂ ਸੀ ਹੋਈ।

ਪਿਛਲੇ ਹਫਤੇ ਐਫਡੀਏ ਨੇ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੌਡਰਨਾ ਦੀ ਵੈਕਸੀਨ ਦਾ ਇਹੋ ਜਿਹਾ ਵਿਸ਼ਲੇਸ਼ਣ ਪੇਸ਼ ਕੀਤਾ ਸੀ। ਜੇ ਰੈਗੂਲੇਟਰਜ਼ ਇੱਕ ਜਾਂ ਦੋਵਾਂ ਕੰਪਨੀਆਂ ਦੇ ਸ਼ੌਟਸ ਨੂੰ ਹਰੀ ਝੰਡੀ ਦੇ ਦਿੰਦੀ ਹੈ ਤਾਂ ਵੈਕਸੀਨੇਸ਼ਨ ਜਲਦ ਤੋਂ ਜਲਦ ਅਗਲੇ ਹਫਤੇ ਤੋਂ ਸ਼ੁਰੂ ਹੋ ਜਾਵੇਗੀ। ਡਰੱਗ ਨਿਰਮਾਤਾ ਕੰਪਨੀਆਂ ਸਰਕਾਰ ਵੱਲੋਂ ਕੀਤੇ ਗਏ ਆਰਡਰ ਮੁਤਾਬਕ ਤੇਜ਼ੀ ਨਾਲ ਵੈਕਸੀਨ ਭੇਜਣ ਲਈ ਤਿਆਰ ਹਨ।

ਟਰੰਪ ਖਿਲਾਫ ਮੁਜਰਮਾਨਾ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਲਈ ਜੁਟ ਚੁੱਕੇ ਹਨ ਕਾਫੀ ਸਬੂਤ !

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ) : ਕੈਪੀਟਲ ਰਾਇਟਸ ਦੀ ਜਾਂਚ ਕਰ ਰਹੀ ਹਾਊਸ ਕਮੇਟੀ ਦੇ ਮੈਂਬਰਾਂ ਨੇ ਐਤਵਾਰ ਨੂੰ ਆਖਿਆ ਕਿ ਜਸਟਿਸ ਡਿਪਾਰਟਮੈਂਟ ਲਈ ਉਨ੍ਹਾਂ ਕੋਲ ਕਾਫੀ ਸਬੂਤ ਇੱਕਠਾ ਹੋ ਗਏ ਹਨ ਜਿਹੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ 2020 ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ ਨੂੰ ਪਲਟਾਉਣ ਲਈ ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਮੁਜਰਮਾਨਾ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਕਮੇਟੀ ਨੇ ਐਲਾਨ ਕੀਤਾ ਕਿ ਟਰੰਪ ਦਾ ਕੈਂਪੇਨ ਮੈਨੇਜਰ ਬਿੱਲ ਸਟੈਪੀਅਨ ਵੀ ਉਨ੍ਹਾਂ ਚਸ਼ਮਦੀਦਾਂ ਵਿੱਚ ਸ਼ਾਮਲ ਹੋਵੇਗਾ ਜਿਹੜੇ ਸੋਮਵਾਰ ਨੂੰ ਸੁਣਵਾਈ ਦਰਾਨ ਗਵਾਹੀ ਦੇਣਗੇ। ਇਹ ਸੁਣਵਾਈ ਚੋਣਾਂ ਵਿੱਚ ਗੜਬੜੀ ਹੋਣ ਸਬੰਧੀ ਟਰੰਪ ਵੱਲੋਂ ਫੈਲਾਈਆਂ ਗਈਆਂ ਅਫਵਾਹਾਂ ਉੱਤੇ ਕੇਂਦਰਿਤ ਹੋਵੇਗੀ।

ਕਮੇਟੀ ਵੱਲੋਂ ਪਿਛਲੇ ਹਫਤੇ ਆਪਣੀ ਜਨਤਕ ਸੁਣਵਾਈ ਸ਼ੁਰੂ ਕੀਤੀ ਗਈ ਸੀ। ਇਸ ਵਿੱਚ ਇਸ ਮਾਮਲੇ ਸਬੰਧੀ ਕਾਰਵਾਈ ਚੱਲ ਰਹੀ ਹੈ ਕਿ ਕਿਸ ਤਰ੍ਹਾਂ ਹਾਰੇ ਹੋਏ ਟਰੰਪ ਵੱਲੋਂ ਚੋਣਾਂ ਦੇ ਨਤੀਜਿਆਂ ਨੂੰ ਗਲਤ ਦੱਸਦਿਆਂ ਹੋਇਆਂ ਝੂਠੀਆਂ ਅਫਵਾਹਾਂ ਫੈਲਾਈਆਂ ਗਈਆਂ ਜਦਕਿ ਬਹੁਤ ਸਾਰੇ ਮਾਹਿਰਾਂ ਵੱਲੋਂ ਉਲਟ ਨਤੀਜਿਆਂ ਦੀ ਪੁਸ਼ਟੀ ਕੀਤੀ ਗਈ। ਇਸ ਦੌਰਾਨ ਇਹ ਸੁਣਵਾਈ ਵੀ ਚੱਲ ਰਹੀ ਹੈ ਕਿ ਕਿਸ ਤਰ੍ਹਾਂ ਟਰੰਪ ਵੱਲੋਂ ਲੋਕਾਂ ਨੂੰ ਭੜਕਾ ਕੇ ਜੋਅ ਬਾਇਡਨ ਦੀ ਜਿੱਤ ਨੂੰ ਹਾਰ ਵਿੱਚ ਬਦਲਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ।

ਚਾਰੈਸਟ ਨੇ ਪੌਲੀਏਵਰ ਉੱਤੇ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸਣ ਦੇ ਲਾਏ ਦੋਸ਼

ਓਟਵਾ, 16 ਜੂਨ (ਪੋਸਟ ਬਿਊਰੋ) : ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਜੀਨ ਚਾਰੈਸਟ ਵੱਲੋਂ ਆਪਣੇ ਮੁੱਖ ਵਿਰੋਧੀ ਪਿਏਰ ਪੌਲੀਏਵਰ ਖਿਲਾਫ ਦੋਸ਼ ਲਾਏ ਗਏ ਹਨ ਕਿ ਉਨ੍ਹਾਂ ਵੱਲੋਂ ਆਪਣੀ ਮੈਂਬਰਸ਼ਿਪ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ।

ਕਿਊਬਿਕ ਦੇ ਸਾਬਕਾ ਪ੍ਰੀਮੀਅਰ ਦਾ ਕਹਿਣਾ ਹੈ ਕਿ ਪੌਲੀਏਵਰ ਦੀ ਕੈਂਪੇਨ ਵੱਲੋਂ 311,958 ਸਮਰਥਕਾਂ ਨੂੰ ਸਾਈਨ ਕਰਨ ਦਾ ਕੀਤਾ ਜਾ ਰਿਹਾ ਦਾਅਵਾ ਖੋਖਲਾ ਹੈ। ਉਨ੍ਹਾਂ ਆਖਿਆ ਕਿ ਪੌਲੀਏਵਰ ਵੱਲੋਂ ਸਾਈਨ ਕੀਤੇ ਗਏ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ ਤੇ ਕੋਈ ਇਸ ਵਿੱਚ ਯਕੀਨ ਨਹੀਂ ਕਰਦਾ। ਚਾਰੈਸਟ ਵੱਲੋਂ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਵੱਲੋਂ ਕਿੰਨੇ ਮੈਂਬਰਾਂ ਨੂੰ ਸਾਈਨ ਕੀਤਾ ਗਿਆ ਹੈ।

ਇਸ ਦੌੜ ਵਿੱਚ ਸ਼ਾਮਲ ਪੈਟ੍ਰਿਕ ਬ੍ਰਾਊਨ ਹੀ ਅਜਿਹੇ ਦੂਜੇ ਉਮੀਦਵਾਰ ਹਨ ਜਿਨ੍ਹਾਂ ਵੱਲੋਂ ਆਪਣੇ ਮੈਂਬਰਾਂ ਦੀ ਗਿਣਤੀ, ਜੋ ਕਿ 150,000 ਬਣਦੀ ਹੈ, ਜਾਰੀ ਕੀਤੀ ਗਈ ਹੈ।

ਬੰਬ ਨਾਲ ਹਮਲਾ ਕਰਨ ਦੀ ਖਬਰ ਤੋਂ ਬਾਅਦ ਦੋ ਸਿੱਖ ਰੈਲੀ ਪ੍ਰਬੰਧਕਾਂ ਨੂੰ ਕੀਤਾ ਗਿਆ ਗ੍ਰਿਫਤਾਰ

ਓਟਵਾ, 16 ਜੂਨ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਪਾਰਲੀਆਮੈਂਟ ਹਿੱਲ ਦੇ ਨੇੜੇ ਸਿੱਖ ਈਵੈਂਟ ਦਾ ਆਯੋਜਨ ਕਰਨ ਵਾਲੇ ਦੋ ਪ੍ਰਬੰਧਕਾਂ ਨੂੰ ਬੰਬ ਦੀ ਧਮਕੀ ਦੇ ਚੱਲਦਿਆਂ ਗ੍ਰਿਫਤਾਰ ਕਰ ਲਿਆ ਗਿਆ। ਦੋਵਾਂ ਸਿੱਖ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਘਟਨਾ ਤੋਂ ਉਹ ਕਾਫੀ ਸਦਮੇ ਵਿੱਚ ਹਨ। ਇੱਕ ਪ੍ਰਬੰਧਕ ਨੇ ਆਖਿਆ ਕਿ ਇਹ ਘਟਨਾ ਪਰੇਸ਼ਾਨ ਕਰਨ ਵਾਲੀ ਤੇ ਨਿਰਾਦਰ ਕਰਨ ਵਾਲੀ ਸੀ।

ਭਾਰਤ ਵਿੱਚ 1984 ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਦੇ ਸਬੰਧ ਵਿੱਚ ਰੈਲੀ ਦਾ ਆਯੋਜਨ ਕਰਨ ਵਾਲੇ ਇਨ੍ਹਾਂ ਸਿੱਖ ਪ੍ਰਬੰਧਕਾਂ ਵਿੱਚੋਂ ਇੱਕ ਮਨਵੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਦੇ ਗਰੁੱਪ ਨੂੰ ਹਿੱਲ ਉੱਤੇ ਇੱਕਠੇ ਹੋਣ ਦਾ ਪਰਮਿਟ ਮਿਲਿਆ ਸੀ। ਪਰ ਜਦੋਂ ਮੈਂਬਰ ਉੱਥੇ ਪਹੁੰਚੇ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਉੱਥੇ ਰੈਲੀ ਨਹੀਂ ਕਰ ਸਕਦੇ ਕਿਉਂਕਿ ਉਸ ਇਲਾਕੇ ਵਿੱਚ ਬੰਬ ਦੀ ਧਮਕੀ ਮਿਲੀ ਹੈ।ਦੂਜੇ ਪ੍ਰਬੰਧਕ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਆਫ ਕੈਨੇਡਾ ਦੇ ਸਾਹਮਣੇ ਵਾਲੇ ਲਾਅਨ ਵਿੱਚ ਆਪਣਾ ਈਵੈਂਟ ਕਰਵਾਉਣ ਲਈ ਭੇਜ ਦਿੱਤਾ ਗਿਆ।

ਰੈਲੀ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਮਨਵੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਪੁਲਿਸ ਨੇ ਇਹ ਕਹਿੰਦਿਆਂ ਹੋਇਆਂ ਗ੍ਰਿਫਤਾਰ ਕਰ ਲਿਆ ਕਿ ਉਨ੍ਹਾਂ ਨੂੰ ਹਿੱਲ ਉੱਤੇ ਬੰਬ ਨਾਲ ਹਮਲਾ ਕਰਨ ਦੀ ਜਿਹੜੀ ਧਮਕੀ ਮਿਲੀ ਹੈ ਉਸ ਲਈ ਉਹ ਜ਼ਿੰਮੇਵਾਰ ਹਨ। ਪੁਲਿਸ ਨੇ ਆਖਿਆ ਕਿ ਭਰੋਸੇਯੋਗ ਸੂਤਰਾਂ ਵੱਲੋਂ ਇਹ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਕਿ ਬੰਬ ਧਮਾਕਾ ਤੁਹਾਡੇ ਵੱਲੋਂ ਕੀਤਾ ਜਾ ਸਕਦਾ ਹੈ। ਮਨਵੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਉੱਤੇ ਬੇਹੱਦ ਦੁੱਖ ਹੋਇਆ ਕਿ ਪੁਲਿਸ ਨੇ ਉਨ੍ਹਾਂ ਦੀ ਤਲਾਸ਼ੀ ਲਈ, ਉਨ੍ਹਾਂ ਨੂੰ ਹੱਥਕੜੀ ਲਾਈ ਤੇ ਸਵਾਲ ਜਵਾਬ ਲਈ ਪੁਲਿਸ ਸਟੇਸ਼ਨ ਵੀ ਲੈ ਕੇ ਗਈ।ਉਨ੍ਹਾਂ ਦੀ ਪੱਗ ਦੀ ਵੀ ਤਲਾਸ਼ੀ ਲਈ ਗਈ।
ਪਰਮਿੰਦਰ ਸਿੰਘ ਨੇ ਵੀ ਆਖਿਆ ਕਿ ਇਸ ਤੋਂ ਥੋੜ੍ਹੀ ਦੇਰ ਬਾਅਦ ਓਟਵਾ ਪੁਲਿਸ ਵੱਲੋਂ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਆਖਿਆ ਕਿ ਜਦੋਂ ਉਨ੍ਹਾਂ ਕੋਈ ਗਲਤ ਕੰਮ ਹੀ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਬਿਨਾ ਮਤਲਬ ਗ੍ਰਿਫਤਾਰ ਕਿਉਂ ਕੀਤਾ ਗਿਆ। ਉਹ ਇੱਕ ਸੱਚੇ ਕੈਨੇਡੀਅਨ ਸਿੱਖ ਹਨ ਤੇ ਇਸ ਦੇਸ਼ ਨੂੰ ਉਹ ਪਿਆਰ ਕਰਦੇ ਹਨ। ਇਸ ਦੀ ਹਿਫਾਜ਼ਤ ਲਈ ਉਹ ਕੁੱਝ ਵੀ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਲਈ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਉਨ੍ਹਾਂ ਪੱਗ ਬੰਨ੍ਹੀ ਹੋਈ ਸੀ? ਉਨ੍ਹਾਂ ਦੀ ਚਮੜੀ ਗੋਰੀ ਨਹੀਂ? ਇਹ ਸੱਭ ਕੀ ਹੋ ਰਿਹਾ ਹੈ?

ਇਸ ਸਬੰਧ ਵਿੱਚ ਪੁੱਛੇ ਸਵਾਲਾਂ ਦੇ ਓਟਵਾ ਪੁਲਿਸ ਵੱਲੋਂ ਜਵਾਬ ਨਹੀਂ ਦਿੱਤੇ ਜਾ ਰਹੇ। ਬੱਸ ਇਹੋ ਆਖਿਆ ਜਾ ਰਿਹਾ ਹੈ ਕਿ ਇਸ ਸਬੰਧ ਵਿੱਚ ਜਾਂਚ ਮੁਕੰਮਲ ਹੋ ਚੁੱਕੀ ਹੈ ਤੇ ਕਿਸੇ ਉੱਤੇ ਕੋਈ ਚਾਰਜਿਜ਼ ਨਹੀਂ ਲਾਏ ਗਏ।

ਟਰੂਡੋ ਮੁੜ ਪਾਏ ਗਏ ਕੋਵਿਡ-19 ਪਾਜ਼ੀਟਿਵ

ਓਟਵਾ, 16 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਦੂਜੀ ਵਾਰੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

ਸੋਮਵਾਰ ਸਵੇਰੇ ਪੋਸਟ ਕੀਤੀ ਗਈ ਟਵੀਟ ਵਿੱਚ ਟਰੂਡੋ ਨੇ ਆਖਿਆ ਕਿ ਉਹ ਪਬਲਿਕ ਹੈਲਥ ਗਾਈਡਲਾਈਨਜ਼ ਦਾ ਪਾਲਣ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਖੁਦ ਨੂੰ ਆਈਸੋਲੇਟ ਕਰ ਲਿਆ ਗਿਆ ਹੈ। ਪਿਛਲੇ ਹਫਤੇ ਟਰੂਡੋ ਸਮਿਟ ਆਫ ਦ ਅਮੈਰੀਕਾਜ਼ ਵਿੱਚ ਹਿੱਸਾ ਲੈਣ ਲਈ ਲਾਸ ਏਂਜਲਸ ਗਏ ਸਨ, ਜਿੱਥੇ ਉਨ੍ਹਾਂ ਵੱਲੋਂ ਕਈ ਉੱਘੇ ਅਧਿਕਾਰੀਆਂ ਸਮੇਤ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਵੀ ਮੁਲਾਕਾਤ ਕੀਤੀ ਗਈ।

ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਠੀਕ ਮਹਿਸੂਸ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਆਪਣੀ ਵੈਕਸੀਨੇਸ਼ਨ ਮੁਕੰਮਲ ਕਰਵਾਈ ਹੋਈ ਹੈ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਆਪਣੀ ਵੈਕਸੀਨੇਸ਼ਨ ਮੁਕੰਮਲ ਕਰਵਾਉਣ ਤੇ ਜਲਦ ਤੋਂ ਜਲਦ ਬੂਸਟਰ ਡੋਜ਼ ਵੀ ਲੈਣ। ਸੋਮਵਾਰ ਰਾਤ ਨੂੰ ਟਰੂਡੋ ਨੇ ਲਿਬਰਲ ਡੋਨਰ ਐਪਰੀਸਿਏਸ਼ਨ ਈਵੈਂਟ ਉੱਤੇ ਬੋਲਣਾ ਸੀ ਪਰ ਹੁਣ ਉਨ੍ਹਾਂ ਦੀ ਥਾਂ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਬੋਲਣਗੇ।
ਇਸ ਤੋਂ ਪਹਿਲਾਂ ਟਰੂਡੋ ਜਨਵਰੀ ਵਿੱਚ ਕੋਵਿਡ ਪਾਜ਼ੀਟਿਵ ਆਏ ਸਨ।

ਮਿਸੀਸਾਗਾ ਵਿੱਚ ਹੋਈ ਕਾਰਜੈਕਿੰਗ ਤੋਂ ਬਾਅਦ 15 ਸਾਲਾ ਮਸ਼ਕੂਕ ਗ੍ਰਿਫਤਾਰ

ਮਿਸੀਸਾਗਾ, 16 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਤੜਕੇ ਹੋਈ ਹਿੰਸਕ ਕਾਰਜੈਕਿੰਗ ਦੇ ਸਬੰਧ ਵਿੱਚ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਸੋਮਵਾਰ ਨੂੰ ਪੀਲ ਰੀਜਨਲ ਪੁਲਿਸ ਨੂੰ ਮੇਡੋਵਾਲ ਨੇੜੇ ਡੈਰੀ ਰੋਡ ਤੇ ਹੁਰੋਨਤਾਰੀਓ ਸਟਰੀਟ ਉੱਤੇ ਤੜਕੇ 3:00 ਵਜੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਗੱਡੀ ਵਿੱਚ ਸਿਰਫ ਡਰਾਈਵਰ ਹੀ ਬੈਠਾ ਸੀ ਜਦੋਂ ਕਈ ਮਸ਼ਕੂਕਾਂ ਨੇ ਆ ਕੇ ਗੱਡੀ ਦੇ ਦਰਵਾਜ਼ੇ ਖਿੜਕੀਆਂ ਉੱਤੇ ਜ਼ੋਰ ਜ਼ੋਰ ਨਾਲ ਹੱਥ ਮਾਰ ਕੇ ਡਰਾਈਵਰ ਨੂੰ ਬਾਹਰ ਆਉਣ ਲਈ ਆਖਣਾ ਸ਼ੁਰੂ ਕਰ ਦਿੱਤਾ।

ਬਾਹਰ ਆਉਣ ਉੱਤੇ ਡਰਾਈਵਰ ਦੇ ਸਿਰ ਉੱਤੇ ਮੁੱਕਾ ਮਾਰਿਆ ਗਿਆ ਜਿਸ ਕਾਰਨ ਉਸ ਨੂੰ ਮਾਮੂਲੀ ਸੱਟ ਵੀ ਲੱਗੀ। ਫਿਰ ਮਸ਼ਕੂਕ ਗੱਡੀ ਵਿੱਚ ਦਾਖਲ ਹੋ ਕੇ ਗੱਡੀ ਭਜਾ ਕੇ ਲੈ ਗਏ।ਟੋਰਾਂਟੋ ਪੁਲਿਸ ਦੀ ਮਦਦ ਨਾਲ ਰਿਸਪਾਂਡਿੰਗ ਆਫੀਸਰਜ਼ ਇੱਕ ਮਸ਼ਕੂਕ ਨੂੰ ਲੱਭਣ ਵਿੱਚ ਕਾਮਯਾਬ ਹੋ ਗਏ, ਉਸ ਨੂੰ ਟੋਰਾਂਟੋ ਵਿੱਚ ਹੀ ਫੜ ਲਿਆ ਗਿਆ। ਚੋਰੀ ਕੀਤੀ ਗਈ ਗੱਡੀ ਵੀ ਮਿਲ ਗਈ ਹੈ ਪਰ ਪੁਲਿਸ ਨੇ ਦੱਸਿਆ ਕਿ ਅਜੇ ਵੀ ਕਈ ਮਸ਼ਕੂਕ ਫਰਾਰ ਹਨ।

ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਨੂੰ ਡਾਕਾ ਮਾਰਨ ਤੇ ਜੁਰਮ ਨਾਲ ਹਾਸਲ ਕੀਤੀ ਪ੍ਰੌਪਰਟੀ ਰੱਖਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਬਾਅਦ ਵਿੱਚ ਟੀਨੇਜਰ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਉਸ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

ਮੋਟਰਸਾਈਕਲ ਤੇ ਕਾਰ ਦੀ ਟੱਕਰ ਵਿੱਚ ਇੱਕ ਹਲਾਕ

ਟੋਰਾਂਟੋ, 16 ਜੂਨ (ਪੋਸਟ ਬਿਊਰੋ): ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਇੱਕ ਮੋਟਰਸਾਈਕਲ ਤੇ ਗੱਡੀ ਵਿਚਾਲੇ ਹੋਈ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਹਾਦਸਾ ਸ਼ੈਪਰਡ ਐਵਨਿਊ ਵੈਸਟ ਤੇ ਸੈਂਟੇਨੀਅਲ ਰੋਡ ਨੇੜੇ ਸ਼ਾਮੀਂ 6:15 ਵਜੇ ਦੇ ਨੇੜੇ ਤੇੜੇ ਵਾਪਰਿਆ। ਟੋਰਾਂਟੋਪੈਰਾਮੈਡਿਕਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੋਟਰਸਾਈਕਲਿਸਟ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਹਾਦਸੇ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਨਹਿਰ ਵਿੱਚੋਂ ਲਾਪਤਾ 11 ਸਾਲਾ ਆਟਿਸਟਿਕ ਲੜਕੇ ਦੀ ਮਿਲੀ ਲਾਸ਼

ਓਨਟਾਰੀਓ, 16 ਜੂਨ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਆਪਣੇ ਘਰ ਤੋਂ ਭਟਕੇ 11 ਸਾਲਾ ਆਟਿਸਟਿਕ ਲੜਕੇ ਦੀ ਲਾਸ਼ ਨਹਿਰ ਵਿੱਚੋਂ ਮਿਲੀ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਲੜਕੇ ਦੀ ਲਾਸ਼ ਸੋਮਵਾਰ ਨੂੰ ਦੁਪਹਿਰੇ 3:30 ਉੱਤੇ ਲਿੰਡਸੇ ਨੇੜੇ ਸਕੂਗੌਗ ਰਿਵਰ ਵਿੱਚ ਤੈਰਦੀ ਮਿਲੀ। ਕਵਾਰਥਾ ਲੇਕਸ ਪੁਲਿਸ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕੀਤੇ ਮੈਸੇਜ ਵਿੱਚ ਆਖਿਆ ਕਿ ਇਸ ਦੌਰਾਨ ਕਿਸੇ ਤਰ੍ਹਾਂ ਦੀ ਗੜਬੜੀ ਹੋਣ ਦਾ ਖਦਸ਼ਾ ਨਹੀਂ ਹੈ ਪਰ ਫਿਰ ਵੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।
ਡਰੈਵਨ ਗ੍ਰਾਹਮ ਨੂੰ ਆਟਿਜ਼ਮ ਸੀ ਤੇ ਉਸ ਨੂੰ ਆਖਰੀ ਵਾਰੀ ਲਿੰਡਸੇ ਵਿੱਚ ਕੁਈਨ ਸਟਰੀਟ ਸਥਿਤ ਆਪਣੇ ਘਰ ਵਿੱਚ 24 ਘੰਟੇ ਪਹਿਲਾਂ ਵੇਖਿਆ ਗਿਆ ਸੀ। ਉਸ ਦੇ ਪਿਤਾ ਜਸਟਿਨ ਗ੍ਰਾਹਮ ਨੇ ਦੱਸਿਆ ਕਿ ਐਤਵਾਰ ਸਵੇਰੇ ਜਦੋਂ ਉਹ ਸ਼ੇਵ ਕਰ ਰਹੇ ਸਨ ਤਾਂ ਉਨ੍ਹਾਂ ਦਾ ਬੇਟਾ ਅਚਾਨਕ ਘਰ ਤੋਂ ਬਾਹਰ ਚਲਾ ਗਿਆ।ਉਸ ਨੇ ਆਪਣੀ ਬੇਟੀ ਤੋਂ ਪੁੱਛਿਆ ਕਿ ਕਿਤੇ ਡਰੈਵਨ ਉਸ ਦੇ ਕਮਰੇ ਵਿੱਚ ਤਾਂ ਨਹੀਂ ਤਾਂ ਉਸ ਨੇ ਆਖਿਆ ਕਿ ਨਹੀਂ।ਫਿਰ ਉਸ ਨੇ ਸਾਹਮਣੇ ਵਾਲੇ ਦਰਵਾਜ਼ੇ ਉੱਤੇ ਜਾ ਕੇ ਦੇਖਿਆ ਤਾਂ ਦਰਵਾਜ਼ਾ ਖੁੱਲ੍ਹਾ ਪਿਆ ਸੀ।

ਓਪੀਪੀ ਸਮੇਤ ਕਈ ਹੋਰਨਾਂ ਖੇਤਰਾਂ ਦੀ ਪੁਲਿਸ ਵੱਲੋਂ ਵਾਲੰਟੀਅਰਜ਼ ਦੇ ਨਾਲ ਰਲ ਕੇ ਰਾਤ ਭਰ ਡਰੈਵਨ ਦੀ ਭਾਲ ਕੀਤੀ ਗਈ ਪਰ ਉਹ ਨਹੀਂ ਮਿਲਿਆ। ਉਸ ਨੂੰ ਥੋੜ੍ਹਾ ਬਹੁਤ ਬੋਲਣਾ ਆਉਂਦਾ ਸੀ ਤੇ ਜੇ ਕੋਈ ਉਸ ਨੂੰ ਹੱਥ ਲਾਉਂਦਾ ਸੀ ਤਾਂ ਉਸ ਨੂੰ ਚੰਗਾਂ ਨਹੀਂ ਸੀ ਲੱਗਦਾ।ਡਰੈਵਨ ਦੇ ਕੁੱਝ ਕੱਪੜੇ ਸੋਮਵਾਰ ਨੂੰ ਮਿਲੇ ਸਨ।ਜਸਟਿਨ ਗ੍ਰਾਹਮ ਨੇ ਦੱਸਿਆ ਕਿ ਮੀਂਹ ਪੈਂਦਾ ਹੋਣ ਕਾਰਨ ਜਦੋਂ ਡਰੈਵਨ ਦੇ ਕੱਪੜੇ ਗਿੱਲੇ ਹੋਏ ਹੋਣਗੇ ਤਾਂ ਉਸ ਨੇ ਉਹ ਉਤਾਰ ਦਿੱਤੇ ਹੋਣਗੇ ਕਿਉਂਕਿ ਉਸ ਨੂੰ ਗਿੱਲੇ ਕੱਪੜੇ ਚੰਗੇ ਨਹੀਂ ਸਨ ਲੱਗਦੇ।

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

SherGill Law Firm
Barrister, Solicitor & Notary Public

Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

ਘਰੇਲੂ ਟਰੈਵਲ ਤੇ ਵਿਦੇਸ਼ ਜਾਣ ਵਾਲੇ ਟਰੈਵਲਰਜ਼ ਲਈ ਲਾਜ਼ਮੀ ਵੈਕਸੀਨੇਸ਼ਨ ਦੇ ਨਿਯਮ ਨੂੰ ਸਸਪੈਂਡ ਕਰੇਗੀ ਫੈਡਰਲ ਸਰਕਾਰ

ਓਟਵਾ, 16 ਜੂਨ (ਪੋਸਟ ਬਿਊਰੋ) : ਹੁਣ ਜਿਨ੍ਹਾਂ ਕੈਨੇਡੀਅਨਜ਼ ਵੱਲੋਂ ਵੈਕਸੀਨੇਸ਼ਨ ਨਹੀਂ ਕਰਵਾਈ ਗਈ ਉਨ੍ਹਾਂ ਕੋਲ ਟਰੈਵਲ ਸਬੰਧੀ ਹੋਰ ਬਦਲ ਵੀ ਜਲਦ ਹੀ ਮੌਜੂਦ ਹੋਣਗੇ। ਏਅਰਪੋਰਟ ਉੱਤੇ ਭੀੜ ਨੂੰ ਖ਼ਤਮ ਕਰਨ ਲਈ ਫੈਡਰਲ ਸਰਕਾਰ ਵੱਲੋਂ ਹੋਰ ਕਦਮ ਚੁੱਕਣ ਦਾ ਫੈਸਲਾ ਕੀਤਾ ਗਿਆ ਹੈ।

ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਜਹਾਜ਼ਾਂ ਤੇ ਰੇਲਗੱਡੀਆਂ ਰਾਹੀਂ ਘਰੇਲੂ ਟਰੈਵਲ ਤੋਂ ਇਲਾਵਾ ਵਿਦੇਸ਼ ਜਾਣ ਵਾਲੇ ਟਰੈਵਲਰਜ਼ ਵਾਸਤੇ ਕੈਨੇਡਾ ਕੋਵਿਡ-19 ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਮੁਲਤਵੀ ਕਰੇਗਾ।ਪਰ ਇਨ੍ਹਾਂ ਟਰੈਵਲਰਜ਼ ਲਈ ਮਾਸਕ ਵਾਲੇ ਨਿਯਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।ਅਲਘਬਰਾ ਨੇ ਆਖਿਆ ਕਿ ਸੰਕ੍ਰਮਣ ਨੂੰ ਰੋਕਣ ਦਾ ਮਾਸਕ ਵਧੀਆ ਜ਼ਰੀਆ ਹਨ। ਉਨ੍ਹਾਂ ਆਖਿਆ ਕਿ ਖਾਸਤੌਰ ਉੱਤੇ ਜਹਾਜ਼ਾਂ, ਟਰੇਨਜ਼ ਤੇ ਕਰੂਜ਼ ਸ਼ਿੱਪਸ ਉੱਤੇ, ਜਿੱਥੇ ਥਾਂ ਕਾਫੀ ਘੱਟ ਹੁੰਦੀ ਹੈ, ਮਾਸਕ ਕਾਫੀ ਕਾਰਗਰ ਸਿੱਧ ਹੁੰਦੇ ਹਨ।

ਏਅਰਪੋਰਟਸ ਉੱਤੇ ਸਟਾਫ ਦੀ ਘਾਟ ਕਾਰਨ ਲੱਗਣ ਵਾਲੀਆਂ ਲੰਮੀਆਂ ਲਾਈਨਾਂ ਤੇ ਪਿਛਲੇ ਕੁੱਝ ਮਹੀਨਿਆਂ ਤੋਂ ਏਅਰਪੋਰਟਸ ਉੱਤੇ ਹੋ ਰਹੀ ਦੇਰੀ ਕਾਰਨ ਟਰੈਵਲਰਜ਼ ਨੂੰ ਹੋ ਰਹੀ ਪਰੇਸ਼ਾਨੀ ਨੂੰ ਧਿਆਨ ਵਿੱਚ ਰੱਖਕੇ ਇਹ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।ਪਰ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨੀਕ ਲੀਬਲਾਂਕ ਨੇ ਆਖਿਆ ਕਿ ਇਹ ਫੈਸਲਾ ਏਅਰਪੋਰਟਸ ਉੱਤੇ ਬਣ ਰਹੇ ਹਾਲਾਤ ਕਾਰਨ ਨਹੀਂ ਸਗੋਂ ਸਾਇੰਸ ਦੇ ਆਧਾਰ ਉੱਤੇ ਲਿਆ ਜਾ ਰਿਹਾ ਹੈ।

ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਹ ਤਬਦੀਲੀਆਂ ਇਸ ਲਈ ਵੀ ਕੀਤੀਆਂ ਜਾ ਰਹੀਆਂ ਹਨ ਕਿਉਂਕਿ 2020 ਵਿੱਚ ਮਹਾਂਮਾਰੀ ਦੇ ਚੱਲਦਿਆਂ ਜਾਰੀ ਕੀਤੇ ਨਿਯਮਾਂ ਤੋਂ ਬਾਅਦ ਹੁਣ ਹਾਲਾਤ ਸੁਧਰ ਰਹੇ ਹਨ।

ਵੈਕਸੀਨੇਸ਼ਨ ਸਬੰਧੀ ਨਿਯਮਾਂ ਨੂੰ ਸਸਪੈਂਡ ਕਰਨ ਦਾ ਇਹ ਫੈਸਲਾ 20 ਜੂਨ ਨੂੰ ਪ੍ਰਭਾਵੀ ਹੋਵੇਗਾ। ਪਰ ਲਾਜ਼ਮੀ ਵੈਕਸੀਨੇਸ਼ਨ ਦਾ ਇਹ ਨਿਯਮ ਕਰੂਜ਼ ਸ਼ਿੱਪਸ ਤੇ ਕੈਨੇਡਾ ਦਾਖਲ ਹੋਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਜਾਰੀ ਰਹੇਗਾ। ਫੈਡਰਲ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਕੈਨੇਡਾ ਪਰਤਣ ਵਾਲੇ ਅਨਵੈਕਸੀਨੇਟਿਡ ਕੈਨੇਡੀਅਨਜ਼ ਲਈ ਕੁਆਰਨਟੀਨ ਤੇ ਟੈਸਟਿੰਗ ਦੀਆਂ ਸ਼ਰਤਾਂ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ। ਲੀਬਲਾਂਕ ਨੇ ਆਖਿਆ ਕਿ ਜੇ ਵਾਇਰਸ ਕਾਰਨ ਹਾਲਾਤ ਬਦਲਦੇ ਹਨ ਤਾਂ ਸਰਕਾਰ ਇਨ੍ਹਾਂ ਸ਼ਰਤਾਂ ਨੂੰ ਮੁੜ ਲਾਗੂ ਕਰ ਸਕਦੀ ਹੈ।

ਸਰਕਾਰ ਫੈਡਰਲ ਪੱਧਰ ਉੱਤੇ ਨਿਯੰਤਰਿਤ ਵਰਕਰਜ਼ ਲਈ ਵੀ ਵੈਕਸੀਨ ਸਬੰਧੀ ਨਿਯਮਾਂ ਨੂੰ ਖ਼ਤਮ ਕਰਨ ਜਾ ਰਹੀ ਹੈ। ਇਨ੍ਹਾਂ ਵਿੱਚ ਉਹ ਮੁਲਾਜ਼ਮ ਸ਼ਾਮਲ ਹੋਣਗੇ ਜਿਹੜੇ ਪਬਲਿਕ ਸਰਵਿਸ ਵਿੱਚ ਹਨ, ਆਰਸੀਐਮਪੀ, ਟਰਾਂਸਪੋਰਟ ਵਰਕਰਜ਼-ਜਿਨ੍ਹਾਂ ਵਿੱਚ ਟਰੱਕਰਜ਼ ਵੀ ਸ਼ਾਮਲ ਹਨ।ਕ੍ਰਾਊਨ ਕਾਰਪੋਰੇਸ਼ਨਾਂ ਤੇ ਹੋਰਨਾਂ ਏਜੰਸੀਆਂ ਨੂੰ ਵੀ ਇਨ੍ਹਾਂ ਨਿਯਮਾਂ ਨੂੰ ਹਟਾਉਣ ਦੀ ਹਦਾਇਤ ਕੀਤੀ ਗਈ ਹੈ।

ਘਰੇਲੂ ਟਰੈਵਲ ਲਈ ਸਸਪੈਂਡ ਕੀਤੀ ਜਾਵੇਗੀ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ

ਓਟਵਾ, 16 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਸਵੇਰੇ ਇਹ ਐਲਾਨ ਕੀਤਾ ਜਾਵੇਗਾ ਕਿ ਜਹਾਜ਼ਾਂ ਤੇ ਰੇਲਗੱਡੀਆਂ ਉੱਤੇ ਘਰੇਲੂ ਟਰੈਵਲ ਦੇ ਨਾਲ ਨਾਲ ਕੈਨੇਡਾ ਤੋਂ ਕੌਮਾਂਤਰੀ ਟਰੈਵਲ ਲਈ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਬੁੱਧਵਾਰ ਤੋਂ ਸਸਪੈਂਡ ਕੀਤੀ ਜਾਵੇਗੀ। ਇਹ ਜਾਣਕਾਰੀ ਸੀਨੀਅਰ ਸਰਕਾਰੀ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਕੈਨੇਡਾ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਵੈਕਸੀਨੇਸ਼ਨ ਦੀ ਸ਼ਰਤ ਪਹਿਲਾਂ ਵਾਂਗ ਹੀ ਲਾਗੂ ਰਹੇਗੀ। ਸੱਭ ਤੋਂ ਪਹਿਲਾਂ ਇਹ ਲਾਜ਼ਮੀ ਵੈਕਸੀਨੇਸ਼ਨ ਵਾਲਾ ਨਿਯਮ 30 ਅਕਤੂਬਰ, 2021 ਨੂੰ ਪ੍ਰਭਾਵੀ ਹੋਇਆ। ਇਸ ਦੌਰਾਨ ਜਹਾਜ਼ਾਂ ਤੇ ਰੇਲਗੱਡੀਆਂ ਵਿੱਚ ਸਫਰ ਕਰਨ ਲਈ ਉਨ੍ਹਾਂ ਪੈਸੈਂਜਰਜ਼ ਨੂੰ ਹੀ ਇਜਾਜ਼ਤ ਦਿੱਤੀ ਗਈ ਜਿਨ੍ਹਾਂ ਦੀ ਵੈਕਸੀਨੇਸ਼ਨ ਮੁਕੰਮਲ ਸੀ। ਪਿਛਲੇ ਕੁੱਝ ਮਹੀਨਿਆਂ ਵਿੱਚ ਹਾਊਸ ਆਫ ਕਾਮਨਜ਼ ਵਿੱਚ ਕੰਜ਼ਰਵੇਟਿਵ ਪਾਰਟੀ ਵੱਲੋਂ ਇਨ੍ਹਾਂ ਨਿਯਮਾਂ ਦੀ ਕਾਫੀ ਨੁਕਤਾਚੀਨੀ ਕੀਤੀ ਗਈ।

ਸ਼ਹੀਦੀ ਜੋੜ ਮੇਲਾ ਅੱਜ ਤੋਂ 19 ਜੂਨ ਤੱਕ

ਸ਼ਹੀਦ ਬਾਬਾ ਨਿਹਾਲ ਸਿੰਘ ਜੀ ਅਤੇ ਬਾਬਾ ਹਰਨਾਮ ਸਿੰਘ ਜੀ ਪਿੰਡ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ 17 ਤੋਂ 19 ਜੂਨ ਨੂੰ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, ਬਰੈਂਪਟਨ, 99 ਗਲੀਡਨ ਰੋਡ, ਬਰੈਂਪਟਨ 6ਠ 2ਝ2 ਵਿਖੇ ਕਰਵਾਇਆ ਜਾ ਰਿਹਾ ਹੈ। ਪਿੰਡ ਤੱਲ੍ਹਣ ਤੇ ਇਲਾਕਾ ਨਿਵਾਸੀ ਸੰਗਤ ਨੇ ਸ਼ਹੀਦ ਬਾਬਾ ਨਿਹਾਲ ਸਿੰਘ ਅਤੇ ਬਾਬਾ ਹਰਨਾਮ ਸਿੰਗ ਜੀ ਦੀ ਯਾਦਗਾਰ ਨੂੰ ਕਾਇਮ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧਾਰਮਿਕ ਦੀਵਾਨ ਸਜਾਉਣ ਦਾ ਪ੍ਰਬੰਧ ਕੀਤਾ ਹੈ। ਹੁਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ। ਗੁਰੂ ਦਾ ਲੰਗਰ ਅਤੁਟ ਵਰਤਾਇਆ ਜਾਵੇਗਾ। ਵਧੇਰੇ ਜਾਣਕਾਰੀ ਲਈ 905-457-5757 ਅਤੇ 905-457-0300 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਪਾਸਪੋਰਟ ਹਾਸਲ ਕਰਨ ਲਈ ਲੰਮੀਂ ਉਡੀਕ ਨੂੰ ਘਟਾਉਣ ਵੱਲ ਵਧੇਰੇ ਧਿਆਨ ਦੇ ਰਹੀ ਹੈ ਸਰਕਾਰ

ਓਟਵਾ, 16 ਜੂਨ (ਪੋਸਟ ਬਿਊਰੋ) : ਪਾਸਪੋਰਟ ਆਫਿਸਿਜ਼ ਨੂੰ ਅਜੇ ਵੀ ਅਰਜ਼ੀਆਂ ਦੀ ਵੱਡੀ ਗਿਣਤੀ ਨਾਲ ਸਿੱਝਣਾ ਪੈ ਰਿਹਾ ਹੈ। ਸਬੰਧਤ ਮੰਤਰੀ ਦਾ ਕਹਿਣਾ ਹੈ ਕਿ ਐਨੇ ਲੰਮੇਂ ਉਡੀਕ ਸਮੇਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਕਰੀਨਾ ਗੋਲਡ ਦਾ ਕਹਿਣਾ ਹੈ ਕਿ ਇਨ੍ਹਾਂ ਉਡੀਕ ਸਮਿਆਂ ਨੂੰ ਖ਼ਤਮ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਪਰ ਉਹ ਅਜੇ ਇਹ ਨਹੀਂ ਆਖ ਸਕਦੇ ਕਿ ਹਾਲਾਤ ਕਦੋਂ ਆਮ ਵਰਗੇ ਹੋਣਗੇ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ 72 ਫੀ ਸਦੀ ਕੈਨੇਡੀਅਨ ਭਾਵੇਂ ਕਿਸੇ ਵੀ ਰੂਪ ਵਿੱਚ ਪਾਸਪੋਰਟ ਅਪਲਾਈ ਕਰਦੇ ਹਨ ਉਨ੍ਹਾਂ ਨੂੰ 40 ਕੰਮ ਵਾਲੇ ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਦਾ ਪਾਸ-ਪੋਰਟ ਮਿਲ ਜਾਵੇਗਾ ਜਦਕਿ 96 ਫੀ ਸਦੀ ਲੋਕਾਂ, ਜਿਨ੍ਹਾਂ ਨੇ ਨਿਜੀ ਤੌਰ ਉੱਤੇ ਆਪਣੀ ਅਰਜ਼ੀ ਜਮ੍ਹਾਂ ਕਰਵਾਈ ਹੋਵੇਗੀ, ਨੂੰ 10 ਕੰਮ ਵਾਲੇ ਦਿਨਾਂ ਵਿੱਚ ਪਾਸਪੋਰਟ ਮਿਲ ਜਾਵੇਗਾ।

ਸਰਕਾਰ ਆਪਣੀ ਵੈੱਬਸਾਈਟ ਪਾਸਪੋਰਟ ਆਫਿਸ ਵਿੱਚ ਕੀਤੀ ਗਈ ਵਿਜ਼ਿਟ ਦੇ ਅੰਦਾਜ਼ਨ ਉਡੀਕ ਦੇ ਸਮੇਂ ਨੂੰ ਵੀ ਅਪਡੇਟ ਕਰੇਗੀ ਤਾਂ ਕਿ ਲੋਕ ਉਸ ਹਿਸਾਬ ਨਾਲ ਪਲੈਨ ਕਰ ਸਕਣ। ਗੋਲਡ ਨੇ ਆਖਿਆ ਕਿ ਉਨ੍ਹਾਂ ਦਾ ਵਿਭਾਗ ਹੋਰ ਤਬਦੀਲੀਆਂ ਕਰਨ ਬਾਰੇ ਵੀ ਵਿਚਾਰ ਕਰ ਰਿਹਾ ਹੈ। ਇਸ ਵਿੱਚ ਅਰਜ਼ੀਆਂ ਨੂੰ ਆਨਲਾਈਨ ਕਰਨ ਦੀ ਪ੍ਰਕਿਰਿਆ ਵੀ ਸ਼ਾਮਲ ਹੋਵੇਗੀ।ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਡਿਪਾਰਟਮੈਂਟ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਨਾਲ ਰਲ ਕੇ ਵੀ ਕੰਮ ਕਰ ਰਿਹਾ ਹੈ ਤਾਂ ਕਿ ਵਿਚਲਾ ਰਾਹ ਕੱਢਿਆ ਜਾ ਸਕੇ ਜਿਸ ਨਾਲ ਲੋਕਾਂ ਨੂੰ ਸਿਟੀਜ਼ਨਸ਼ਿਪ ਦੇਣ ਸਮੇਂ ਹੀ ਪਾਸਪੋਰਟ ਵੀ ਦੇ ਦਿੱਤੇ ਜਾਇਆ ਕਰਨ ਤਾਂ ਕਿ ਉਨ੍ਹਾਂ ਨੂੰ ਇਸ ਲਈ ਵੱਖਰੀ ਅਰਜ਼ੀ ਨਾ ਦੇਣੀ ਪਵੇ।

ਸ਼ੂਟਿੰਗ ਵਿੱਚ ਦੋ ਜ਼ਖ਼ਮੀ ਇੱਕ ਹਲਾਕ

ਓਨਟਾਰੀਓ, 16 ਜੂਨ (ਪੋਸਟ ਬਿਊਰੋ) : ਸੇਂਟ ਕੈਥਰੀਨਜ਼, ਓਨਟਾਰੀਓ ਵਿੱਚ ਐਤਵਾਰ ਸਵੇਰੇ ਵਾਪਰੀ ਸ਼ੂਟਿੰਗ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਨਾਇਗਰਾ ਰੀਜਨਲ ਪੁਲਿਸ ਸਰਵਿਸ ਨੇ ਦੱਸਿਆ ਕਿ ਸਵੇਰੇ 3:40 ਉੱਤੇ ਉਨ੍ਹਾਂ ਨੂੰ ਪਲੈਜ਼ੈਂਟ ਐਵਨਿਊ ਤੇ ਲੇਕ ਸਟਰੀਟ ਇਲਾਕੇ ਤੋਂ ਗੋਲੀ ਚੱਲਣ ਦੀ ਖਬਰ ਮਿਲੀ। ਪੁਲਿਸ ਨੇ ਦੱਸਿਆ ਕਿ ਜਦੋਂ ਮੌਕੇ ਉੱਤੇ ਉਨ੍ਹਾਂ ਦੀ ਟੀਮ ਪਹੁੰਚੀ ਤਾਂ ਉਨ੍ਹਾਂ ਨੂੰ ਤਿੰਨ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ ਵਿਅਕਤੀ ਨੂੰ ਮੌਕੇ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੋ ਹੋਰ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ। ਦੋ ਜ਼ਖ਼ਮੀ ਵਿਅਕਤੀਆਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ ਤੇ ਉਸ ਨੂੰ ਇਲਾਜ ਲਈ ਟਾਊਨ ਤੋਂ ਬਾਹਰ ਦੇ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਗਿਆ। ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਕਾਰ ਦਾ ਟਾਇਰ ਬਦਲਦੇ ਵਿਅਕਤੀ ਦੀ ਕਾਰ ਦੀ ਟੱਕਰ ਨਾਲ ਮੌਤ

ਜਲੰਧਰ, 16 ਜੂਨ (ਪੋਸਟ ਬਿਊਰੋ)- ਬੀਤੇ ਦਿਨੀਂ ਪਰਾਗਪੁਰ ਜੀ ਟੀ ਰੋਡ ਉੱਤੇ ਆਪਣੀ ਸਵਿਫਟ ਕਾਰ ਦਾ ਟਾਇਰ ਬਦਲਦੇ ਵਿਅਕਤੀ ਨੂੰ ਪਿੱਛੋਂ ਆਈ ਤੇਜ਼ ਰਫ਼ਤਾਰ ਆਈ ਟਵੰਟੀ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਸਵਿਫਟ ਕਾਰ ਦਾ ਚਾਲਕ ਗੁਰਚਰਨ ਸਿੰਘ ਪੁੱਤਰ ਗੁਰਦੇਵ ਸਿੰਘ (55) ਪਿੰਡ ਬੁਲੰਦਪੁਰ ਥਾਣਾ ਮਕਸੂਦਾਂ ਜ਼ਖ਼ਮੀ ਹੋ ਗਿਆ, ਜਿਸ ਨੂੰ ਰਾਮਾ ਮੰਡੀ ਦੇ ਜੌਹਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ, ਪਰ ਕੱਲ੍ਹ ਉਸ ਦੀ ਮੌਤ ਹੋ ਗਈ। ਪਰਾਗਪੁਰ ਪੁਲਸ ਚੌਕੀ ਦੇ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਉਕਤ ਹਾਦਸੇ ਤੋਂ ਬਾਅਦ 13 ਜੂਨ ਨੂੰ ਆਈ ਟਵੰਟੀ ਕਾਰ ਦੇ ਚਾਲਕ ਸੁਖਪ੍ਰੀਤ ਸਿੰਘ ਪੁੱਤਰ ਪਰਮਪਾਲ ਸਿੰਘ ਵਾਸੀ ਕਪੂਰ ਪਿੰਡ ਥਾਣਾ ਪਤਾਰਾ ਜਲੰਧਰ ਦੇ ਖ਼ਿਲਾਫ਼ ਗੁਰਚਰਨ ਸਿੰਘ ਦੇ ਪੁੱਤਰ ਪਰਮਵੀਰ ਸਿੰਘ (ਜੋ ਹਾਦਸੇ ਦੇ ਸਮੇਂ ਮੌਜੂਦ ਸੀ) ਦੇ ਬਿਆਨਾਂ ਉੱਤੇਕੇਸ ਦਰਜ ਕੀਤਾ ਸੀ। ਕੱਲ੍ਹ ਗੁਰਚਰਨ ਸਿੰਘ ਦੀ ਮੌਤ ਹੋਣ ਜਾਣ ਉੱਤੇ ਦਰਜ ਕੀਤਾ ਕੇਸ ਕਤਲ ਦਾ ਬਣਾ ਦਿੱਤਾ ਹੈ।ਹਾਦਸੇ ਉਪਰੰਤ ਪੁਲਸ ਨੇ ਦੋਵੇਂ ਵਾਹਨ ਕਬਜ਼ੇ ਵਿੱਚ ਲੈ ਲਏ ਸਨ। ਸੁਖਪ੍ਰੀਤ ਸਿੰਘ ਦੀ ਅਜੇ ਗ੍ਰਿਫ਼ਤਾਰੀ ਹੋਣੀ ਬਾਕੀ ਹੈ।

ਮਸ਼ਕੂਕ ਦੇ ਘਰੋਂ ਪੁਲਿਸ ਨੂੰ ਮਿਲੇ ਹਥਿਆਰ ਤੇ ਡਰੱਗਜ਼

ਟੋਰਾਂਟੋ, 16 ਜੂਨ (ਪੋਸਟ ਬਿਊਰੋ) : ਦੋ ਸਾਲ ਪਹਿਲਾਂ ਦੋ ਵਿਅਕਤੀਆਂ ਨੂੰ ਗੋਲੀ ਮਾਰਨ ਦੇ ਮਾਮਲੇ ਵਿੱਚ ਲੋੜੀਂਦੇ ਮਸ਼ਕੂਕ ਨੂੰ ਗ੍ਰਿਫਤਾਰ ਕੀਤੇ ਜਾਣ ਸਮੇਂ ਪੁਲਿਸ ਨੂੰ ਇਸ ਵਿਅਕਤੀ ਕੋਲੋਂ ਹਥਿਆਰਾਂ ਦੇ ਨਾਲ ਨਾਲ ਵੱਡੀ ਮਾਤਰਾ ਵਿੱਚ ਡਰੱਗਜ਼ ਵੀ ਬਰਾਮਦ ਹੋਏ। ਟੋਰਾਂਟੋ ਦੇ ਇਸ ਵਿਅਕਤੀ ਖਿਲਾਫ ਪੁਲਿਸ ਵੱਲੋਂ 30 ਚਾਰਜਿਜ਼ ਦਰਜ ਕੀਤੇ ਗਏ ਹਨ।

ਪੁਲਿਸ ਨੇ ਦੱਸਿਆ ਕਿ 3 ਅਗਸਤ, 2019 ਨੂੰ ਲਾਅਰੈਂਸ ਐਵਨਿਊ ਤੇ ਡਫਰਿਨ ਸਟਰੀਟ ਨੇੜੇ ਵਾਪਰੀ ਸ਼ੂਟਿੰਗ ਦੀ ਜਾਂਚ ਤੋਂ ਬਾਅਦ ਹੀ ਇਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਹ ਦੋਸ਼ ਸੀ ਕਿ ਇੱਕ ਵਿਅਕਤੀ ਵੱਲੋਂ ਬਹਿਸ ਤੋਂ ਬਾਅਦ ਇੱਕ ਗੱਡੀ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਇੱਕ ਵਿਅਕਤੀ ਤਾਂ ਇਸ ਗੋਲੀਕਾਂਡ ਤੋਂ ਬਾਅਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਦੂਜੇ ਨੂੰ ਮਾਮੂਲੀ ਸੱਟ ਫੇਟ ਲੱਗੀ।

ਸ਼ਨਿੱਚਰਵਾਰ ਨੂੰ ਪੁਲਿਸ ਅਧਿਕਾਰੀਆਂ ਨੇ ਲੈਜ਼ਲੀ ਸਟਰੀਟ ਤੇ ਸ਼ੈਪਰਡ ਐਵਨਿਊ ਨੇੜੇ ਨੌਰਥ ਯੌਰਕ ਵਿੱਚ ਇੱਕ ਘਰ ਦਾ ਸਰਚ ਵਾਰੰਟ ਕਢਵਾ ਕੇ ਉਸ ਦੀ ਤਲਾਸ਼ੀ ਲਈ। ਘਰ ਦੀ ਤਲਾਸ਼ੀ ਲੈਣ ਸਮੇਂ ਪੁਲਿਸ ਨੂੰ ਉੱਥੋਂ ਗਲੌਕ 27 ਹੈਂਡਗੰਨ, 200 ਤੋਂ ਵੱਧ ਰੌਂਦ, ਦੋ ਮੈਗਜ਼ੀਨ ਤੇ 500 ਗ੍ਰਾਮ ਨਸ਼ੀਲੇ ਪਦਾਰਥ, ਜਿਸ ਵਿੱਚ ਹੈਰੋਇਨ, ਕ੍ਰਿਸਟਲ ਮੈਥ, ਕੋਕੀਨ, ਫੈਂਟਾਨਿਲ ਤੇ ਕਾਰਫੈਂਟਾਨਿਲ ਸ਼ਾਮਲ ਸਨ, ਵੀ ਬਰਾਮਦ ਹੋਏ।ਟੋਰਾਂਟੋ ਦੇ 25 ਸਾਲਾ ਮੁਹੰਮਦ ਰਿਆਹੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਹੁਣ 33 ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਵਿੱਚ ਕਤਲ ਕਰਨ ਦੀ ਕੋਸ਼ਿਸ਼ ਦੇ ਦੋ ਮਾਮਲੇ ਤੇ ਨਸ਼ਿਆਂ ਤੇ ਹਥਿਆਰਾਂ ਸਬੰਧੀ ਕਈ ਮਾਮਲੇ ਦਰਜ ਹਨ।

ਨੈਸ਼ਨਲ ਸ਼ੂਟਰ ਸਿੱਪੀ ਸਿੱਧੂ ਕਤਲ ਕੇਸ ਵਿੱਚ ਸੱਤ ਸਾਲ ਬਾਅਦ ਹਾਈ ਕੋਰਟ ਦੇ ਜੱਜ ਦੀ ਧੀ ਗ੍ਰਿਫ਼ਤਾਰ

*** ਸਾਲ 2016 ਵਿੱਚ ਸੀ ਬੀ ਆਈ ਨੇ ਕੇਸ ਦਰਜ ਕੀਤਾ ਸੀ**

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਭਾਰਤੀ ਜਾਂਚ ਏਜੰਸੀ ਸੀ ਬੀ ਆਈ ਨੇ ਨੈਸ਼ਨਲ ਪੱਧਰ ਦੇ ਸ਼ੂਟਰ ਅਤੇ ਵਕੀਲ ਸਿੱਪੀ ਸਿੱਧੂ ਦੇ ਕਤਲ ਕੇਸ ਵਿਚ ਹਾਈ ਕੋਰਟ ਦੇ ਜੱਜ ਦੀ ਧੀ ਨੂੰ ਗ੍ਰਿਫ਼ਤਾਰ ਕੀਤਾ ਹੈ।ਸੀ ਬੀ ਆਈ ਬੁਲਾਰੇ ਮੁਤਾਬਕ ਦੋਸ਼ੀ ਨੂੰ ਬੁੱਧਵਾਰ ਚੰਡੀਗੜ੍ਹ ਦੇ ਸਪੈਸ਼ਲ ਜੁਡੀਸ਼ਲ ਮੈਜਿਸਟਰੇਟ ਅੱਗੇ ਪੇਸ਼ ਕੀਤਾ ਤਾਂ ਚਾਰ ਦਿਨਾ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ। ਗ੍ਰਿਫਤਾਰ ਮਹਿਲਾ ਕਲਿਆਣੀ ਸਿੰਘ ਇੱਕ ਕਾਲਜ ਵਿਚ ਪ੍ਰੋਫੈਸਰ ਦੱਸੀ ਗਈ ਹੈ। ਵਰਨਣ ਯੋਗ ਹੈ ਕਿ ਸੀ ਬੀ ਆਈ ਨੇ ਚੰਡੀਗੜ੍ਹ ਪ੍ਰਸ਼ਾਸਨ ਦੀ ਬੇਨਤੀ ਉੱਤੇ 13 ਅਪਰੈਲ 2016 ਨੂੰ ਸਿੱਪੀ ਸਿੱਧੂਦੇ ਕਤਲ ਬਾਰੇਪ-ਹਿਲਾਕੇਸ ਦਰਜ ਕੀਤਾ ਸੀ।

ਦਸੰਬਰ 2021 ਵਿੱਚਸੀ ਬੀ ਆਈ ਨੇ ਚੰਡੀਗੜ੍ਹ ਵਿਚ ਕੌਮੀ ਪੱਧਰ ਦੇ ਨਿਸ਼ਾਨੇਬਾਜ਼ ਤੇ ਐਡਵੋਕੇਟ ਸੁਖਮਨਪ੍ਰੀਤ ਸਿੰਘ ਸਿੱਪੀ ਸਿੱਧੂ ਦੇ ਕਾਤਲਾਂ ਉੱਤੇ 5 ਲੱਖ ਤੋਂ 10 ਲੱਖ ਰੁਪਏ ਇਨਾਮ ਦਾ ਐਲਾਨਕੀਤਾ ਸੀ।ਸੁਖਮਨਪ੍ਰੀਤ ਸਿੰਘ ਸਿੱਪੀ ਸਿੱਧੂ ਦੀ ਲਾਸ਼ 20 ਸਤੰਬਰ 2015 ਦੀ ਰਾਤ ਕਰੀਬ 9 ਵਜੇ ਚੰਡੀਗੜ੍ਹ ਦੇ ਸੈਕਟਰ-27 ਦੇ ਪਾਰਕ ਤੋਂ ਮਿਲੀ ਸੀ।ਉਸ ਨੂੰ ਚਾਰ ਗੋਲੀਆਂ ਲੱਗੀਆਂ ਸਨ। ਚੰਡੀਗੜ੍ਹ ਪੁਲੀਸ ਦੋਸ਼ੀਆਂ ਨੂੰ ਫੜ ਨਹੀਂ ਸੀ ਸਕੀ। ਇਸ ਪਿੱਛੋਂ ਪੁਲੀਸ ਵਿਭਾਗ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈਟੀ) ਬਣਾਈ।ਕੇਸਵਿੱਚ ਹਾਈ ਕੋਰਟ ਦੇ ਜੱਜ ਦੀ ਧੀ ਦੀ ਭੂਮਿਕਾ ਸ਼ੱਕੀ ਸੀ। ਕਾਤਲਾਂ ਦੇ ਸੁਰਾਗ ਨਾ ਮਿਲੇ ਤਾ ਕੇਸ ਸੀ ਬੀ ਆਈ ਨੂੰ ਟਰਾਂਸਫਰ ਕਰ ਦਿੱਤਾ ਗਿਆ ਅਤੇਸੀ ਬੀ ਆਈਦੋਸ਼ੀਆਂ ਨੂੰ ਫੜਨ ਨਹੀਂ ਸੀ ਸਕੀ। ਇਸ ਦੌਰਾਨ ਸੀ ਬੀ ਆਈ ਨੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਕਿਹਾ ਸੀ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ 20 ਸਤੰਬਰ 2015 ਰਾਤ ਇਕ ਔਰਤ ਮੌਕੇ ਉੱਤੇ ਸੀ। ਔਰਤ ਨੂੰ ਜਾਂਚ ਅਧਿਕਾਰੀ ਸਾਹਮਣੇ ਆਉਣ ਤੇ ਆਪਣੀ ਬੇਗੁਨਾਹੀ ਸਾਬਤ ਕਰਨ ਨੂੰਕਿਹਾ ਗਿਆ ਸੀ ਅਤੇ ਇਹ ਵੀ ਕਿ ਜੇ ਔਰਤ ਅੱਗੇ ਨਾ ਆਈ ਤਾਂ ਮੰਨਿਆ ਜਾਵੇਗਾ ਕਿ ਉਹ ਕਤਲ ਵਿੱਚ ਸ਼ਾਮਲ ਹੈ। ਇਸ ਨਾਲ ਸੀ ਬੀ ਆਈ ਨੇ ਇਸ ਕੇਸਵਿੱਚ ਸੁਰਾਗ ਦੇਣ ਵਾਲੇ ਨੂੰ 5 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਸੀ।

ਅੱਜ ਨਾਮਾ

ਡੋਨਾਲਡ ਟਰੰਪ ਆ ਫੇਰ ਕੁਝ ਚੜ੍ਹਨ ਲੱਗਾ,
ਪਾਰਟੀ ਅੰਦਰ ਕੁਝ ਵਧੀ ਪਈ ਧਾੜ ਬੇਲੀ।
ਉਹਦੇ ਉਲਟ ਜਿਹੀ ਘਟੀ ਹਮਾਇਤ ਜਾਂਦੀ,
ਪੈਂਦਾ ਲੱਗਦਾ ਈ ਉਹਨਾਂ ਵਿੱਚ ਪਾੜ ਬੇਲੀ।
ਸਮੱਰਥਕ ਮੁੜ ਕੇ ਟਰੰਪ ਵੱਲ ਜੁੜਨ ਲੱਗੇ,
ਬਣਾ ਗਿਆ ਲੱਗਦਾ ਈ ਫੇਰ ਜੁਗਾੜ ਬੇਲੀ।
ਛਿੜੀ ਚਰਚਾ ਕਿ ਵਧੀ ਗਿਆ ਇੰਜ ਜੇਕਰ,
ਦੇਊ ਇਹ ਕਈਆਂ ਨੂੰ ਜੜ੍ਹੋਂ ਉਖਾੜ ਬੇਲੀ।
ਕੱਟੜਪੰਥੀਆਂ ਦਾ ਹੁੰਦਾ ਪਿਆ ਬੋਲ-ਬਾਲਾ,
ਹਰ ਇੱਕ ਦੇਸ਼ ਵਿੱਚ ਰਹੇ ਆ ਬੜ੍ਹਕ ਬੇਲੀ।
ਜਿਉਂ ਜਿਉਂ ਵਧੀ ਜਾਵੇ ਧਾੜ ਕੱਟੜਤਾ ਦੀ,
ਕਾਲਜਾ ਕਈਆਂ ਦਾ ਰਿਹਾ ਹੈ ਧੜਕ ਬੇਲੀ।

ਤੀਸ ਮਾਰ ਖਾਂ

ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੈਟਰੋਲ ਪੰਪ ਦੀ ਪਰਚੀ ਨੇ ਪੁਲਿਸ ਟੀਮਾਂ ਫਤਿਹਾਬਾਦ ਵਿਚਲੇ ਕਾਤਲਾਂ ਤੱਕ ਪੁਚਾਈਆਂ

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਗਾਇਕਸਿੱਧੂ ਮੂਸੇਵਾਲਾ ਦੇ ਕਤਲ ਲਈ ਵਰਤੀ ਗਈ ਗੱਡੀ ਤੋਂ ਮਿਲੇ ਇੱਕ ਛੋਟੇ ਜਿਹੇ ਸੁਰਾਗ ਅਤੇ ਤਕਨੀਕੀ ਜਾਣਕਾਰੀ ਨਾਲ ਪੰਜਾਬ ਪੁਲਿਸ ਨੂੰ ਇਸ ਕਤਲਅਤੇ ਇਸ ਤੋਂ ਪਹਿਲਾਂ ਵਾਪਰ ਚੁੱਕੀਆਂ ਘਟਨਾਵਾਂ ਦਾ ਪਰਦਾਫਾਸ਼ ਕਰਨ ਵਿੱਚ ਮਦਦ ਮਿਲੀਅਤੇ ਮੁੱਖ ਸਾਜ਼ਿਸ਼ ਕਰਤਾ ਲਾਰੈਂਸ ਬਿਸ਼ਨੋਈ ਸਮੇਤ 10 ਜਣੇ ਗ੍ਰਿਫਤਾਰ ਕਰਨ ਦੇ ਨਾਲ ਵਾਰਦਾਤ ਵਿੱਚ ਸ਼ਾਮਲ ਚਾਰ ਸ਼ੂਟਰਾਂ ਦੀ ਵੀ ਪਛਾਣ ਹੋ ਗਈ ਹੈ।

ਸਿੱਧੂਮੂਸੇਵਾਲਾ 29 ਮਈ ਸ਼ਾਮਕਰੀਬ 5 ਵਜੇ ਆਪਣੇ ਦੋ ਸਾਥੀਆਂ ਗੁਰਵਿੰਦਰ ਸਿੰਘ (ਗੁਆਂਢੀ) ਤੇ ਗੁਰਪ੍ਰੀਤ ਸਿੰਘ (ਚਚੇਰੇ ਭਰਾ) ਨਾਲ ਘਰੋਂ ਨਿਕਲਿਆ ਤੇ ਉਸ ਨੂੰ ਕੁਝ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਮਾਰਦਿੱਤਾ ਸੀ। ਉਹ ਆਪਣੀ ਮਹਿੰਦਰਾ ਥਾਰ ਗੱਡੀ ਚਲਾ ਰਿਹਾ ਸੀ। ਇਸਪਿੱਛੋਂ ਪੰਜਾਬ ਸਰਕਾਰ ਨੇ ਸਿੱਧੂ ਮੂਸੇਵਾਲਾ ਦੇ ਕਾਤਲ ਫੜਨ ਲਈ ਐਡੀਸ਼ਨਲ ਡੀਜੀਪੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀਟੀਐੱਫ) ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ (ਐੱਸ ਆਈਟੀ) ਬਣਾਈ ਸੀ। ਇਸ ਜਾਂਚ ਬਾਰੇ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਦੇ ਐਡੀਸ਼ਨਲ ਡੀਜੀਪੀ ਨੇ ਦੱਸਿਆ ਕਿ ਮਹੱਤਵਪੂਰਨ ਸਫਲਤਾ ਓਦੋਂ ਮਿਲੀ ਸੀ, ਜਦੋਂ ਬੋਲੇਰੋ ਕਾਰਤੋਂ ਫਤਿਹਾਬਾਦ (ਹਰਿਆਣਾ) ਦੇ ਇੱਕ ਪੈਟਰੋਲ ਪੰਪ ਤੋਂ ਭਰਵਾਏ ਡੀਜ਼ਲ

ਦੀ ਰਸੀਦ (ਮਿਤੀ 25 ਮਈ 2022) ਮਿਲੀ। ਇਹ ਗੱਡੀ ਕਤਲਵਿੱਚ ਵਰਤਣ ਪਿੱਛੋਂਵਾਰਦਾਤ ਵਾਲੇ ਸਥਾਨ ਤੋਂ ਲਗਪਗ 13 ਕਿਲੋਮੀਟਰ ਦੂਰ ਖਿਆਲਾ ਪਿੰਡ ਨੇੜੇ ਖੜੋਤੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਦੀ ਇੱਕ ਟੀਮ ਉਸੇ ਦਿਨ ਸੀਸੀਟੀਵੀ ਫੁਟੇਜ ਵੇਖਣ ਫਤਿਹਾਬਾਦ ਦੇ ਪੈਟਰੋਲ ਪੰਪ ਲਈ ਭੇਜੀ ਗਈ ਅਤੇ "ਪੁਲਿਸ ਟੀਮ ਨੇ ਸੀਸੀਟੀਵੀ ਫੁਟੇਜ ਵੇਖੀ ਤਾਂ ਇੱਕ ਆਦਮੀ, ਜਿਸ ਦੇ ਸ਼ੂਟਰ ਹੋਣ ਦੀ ਸੰਭਾਵਨਾ ਸੀ, ਨੂੰ ਪਛਾਨਣ ਵਿੱਚ ਕਾਮਯਾਬ ਹੋ ਗਈਆਂ। ਇਸ ਦੀ ਪਛਾਣਸੋਨੀਪਤ ਦੇ ਪ੍ਰਿਆਵਰਤ ਉਰਫ ਫੌਜੀ ਵਜੋਂ ਹੋਈ ਹੈ। ਪੈਟਰੋਲ ਪੰਪ ਤੋਂ ਡੀਜ਼ਲ ਭਰਨ ਤੋਂ ਪਹਿਲਾਂ ਤੇ ਪਿੱਛੋਂ ਬੋਲੈਰੋ ਗੱਡੀ ਵੱਲੋਂ ਵਰਤੇ ਗਏ ਰੂਟ ਦੀ ਸੀਸੀਟੀਵੀ ਫੁਟੇਜ ਮਿਲ ਗਈ।" ਇਸੇ ਤਰ੍ਹਾਂ ਇੰਜਣ ਨੰਬਰ ਅਤੇ ਚੈਸੀ ਨੰਬਰ ਨਾਲ ਬੋਲੈਰੋ ਦੀ ਮਾਲਕੀ ਦਾ ਪਤਾ ਲੱਗ ਗਿਆ ਤੇ ਜਾਂਚ ਅੱਗੇ ਤੁਰ ਪਈ।

ਵਰਨਣ ਯੋਗ ਹੈ ਕਿ ਪੁਲਿਸ ਨੇ ਕਤਲ ਲਈ ਵਰਤੀ ਗਈ ਮਹਿੰਦਰਾ ਬੋਲੈਰੋ, ਟੋਇਟਾ ਕੋਰੋਲਾ ਤੇ ਚਿੱਟੇ ਰੰਗ ਦੀ ਆਲਟੋ ਕਾਰ ਸਣੇਚਾਰਗੱਡੀਆਂ ਫੜੀਆਂ ਸਨ। ਟੋਇਟਾ ਕੋਰੋਲਾ ਦੇ ਸਵਾਰ ਹਮਲਾਵਰਾਂ ਨੇ ਬੰਦੂਕ ਦੀ ਨੋਕ ਉੱਤੇ ਇੱਕ ਚਿੱਟੇ ਰੰਗ ਦੀ ਆਲਟੋ ਕਾਰ ਨੂੰ ਰੋਕਿਆ ਤੇ ਖੋਹ ਲਈ ਸੀ। ਉਹ ਕੋਰੋਲਾ ਕਾਰ, ਜੋ ਕਤਲ ਵੇਲੇ ਨੁਕਸਾਨੀ ਗਈ ਸੀ, ਨੂੰ ਉੱਥੇ ਛੱਡ ਗਏ ਅਤੇ ਚਿੱਟੇ ਰੰਗ ਦੀ ਬੋਲੈਰੋ ਜੀਪ ਦੇ ਪਿੱਛੇ ਪਿੰਡ ਖਾਰਾ ਬਰਨਾਲਾ ਨੂੰ ਫਰਾਰ ਹੋ ਗਏ ਸਨ। ਚਿੱਟੇ ਰੰਗ ਦੀ ਆਲਟੋ ਕਾਰ 30 ਮਈ ਨੂੰ ਮੋਗਾ ਜ਼ਿਲੇ ਦੇ ਧਰਮਕੋਟ ਨੇੜੇ ਤੜਕੇ 3.30 ਵਜੇ ਖੜ੍ਹੀ ਮਿਲੀ ਅਤੇ ਸੀਸੀਟੀਵੀ ਫੁਟੇਜ ਤੋਂ ਇਸ ਕਤਲ ਦੇ ਦੋਸ਼ੀਆਂ ਵੱਲੋਂ ਵਰਤੇ ਗਏ ਰੂਟ ਦੀ ਪਛਾਣ ਕੀਤੀ ਗਈ ਸੀ। ਐਂਟੀ ਗੈਂਗਸਟਰ ਟਾਸਕ ਫੋਰਸ(ਏਜੀਟੀਐੱਫ) ਅਤੇ ਐੱਸਆਈਟੀ ਅੱਗੋਂ ਕੇਂਦਰੀ ਏਜੰਸੀਆਂ ਤੇ ਹੋਰ ਰਾਜਾਂ ਦੀ ਪੁਲਿਸ ਨਾਲ ਮਿਲ ਕੇ ਕੰਮ ਕਰਦੀ ਰਹੀ ਹੈ ਤਾਂ ਜੋ ਸ਼ੱਕੀ ਸ਼ੂਟਰਾਂ ਅਤੇ ਇਸ ਵਿੱਚ ਸ਼ਾਮਲ ਹੋਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਸਕੇ।

ਜਲੰਧਰ ਮੈਡੀਕਲ ਕਾਲਜ ਪਿਮਸ ਤੋਂ 65 ਕਰੋੜ ਦੀ ਵਸੂਲੀ ਕਰਨ ਦੀ ਤਿਆਰੀ

*** ਫਾਈਲ ਮੁੱਖ ਮੰਤਰੀ ਦਫ਼ਤਰ ਨੂੰ ਭੇਜ ਦਿੱਤੀ ਗਈ**

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਪਿਮਸ) ਉੱਤੇ ਸ਼ਿਕੰਜਾ ਕੱਸਣ ਲੱਗੀ ਹੈ ਤੇ ਸਰਕਾਰੀ ਵਿਭਾਗ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ(ਪੀਪੀਪੀ) ਢੰਗ ਨਾਲ ਚਲਾਏ ਜਾ ਰਹੇ ਇਸ ਮੈਡੀਕਲ ਕਾਲਜ-ਕਮ ਹਸਪਤਾਲ ਵੱਲ 65 ਕਰੋੜ ਰੁਪਏ ਦੇ ਬਕਾਏ ਵਸੂਲਣਦੀ ਤਿਆਰੀ ਕਰ ਲਈ ਹੈ, ਜਿਸ ਦੀ ਫਾਈਲ ਮੁੱਖ ਮੰਤਰੀ ਦਫ਼ਤਰ ਨੂੰ ਭੇਜ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਬੀਤੀ 2 ਜੂਨ ਨੂੰ ਪੰਜਾਬ ਇੰਸਟੀਚਿਊਟ ਮੈਡੀਕਲ ਸਾਇੰਸਿਜ਼ ਐਜੂਕੇਸ਼ਨਲ ਸੁਸਾਇਟੀ ਦੀ ਮੀਟਿੰਗ ਵਿੱਚ ਇਸ ਦੇ ਘਪਲੇ ਦੇ ਤੱਥ ਜਾਣ ਪਿੱਛੋਂਮੁੱਖ ਮੰਤਰੀ ਨੇ ਇਸਵਿਰੁੱਧ ਕਾਰਵਾਈ ਕਰਨ ਦੇ ਸੰਕੇਤ ਦਿੱਤੇ ਸਨ। ਮੀਟਿੰਗ ਵਿੱਚ ਕਈ ਊਣਤਾਈਆਂ ਦਾ ਪਤਾ ਲੱਗਾ ਸੀ, ਜਿਸਨਾਲ ਪਿਮਸ ਵਰਗੀ ਸੰਸਥਾ ਘਾਟੇ ਵਿਚ ਆ ਗਈ ਤੇ ਇਸ ਦੀ ਸਥਾਪਨਾ ਦਾ ਮਕਸਦ ਸਾਲਾਂ-ਬੱਧੀ ਪੂਰਾ ਨਹੀਂ ਹੋ ਸਕਿਆਅਤੇ ਅੱਜ ਵੀ ਲੋਕਾਂ ਨੂੰ ਚੰਗੀਆਂਸਿਹਤ ਸਹੂਲਤਾਂ ਲਈ ਜਾਂ ਨਿੱਜੀ ਖੇਤਰ ਵਿੱਚ ਜਾਣਾ ਪੈਂਦਾ ਹੈ ਜਾਂ ਚੰਡੀਗੜ੍ਹ ਪੀਜੀਆਈ ਪਹੁੰਚਣਾ

ਪੈ ਰਿਹਾ ਹੈ।

ਜਲੰਧਰ ਵਿੱਚ ਚੱਲਦੇ ਗੰਨਾ ਵਿਕਾਸ ਕੇਂਦਰ ਦੀ ਇਸ ਜ਼ਮੀਨ ਉੱਤੇ ਪੀਪੀਪੀ ਢੰਗ ਨਾਲ ਮੈਡੀਕਲ ਕਾਲਜ ਅਤੇ ਹਸਪਤਾਲ ਬਣਾਉਣ ਦੇ ਫੈਸਲੇ ਹੇਠ ਇਸ ਸਰਕਾਰੀ ਜ਼ਮੀਨ ਉੱਤੇ ਐੱਲ ਐਂਡ ਟੀ ਕੰਪਨੀ ਨੇ ਸ਼ਾਨਦਾਰ ਇਮਾਰਤ ਬਣਾ ਕੇ ਦਿੱਤੀ ਸੀ, ਜਿਸ ਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਕੀਤਾ ਸੀ। ਪ੍ਰਾਈਵੇਟ ਸੈਕਟਰ ਨੇ ਪੀਜੀਆਈ ਚੰਡੀਗੜ੍ਹ ਦੇ ਰੇਟ ਉੱਤੇ ਸਿਰਫ਼ ਮੈਡੀਕਲ ਕਾਲਜ ਅਤੇ ਹਸਪਤਾਲ ਚਲਾਉਣੇ ਅਤੇ ਸਰਕਾਰ ਨੂੰ ਹਰ ਸਾਲ ਸਾਢੇ ਛੇ ਕਰੋੜ ਰੁਪਏ ਦੇਣੇ ਸਨ, ਪਰ ਇਹ ਰਕਮ ਸਿਰਫ਼ ਇੱਕੋ ਵਾਰ ਦਿੱਤੀ ਗਈ, ਜਦੋਂ ਮੁੱਖ ਮੰਤਰੀ ਨੇ 2 ਜੂਨ ਨੂੰ ਪਿਮਸ ਸੁਸਾਇਟੀ ਦੀ ਮੀਟਿੰਗ ਸੱਦੀ ਸੀ। ਇਸ ਕਾਲਜ ਵੱਲ ਅਜੇ ਵੀ 65 ਕਰੋੜ ਰੁਪਏ ਦੀ ਦੇਣਦਾਰੀ ਬਾਕੀ ਹੈ।ਵਿਭਾਗ ਦੇ ਅਫਸਰਾਂ ਦਾ ਕਹਿਣਾ ਹੈ ਕਿ ਪੀਪੀਪੀ ਮੋਡ ਦੀਆਂ ਸ਼ਰਤਾਂ ਵਿਚ ਸ਼ਾਮਲ ਸੀ ਕਿ ਕੰਪਨੀ ਹਸਪਤਾਲ ਵਿਚ ਸੁਪਰ ਸਪੈਸ਼ਲਿਟੀ ਵਿਭਾਗ ਚਲਾਵੇਗੀ, ਜਿਸ ਦੀ ਫੀਸ ਸਰਕਾਰ ਦੇ ਕਹਿਣ ਅਨੁਸਾਰ ਤੈਅ ਕਰੇਗੀ। ਇਸ ਨੂੰ ਬਣਾਉਣ ਤੇ ਚਲਾਉਣ ਦਾ ਖਰਚਾ ਕੰਪਨੀ ਸਹਿਣ ਕਰੇਗੀ ਅਤੇ ਇਸ ਦੇ ਨਾਲ ਆਡੀਟੋਰੀਅਮ ਅਤੇ ਹੋਸਟਲ ਬਣਾਏ ਜਾਣੇ ਸਨ, ਪਰ ਅਜਿਹਾ ਕੁਝ ਨਹੀਂ ਕੀਤਾ।

ਦੂਸਰੇ ਪਾਸੇ ਇਸ ਮੈਡੀਕਲ ਕਾਲਜ ਨੂੰ ਚਲਾ ਰਹੀ ਟੀਮਕਹਿੰਦੀ ਹੈ ਕਿ ਸਰਕਾਰ ਨੇ ਇਲਾਜ ਲਈ ਪੀਜੀਆਈ ਦੇ ਰੇਟ ਅਤੇ ਮੈਡੀਕਲ ਕਾਲਜ ਲਈ ਸਰਕਾਰੀ ਰੇਟ ਤੈਅ ਕੀਤੇ ਹਨ, ਜਿਸ ਕਾਰਨ ਇਸ ਨੂੰ ਚਲਾਉਣਾ ਔਖਾ ਹੈ। 2 ਜੂਨਦੀ ਮੀਟਿੰਗ ਵਿਚ ਜਦੋਂ ਮੁੱਖ ਮੰਤਰੀ ਨੂੰ ਇਹ ਦੱਸਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਤੇ ਪ੍ਰਾਈਵੇਟ ਅਦਾਰੇ ਦਾ ਸਮਝੌਤਾ ਹੋਇਆ, ਕੀ ਉਦੋਂ ਇਹ ਸ਼ਰਤਾਂ ਨਹੀਂ ਸਨ? ਕੀ ਕੰਪਨੀ ਨੂੰ ਨਹੀਂ ਪਤਾ ਸੀ ਕਿ ਇਨ੍ਹਾਂ ਦਰਾਂ ਉੱਤੇ ਕਾਲਜ ਤੇ ਹਸਪਤਾਲ ਚਲਾਉਣੇ ਔਖੇ ਹੋਣਗੇ?ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਕਾਲਜ ਨੂੰ ਸਾਲਾਨਾ ਫੀਸ 30 ਕਰੋੜ ਰੁਪਏ ਮਿਲਦੇ ਤੇ 15 ਕਰੋੜ ਰੁਪਏ ਸਾਲਾਨਾ ਹਸਪਤਾਲਾਂ ਦੀਆਂ ਵੱਖ-ਵੱਖਫੀਸਾਂ ਤੋਂਇਕੱਠੇ ਹੁੰਦੇ ਹਨ। ਡਾਕਟਰਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀਆਂ ਤਨਖਾਹਾਂਦਾ 24 ਕਰੋੜ ਰੁਪਏ ਸਾਲਾਨਾ ਖਰਚ ਹੈ। ਕੰਪਨੀ ਚਾਹੁੰਦੀ ਹੈ ਕਿ ਕਾਲਜ ਦੀ ਜ਼ਮੀਨ ਗਿਰਵੀ ਰੱਖ ਕੇ ਉਨ੍ਹਾਂ ਨੂੰ ਕਰਜ਼ਾ ਲੈਣ ਦਿੱਤਾ ਜਾਵੇ, ਪਰ ਕੋਈ ਅਫਸਰ ਜਾਂ ਮੰਤਰੀ ਇੰਨਾ ਵੱਡਾ ਜੋਖਮ ਲੈਣਾ ਨਹੀਂ ਚਾਹੁੰਦਾ। ਇਸ ਲਈ ਚੀਫਸੈਕਟਰੀ ਤੋਂ ਲੈ ਕੇ ਵਿਭਾਗੀ ਸੈਕਟਰੀਆਂ ਤੱਕ ਨੇ ਇਸ ਸੋਚ ਨੂੰ ਰੱਦ ਕਰ ਦਿੱਤਾ ਹੈ।

ਅਗਲੇ ਰਾਸ਼ਟਰਪਤੀ ਲਈ ਮੀਟਿੰਗਾਂ ਕਰਨ ਦਾ ਦੌਰ ਸ਼ੁਰੂ

*** ਗੁਲਾਮ ਨਬੀ ਅਤੇ ਫਾਰੂਕ ਅਬਦੁੱਲਾ ਦੇ ਨਾਂ ਚਰਚਾ ਵਿੱਚ**

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਰਾਸ਼ਟਰਪਤੀ ਦੇ ਅਹੁਦੇ ਲਈ ਆਪਣੇ ਉਮੀਦਵਾਰ ਦੇ ਨਾਂਅਬਾਰੇ ਐਲਾਨ ਭਾਜਪਾ ਕਦੋਂ ਕਰੇਗੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਸੰਦ ਕੌਣ ਹੋਵੇਗਾ? ਇਹ ਦੋ ਅਹਿਮ ਸਵਾਲ ਹਨ ਅਤੇ ਭਾਜਪਾ ਵਿੱਚ ਕੋਈ ਇਸ ਬਾਰੇ ਨਹੀਂ ਜਾਣਦਾ। ਭਾਜਪਾ ਪ੍ਰਧਾਨ ਜੇ ਪੀ ਨੱਢਾ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ, ਜਿਨ੍ਹਾਂ ਨੂੰ ਸਭ ਸਿਆਸੀ ਪਾਰਟੀਆਂ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤਾ ਗਿਆ ਹੈ, ਨੂੰ ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਦੇ ਵੱਕਾਰੀ ਅਹੁਦੇ ਲਈ ਨਾਵਾਂ ਦਾ ਕੋਈ ਪੈਨਲ ਵੀ ਨਹੀਂ ਦਿੱਤਾ।

ਜੇ ਪੀ ਨੱਢਾ ਤੇ ਰਾਜਨਾਥ ਅਗਲੇ ਦਿਨਾਂਵਿੱਚਵੱਖ-ਵੱਖ ਪਾਰਟੀਆਂ ਨਾਲ ਗੱਲ ਕਰ ਕੇ ਉਨ੍ਹਾਂ ਦੀ ਰਾਏ ਲੈਣਗੇ। ਉਨ੍ਹਾਂ ਨੂੰ ਪਾਰਟੀਆਂ ਤੋਂ ਪੁੱਛਣ ਦਾ ਕੰਮ ਸੌਂਪਿਆ ਗਿਆ ਹੈ ਕਿ ਕੀ ਉਨ੍ਹਾਂ ਕੋਲ ਇਸ ਅਹੁਦੇ ਲਈ ਕੋਈ ਨਾਂ ਹੈ ਤੇ ਜੇ ਹੈ ਤਾਂ ਕੀ ਉਹ ਸੱਤਾਧਾਰੀ ਪਾਰਟੀ ਨਾਲ ਸ਼ੇਅਰ ਕਰਨਗੇ? ਇਸ ਪਿੱਛੋਂ ਭਾਜਪਾ ਮੁਲਾਂਕਣ ਕਰੇਗੀ ਤੇ ਕੋਈ ਸਿੱਟਾ ਕੱਢੇਗੀ ਅਤੇ 23-24 ਜੂਨ ਜਾਂ 27 ਜੂਨ ਨੂੰ ਭਾਜਪਾ ਵੱਲੋਂ ਕਿਸੇ ਨਾਂ ਦਾ ਐਲਾਨ ਕੀਤਾ ਜਾ ਸਕਦਾ ਹੈ।

ਬੀਤੇ ਬੁੱਧਵਾਰ ਕਾਂਸਟੀਚਿਊਸ਼ਨ ਕਲੱਬ ਵਿਖੇ 16 ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿੱਚ ਕਿਸੇ ਉਮੀਦਵਾਰ ਦੇ ਨਾਂ ਉੱਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚ ਤੇਲੰਗਾਨਾ ਦੀ ਪਾਰਟੀ ਟੀ ਆਰ ਐੱਸ ਅਤੇ ਉਡੀਸਾ ਦੇ ਬੀਜੂ ਜਨਤਾ ਦਲ ਤੋਂ ਬਿਨਾ ਆਂਧਰਾ ਪ੍ਰਦੇਸ਼ ਦੀ ਵਾਈ ਐੱਸ ਆਰ ਕਾਂਗਰਸ, ਆਮ ਆਦਮੀ ਪਾਰਟੀ, ਤਾਮਿਲ ਨਾਡੂ ਦੀ ਏ ਆਈ ਡੀ ਐੱਮ ਐੱਮ ਅਤੇ ਹੋਰ ਵਿਰੋਧੀ ਧਿਰਾਂ ਇਸ ਵਿਚ ਸ਼ਾਮਲ ਨਹੀਂ ਹੋਈਆਂ। ਇਸ ਤੋਂ ਬਿਨਾ ਹੋਰਨਾਂ ਨਾਲ ਵੀ ਭਾਜਪਾ ਦੇ ਉਕਤ ਦੋ ਆਗੂ ਸੰਪਰਕ ਕਰ ਸਕਦੇ ਹਨ ਤਾਂ ਜੋ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਬਾਰੇ ਸੁਝਾਅ ਲਏ ਜਾ ਸਕਣ। ਐਨ ਸੀ ਪੀ ਪਾਰਟੀ ਦੇਆਗੂ ਸ਼ਰਦ ਪਵਾਰ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ ਹੋਣ ਤੋਂ ਇਨਕਾਰ ਪਿੱਛੋਂ ਇਸ ਅਹੁਦੇਲਈ ਵਿਰੋਧੀ ਧੜੇ ਵਿੱਚ ਕਈ ਨਾਵਾਂ ਦੀ ਚਰਚਾ ਚੱਲੀ ਹੈ।ਸੀਨੀਅਰ ਕਾਂਗਰਸ ਨੇਤਾ ਗੁਲਾਮ ਨਬੀ ਆਜ਼ਾਦ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਨਾਵਾਂ ਉੱਤੇ ਵੀ ਵਿਚਾਰ ਚੱਲ ਰਿਹਾ ਹੈ। ਗੁਲਾਮ ਨਬੀ ਦੇ ਨਾਂ ਉੱਤੇ ਆਮ ਸਹਿਮਤੀ ਹੋ ਸਕਦੀ ਹੈ। ਸ਼ਰਦ ਪਵਾਰ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਉਹ ਆਜ਼ਾਦ ਦੇ ਨਾਂ ਦੇ ਖਿਲਾਫ ਨਹੀਂ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨੇ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਦਾ ਨਾਂ ਸੁਝਾਇਆ ਹੈ।ਦੂਸਰੇ ਪਾਸੇ ਖੱਬੀਆਂ ਧਿਰਾਂ ਮਹਾਤਮਾ ਗਾਂਧੀ ਦੇ ਪੋਤੇ ਗੋਪਾਲ ਕ੍ਰਿਸ਼ਨ ਗਾਂਧੀ ਨੂੰ ਪਸੰਦ ਕਰਦੀਆਂ ਹਨ।

ਈ ਯੂ ਵੱਲੋਂ ਬ੍ਰਿਟੇਨ ਦੇ ਖਿਲਾਫ ਕਾਨੂੰਨੀ ਕਾਰਵਾਈ

ਬਰੱਸਲਜ਼, 16 ਜੂਨ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਨੇ ਪੋਸਟ ਬ੍ਰੈਗਜ਼ਿਟ ਸਮਝੌਤੇ ਵਿੱਚ ਤਜਵੀਜ਼ਸ਼ੁਦਾ ਬਦਲਾਵਾਂ ਬਾਰੇ ਬ੍ਰਿਟੇਨ ਦੇ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰਦੇ ਹੋਏ ਉਸ ਨੂੰ ਜਵਾਬ ਦੇਣ ਲਈ ਦੋ ਮਹੀਨਿਆਂ ਦੀ ਮੋਹਲਤ ਦਿੱਤੀ ਹੈ। ਈ ਯੂ ਨੇ ਉਤਰੀ ਆਇਰਲੈਂਡ ਨਾਲ ਜੁੜੇ ਬ੍ਰੈਗਜ਼ਿਟ ਸਮਝੌਤੇ ਦੇ ਕੁਝ ਹਿੱਸਿਆਂ ਵਿੱਚ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਵੱਲੋਂ ਕੀਤੇ ਬਦਲਾਵਾਂ ਨੂੰ ਚੁਣੌਤੀ ਵੀ ਦਿੱਤੀ ਹੈ। ਬ੍ਰਿਟਿਸ਼ ਸਰਕਾਰ ਨੇ ਇਸੇ ਹਫਤੇ ਦੇ ਸ਼ੁਰੂ ਵਿੱਚ ਪਾਰਲੀਮੈਂਟ ਵਿੱਚ ਉਤਰੀ ਆਇਰਲੈਂਡ ਪ੍ਰੋਟੋਕੋਲ ਬਿੱਲ ਪੇਸ਼ ਕੀਤਾ ਹੈ। ਬ੍ਰਿਟੇਨ ਦਾ ਕਹਿਣਾ ਹੈ ਕਿ ਇਸ ਬਿੱਲ ਦਾ ਉਦੇਸ਼ ਉਤਰੀ ਆਇਰਲੈਂਡ ਪ੍ਰੋਟੋਕੋਲ ਦੇ ਕੁਝ ਹਿੱਸਿਆਂ ਨੂੰ ਠੀਕ ਕਰਨਾ ਹੈ। ਉਸ ਨੇ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਤੋਂ ਇਨਕਾਰ ਕੀਤਾ ਹੈ। ਇਸ ਬਿੱਲ ਨਾਲ ਸਾਲ 2019 ਵਿੱਚ ਹੋਏ ਵਪਾਰਕ, ਟੈਕਸ ਤੇ ਸ਼ਾਸਨ ਸਮਝੌਤੇ ਵਿੱਚ ਬਦਲਾਅ ਦੀ ਪਹਿਲ ਕੀਤੀ ਗਈ ਹੈ, ਜਿਸ ਨੂੰ ਯੂਰਪੀ ਯੂਨੀਅਨ ਨੇ ਇੱਕ ਪਾਸੜ ਮੰਨਿਆ ਹੈ।

ਰਾਹੁਲ ਦੀਆਂ ਪੇਸ਼ੀਆਂ ਤੋਂ ਕਾਂਗਰਸੀ ਆਗੂ ਅਤੇ ਵਰਕਰ ਭੜਕੇ

*** ਈ ਡੀ ਦਫਤਰ ਦੇ ਬਾਹਰ ਟਾਇਰਾਂ ਨੂੰ ਅੱਗ ਲਾਈ**

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਦਿੱਲੀਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਕੇਂਦਰੀ ਦਫਤਰਵਿੱਚ ਕਾਂਗਰਸ ਨੇਤਾ ਰਾਹੁਲ ਗਾਂਧੀ ਤੋਂ ਲਗਾਤਾਰ ਚੌਥੇ ਦਿਨ ਪੁੱਛ-ਗਿੱਛ ਦੌਰਾਨ ਦਫਤਰ ਦੇ ਬਾਹਰ ਕਾਂਗਰਸੀ ਕਾਰਕੁੰਨਾਂ ਤੇ ਨੇਤਾਵਾਂ ਦਾ ਪ੍ਰਦਰਸ਼ਨ ਤੇਜ਼ ਹੋ ਗਿਆ।ਉਨ੍ਹਾ ਨੇ ਵਿਰੋਧ ਪ੍ਰਦਰਸ਼ਨਵਿੱਚ ਟਾਇਰਾਂ ਨੂੰ ਅੱਗ ਲਾਈ ਅਤੇਵੱਡੀ ਗਿਣਤੀਵਿੱਚ ਕਾਰਕੁੰਨ ਨਾਅਰੇਬਾਜ਼ੀ ਕਰਦੇ ਹੋਏ ਸੜਕ ਉੱਤੇ ਧਰਨਾ ਲਾ ਕੇ ਬੈਠ ਗਏ।

ਕਾਂਗਰਸ ਦਾ ਦਾਅਵਾ ਹੈ ਕਿ ਪਾਰਟੀ ਨੇਤਾਵਾਂ ਅਤੇ ਕਾਰਕੁੰਨਾਂ ਨੂੰ ਕਾਂਗਰਸ ਹੈੱਡਕੁਆਰਟਰ ਜਾਣ ਤੋਂ ਰੋਕਿਆ ਜਾ ਰਿਹਾ ਹੈ ਤੇ ਸਿਰਫ 2 ਮੁੱਖ ਮੰਤਰੀਆਂ ਅਸ਼ੋਕ ਗਹਿਲੋਤ ਅਤੇ ਭੁਪੇਸ਼ ਬਘੇਲ ਨੂੰ 24 ਅਕਬਰ ਰੋਡ ਜਾਣ ਦੀ ਖੁੱਲ੍ਹਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਅਤੇ ਰਾਹੁਲ ਗਾਂਧੀ ਝੁਕਣ ਵਾਲੇ ਨਹੀਂ। ਪਾਰਟੀ ਦੇ ਇੱਕ ਨੇਤਾ ਨੇ ਦੱਸਿਆ ਕਿ ਯੂਥ ਕਾਂਗਰਸ ਤੇ ਮਹਿਲਾ ਕਾਂਗਰਸ ਦੀਆਂ ਕਈ ਮੈਂਬਰਾਂ ਨੂੰ ਪੁਲਸ ਨੇ ਹਿਰਾਸਤਵਿੱਚ ਲਿਆ। ਇਸ ਮੌਕੇ ਕਾਂਗਰਸੀ ਕਾਰਕੁੰਨਾਂ ਤੇ ਪੁਲਸ ਵਿਚਾਲੇ ਧੱਕਾ-ਮੁੱਕੀ ਹੋਈ। ਕਾਂਗਰਸ ਦੇ ਅਨੁਸਾਰ ਪਾਰਲੀਮੈਂਟ ਮੈਂਬਰ ਮਣੀਕਮ ਟੈਗੋਰ, ਏ. ਚੇਲਾ ਕੁਮਾਰ, ਅਮਰ ਸਿੰਘ, ਜੈਕੁਮਾਰ ਵਿਜੇ ਵਸੰਤ ਤੇ ਯੂਥ ਕਾਂਗਰਸ ਦੇ ਪ੍ਰਧਾਨ ਸ਼੍ਰੀਨਿਵਾਸ ਬੀ. ਵੀ. ਅਤੇ ਦਿੱਲੀ ਕਾਂਗਰਸ ਦੇ ਪ੍ਰਧਾਨ ਅਨਿਲ ਚੌਧਰੀ ਨੂੰ ਵੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪਾਰਲੀਮੈਂਟ ਮੈਂਬਰ ਟੈਗੋਰ ਨੇ ਕਿਹਾ ਕਿ ਪਾਰਟੀ ਦੇ ਕਈ ਪਾਰਲੀਮੈਂਟ ਮੈਂਬਰਾਂ ਨੂੰ ਜਦ ਕਾਂਗਰਸ ਹੈੱਡਕੁਆਰਟਰ ਨਾ ਜਾਣ ਦਿੱਤਾ ਗਿਆ ਤਾਂ ਉਨ੍ਹਾਂ ਪਾਰਲੀਮੈਂਟ ਭਵਨ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂਕਿ ਮਹਾਤਮਾ ਗਾਂਧੀ ਦੀ ਮੂਰਤੀ ਅੱਗੇ ਬੈਠ ਸਕਣ, ਪਰ ਉਥੇ ਵੀ ਨਹੀਂ ਜਾਣ ਦਿੱਤਾ ਗਿਆ।

ਉਮਾ ਭਾਰਤੀ ਨੇ ਸ਼ਰਾਬ ਦੀ ਦੁਕਾਨ ਉਤੇ ਗੋਹਾ ਜਾ ਸੁੱਟਿਆ

ਨਿਵਾੜੀ, 16 ਜੂਨ (ਪੋਸਟ ਬਿਊਰੋ)- ਸ਼ਰਾਬਬੰਦੀ ਬਾਰੇ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਦੇ ਤੇਵਰ ਤਿੱਖੇ ਬਣੇ ਹੋਏ ਹਨ। ਉਸ ਨੇ ਪਹਿਲਾਂ ਸ਼ਰਾਬ ਦੀ ਦੁਕਾਨ ਉੱਤੇ ਪੱਥਰ ਸੁੱਟਿਆ ਤੇ ਕੱਲ੍ਹ ਬੁੰਦੇਲਖੰਡ ਦੀ ਅਯੁੱਧਿਆ ਕਹੇ ਜਾਣ ਵਾਲੇ ਨਿਵਾੜੀ ਜ਼ਿਲ੍ਹੇ ਦੇ ਓਰਛਾ ਵਿੱਚ ਸ਼ਰਾਬ ਦੀ ਦੁਕਾਨ ਉੱਤੇ ਗਾਂ ਦਾ ਗੋਹਾ ਸੁੱਟਿਆ ਹੈ।

ਮਾਮਲਾ ਨਿਵਾੜੀ ਜ਼ਿਲ੍ਹੇ ਵਿੱਚ ਸਥਿਤ ਰਾਮ ਦੀ ਨਗਰੀ ਓਰਛਾ ਦਾ ਹੈ। ਇੱਥੇ ਉਮਾ ਭਾਰਤੀ ਬੀਤੇ ਦਿਨੀਂ ਦਰਸ਼ਨ ਕਰਨ ਗਈ ਤਾਂ ਇਸੇ ਦੌਰਾਨ ਉਸ ਨੂੰ ਰਸਤੇ ਵਿੱਚ ਸ਼ਰਾਬ ਦੀ ਦੁਕਾਨ ਦਿੱਸ ਪਈ ਤਾਂ ਉਨ੍ਹਾਂ ਨੇ ਉਸ ਦੁਕਾਨ ਉੱਤੇ ਗੋਹਾ ਸੁੱਟਿਆ। ਇਸ ਮਾਮਲੇ ਨੇ ਭੋਪਾਲ ਵਿੱਚ ਸ਼ਰਾਬ ਦੀ ਦੁਕਾਨ ਉੱਤੇ ਪੱਥਰ ਚਲਾਉਣ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ। ਉਮਾ ਭਾਰਤੀ ਨੇ ਖੁਦ ਟਵੀਟ ਕਰ

ਕੇ ਲਿਖਿਆ ਹੈ ਕਿ ਮੈਨੂੰ ਅੱਜ ਇੱਕ ਦੁਖਦਾਈ ਜਾਣਕਾਰੀ ਮਿਲੀ ਕਿ ਅਯੁੱਧਿਆ ਦੇ ਬਰਾਬਰ ਪਵਿੱਤਰ ਮੰਨੀ ਜਾਣ ਵਾਲੀ ਓਰਛਾ ਨਗਰੀ ਵਿੱਚ ਜਦ ਰਾਮ ਨੌਮੀ ਉੱਤੇ ਦੀਪਮਾਲਾ ਹੋਈ, ਪੰਜ ਲੱਖ ਦੀਵੇ ਜਗਾਏ, ਤਦ ਵੀ ਇਹ ਸ਼ਰਾਬ ਦੀ ਦੁਕਾਨ ਉਸ ਪਵਿੱਤਰ ਦਿਨ ਉੱਤੇ ਖੁੱਲ੍ਹੀ ਹੋਈ ਸੀ। ਉਨ੍ਹਾਂ ਨੇ ਲਿਖਿਆ, ਅੱਜ ਜਦ ਮੈਂ ਕੁਝ ਲੋਕਾਂ ਤੋਂ ਪੁੱਛਿਆ ਕਿ ਇਹ ਤੁਹਾਡੀ ਕਿੰਦਾਂ ਦੀ ਰਾਮ ਭਗਤੀ ਹੈ ਕਿ ਰਾਮ ਨਗਰੀ ਦੇ ਦਰਵਾਜ਼ੇ ਉੱਤੇ ਆਉਂਦੇ ਜਾਂਦੇ ਸੈਲਾਨੀਆਂ ਨੂੰ ਸ਼ਰਾਬ ਪੀਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਮੈਨੂੰ ਜਾਣਕਾਰੀ ਮਿਲੀ ਕਿ ਸਾਡੀ ਵਿਚਾਰਧਾਰਾ ਨਾਲ ਜੁੜੇ ਸਾਰੇ ਸੰਗਠਨਾਂ ਦੇ ਲੋਕਾਂ ਨੇ ਇਸ ਦੁਕਾਨ ਨੂੰ ਬੰਦ ਕਰਨ ਲਈ ਧਰਨਾ ਪ੍ਰਦਰਸ਼ਨ ਕੀਤੇ ਸਨ, ਫਿਰ ਵੀ ਦੁਕਾਨ ਖੁੱਲ੍ਹ ਗਈ। ਰਾਮ ਨੌਮੀ ਉੱਤੇ ਵੀ ਖੁੱਲ੍ਹੀ ਸੀ, ਅੱਜ ਵੀ ਖੁੱਲ੍ਹੀ ਹੋਈ ਹੈ ਮੈਨੂੰ ਆਪਣੇ ਆਪ ਉੱਤੇ ਸ਼ਰਮ ਆ ਰਹੀ ਹੈ। ਦੁਕਾਨ ਉੱਤੇ ਗੋਹਾ ਸੁੱਟਣ ਦਾ ਜ਼ਿਕਰ ਕਰਦੇ ਹੋਏ ਉਮਾ ਭਾਰਤੀ ਨੇ ਲਿਖਿਆ, ਪਵਿੱਤਰ ਗਊਸ਼ਾਲਾ ਦੀ ਗਾਂ ਦਾ ਥੋੜ੍ਹਾ ਜਿਹਾ ਗੋਹਾ ਮੈਂ ਸ਼ਰਾਬ ਦੀ ਦੁਕਾਨ ਉੱਤੇ ਛਿੜਕ ਦਿੱਤਾ ਹੈ, ਮੈਂ ਭੋਪਾਲ ਪਹੁੰਚ ਕੇ ਇਸ ਵਿਸ਼ੇ ਉੱਤੇ ਸਾਰਿਆਂ ਨਾਲ ਸੰਪਰਕ ਕਰਾਂਗੀ।

NEED A LAWYER ??
Red Seal NOTARY
KAUR LAW OFFICE

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Brampton needs a second voice in the Ontario cabinet

Sohan Singh

Father Kramer once said, "We believe that only government has the capacity--not to mention the political and moral responsibility--to promote the general welfare." When thinking of Brampton, I am often reminded of this quote. While it is the government of the day that should look after the interests of its people, it is not always too bad for citizens to raise their just and balanced voices. Here I am taking the opportunity to talk about the need for Brampton to have its rightful representation in the Ontario cabinet.According to Pew Research Center survey of 18 countries that host half of the world's migrants, the public opinion is in favour of immigrants as they are viewed as a strength rather than a burden. However, studies have also demonstrated that cities with a majority immigrant population often lack social services, employment opportunities, and health care networks compared to those where immigrants are not a majority. Looking from this perspective, Brampton is no exception.I was not amused when an article from New Canadian Media putting a spotlight on the problems Brampton is faced with was published in many Canadian news outlets as part of the Canadian Press Local Journalism Initiative. This article says if any other Canadian city had experienced a population growth of 13% that Brampton experienced in the last decade, it would have been a cause of optimism and a catalyst for housing, public transit and health care improvements. But this has not been the case in Brampton. Housing remains low-density and inadequate to accommodate newcomers, transportation is at risk of being overwhelmed, and the city's health-care facilities had been overwhelmed long before COVID-19. As a result, immigrants in Brampton are at risk of homelessness, isolation, and health care negligence.So, where is the solution to it? I feel that recent results of the Ontario election have thrown an excellent opportunity for the Doug Ford government to seize the moment to transform Brampton from a low-growth city to a harbour of futuristic growth. Now is also the chance for him to build his political legacy. One way to do good to the town is to provide a representation to a Brampton youth leader in the cabinet, someone who can think outside the box.One face that comes to mind is Hardeep Singh Grewal, the winner of Brampton East riding. His win is a unique political gift to the Provincial Conservatives because Hardeep defeated Gurratan Singh of NDP, brother of the Federal NDP leader Jagmeet Singh. But for Hardeep's fresh approach to political activism, his ability to connect with diverse communities and his media-savvy approach, this riding would have been in the pocket of the NDP. The Provincial Conservatives could have ill afforded to lose the riding to the NDP.It will bode well for Doug Ford to benefit from the fresh ideas that the newest MPP, such as Hardeep Singh Grewal, can bring to his cabinet table. Doing so will not only sow the seeds of growth and prosperity through political action for the ninth most populous city in Canada, but it will also help Doug Ford create the political legacy that most political leaders aspire for. With a population of over 600,000, primarily immigrants, Brampton deserves two ministerial representations in the cabinet. Prabhmeet Sarkaria has already proven his mettle, and these twosomes can be immensely good for Brampton.

Dr. Sohan Singh
President Calderstone
Seniors Club
Brampton

ਭਾਰਤ ਸਰਕਾਰ ਦੀ 'ਅਗਨੀਪਥ' ਦਾ ਕਈ ਰਾਜਾਂ ਅੰਦਰ ਜ਼ਬਰਦਸਤ ਵਿਰੋਧ

...ਪੰਨਾ 1 ਦਾ ਬਾਕੀ

ਅਗਨੀਪਥ ਯੋਜਨਾ ਦਾ ਵਿਰੋਧ ਰਾਜਸਥਾਨ ਵਿੱਚ ਵੀ ਚੱਲ ਪਿਆ ਹੈ। ਵੀਰਵਾਰ ਨੂੰ ਇਸ ਰਾਜ ਦੇ ਕਈ ਜ਼ਿਲ੍ਹਿਆਂ ਵਿੱਚ ਨੌਜਵਾਨਾਂ ਨੇ ਪ੍ਰਦਰਸ਼ਨ ਕੀਤਾ। ਰਾਸ਼ਟਰੀ ਲੋਕਤਾਂਤਰਿਕ ਪਾਰਟੀ (ਆਰਐੱਲਪੀ) ਨੇ ਵੀ ਇਸ ਯੋਜਨਾ ਦੇ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ ਹੈ। ਸੀਕਰ ਵਿੱਚ ਅੱਜ ਸਵੇਰ ਤੋਂ ਨੌਜਵਾਨਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਤੇ ਦੁਪਹਿਰ 12 ਵਜੇ ਤੱਕ ਵੱਡੀ ਗਿਣਤੀਨੌਜਵਾਨ ਇਕੱਠੇ ਹੋ ਜਾਣ ਪਿੱਛੋਂ ਭੰਨਤੋੜ ਕੀਤੀ।ਭੜਕੇ ਨੌਜਵਾਨਾਂ ਨੇ ਦੁਕਾਨਾਂ ਦੀ ਭੰਨਤੋੜ ਦੇ ਨਾਲ ਸਰਕਾਰੀ ਜਾਇਦਾਦ ਦਾ ਨੁਕਸਾਨ ਕੀਤਾ ਅਤੇ 20 ਜੂਨ ਨੂੰ ਦਿੱਲੀਪਹੁੰਚ ਕੇ ਜੰਤਰ-ਮੰਤਰ ਵਿਖੇ ਅਣਮਿਥੇ ਸਮੇਂ ਤੱਕ ਦਾ ਇੱਕ ਵੱਡਾ ਅੰਦੋਲਨ ਸ਼ੁਰੂ ਕਰਨ ਦੀ ਧਮਕੀ ਦੇਦਿੱਤੀ।

ਉੱਤਰ ਪ੍ਰਦੇਸ਼ ਵਿੱਚ ਵੀ ਅਗਨੀਪੱਥ ਯੋਜਨਾ ਦਾ ਵੱਡਾ ਵਿਰੋਧ ਹੋਇਆ ਹੈ।ਏਥੇ ਸਰਕਾਰ ਦੀ ਇਸ ਯੋਜਨਾ ਦਾ ਵਿਰੋਧ ਵੱਡੀ ਗਿਣਤੀ ਨੌਜਵਾਨ ਕਰ ਰਹੇ ਹਨ। ਇਹ ਪ੍ਰਦਰਸ਼ਨ ਕਈ ਜ਼ਿਲਿਆਂਵਿੱਚ ਦੇਖਣ ਨੂੰ ਮਿਲਿਆ। ਬੁਲੰਦਸ਼ਹਿਰ ਦੇ ਨਾਲ ਮਥੁਰਾ, ਪ੍ਰਯਾਗਰਾਜ, ਗੋਰਖਪੁਰਵਿੱਚ ਵੀ ਇਹ ਪ੍ਰਦਰਸ਼ਨ ਹੋਇਆ। ਨੌਜਵਾਨਾਂ ਨੇ ਇਸ ਸਕੀਮ ਨੂੰ ਰੱਦ ਕਰਨ ਦੀ ਮੰਗ ਵਾਸਤੇ 'ਅਗਨੀਪਥ ਸਕੀਮ ਵਾਪਸ ਲਓ' ਦੇ ਨਾਅਰੇ ਲਾਏ।

ਕੇਂਦਰ ਸਰਕਾਰ ਵੱਲੋਂ ਬੀਤੇ ਦਿਨੀਂ ਐਲਾਨੀ ਗਈ ਅਗਨੀਪੱਥ ਯੋਜਨਾ ਹੇਠ ਇਸ ਸਾਲ 46 ਹਜ਼ਾਰ ਨੌਜਵਾਨਾਂ ਨੂੰ ਫੌਜਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਯੋਜਨਾ ਮੁਤਾ-ਬਕ ਨੌਜਵਾਨਾਂ ਦੀ ਭਰਤੀ ਠੇਕਾ ਆਧਾਰ ਉੱਤੇ ਚਾਰ ਸਾਲ ਲਈ ਹੋਵੇਗੀ। ਭਰਤੀ ਕੀਤੇ ਨੌਜਵਾਨਾਂ ਨੂੰ 'ਅਗਨੀਵੀਰ' ਕਿਹਾ ਜਾਵੇਗਾ ਅਤੇਇਨ੍ਹਾਂ ਅਗਨੀਵੀਰਾਂ ਦੀ ਉਮਰ 17 ਤੋਂ 21 ਸਾਲ ਵਿਚਾਲੇ ਹੋਵੇਗੀ ਅਤੇ ਉਨ੍ਹਾਂ ਨੂੰ 30-40 ਹਜ਼ਾਰ ਪ੍ਰਤੀ ਮਹੀਨਾ ਤਨਖਾਹ ਮਿਲੇਗੀ। ਭਰਤੀ ਕੀਤੇ ਗਏ ਨੌਜਵਾਨਾਂਵਿੱਚੋਂ 25 ਫੀਸਦੀ ਨੂੰ ਫੌਜਵਿੱਚ ਹੋਰ ਮੌਕਾ ਮਿਲੇਗਾ ਅਤੇ ਬਾਕੀ 75 ਫੀਸਦੀ ਨੂੰ ਬਾਅਦ ਵਿੱਚ ਨੌਕਰੀ ਛੱਡਣੀ ਪਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor	Jagdish Singh Grewal
Managing Director	Parminder Kaur Grewal
Contributing Editors	**Gyan Singh,**
Office Admin	**Sajandeep Singh**
Graphic Designer	**Angrez Singh** **Komal Matharu**
Photographer	Kanwaljit Singh Kanwal
Distributer **Marketing:**	**Bhupinder Dhillon** **Sajandeep Singh**

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਅਮਰਿੰਦਰ ਵੀ 'ਅਗਨੀਪਥ' ਸਕੀਮ ਦੇ ਖਿਲਾਫ

* ਫੌਜੀ ਸੇਵਾ ਲਈ 4 ਸਾਲ ਘੱਟ, ਨੀਤੀ ਦੀ ਮੁੜ ਵਿਚਾਰ ਦੀ ਮੰਗ

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤ-ਚੀਨ ਤੇ ਭਾਰਤ-ਪਾਕਿ ਜੰਗਾਂ ਦੇ ਵੈਟਰਨ ਫੌਜੀ ਅਫਸਰ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਭਾਰਤ ਦੀਆਂ ਤਿੰਨਾਂ ਫੌਜਾਂ ਦੇ ਲਈ ਭਰਤੀ ਦੀ 'ਅਗਨੀਪਥ' ਨੀਤੀ ਦੀ ਦੋਬਾਰਾ ਸਮੀਖਿਆ ਕਰਨ ਦਾ ਸੁਝਾਅ ਦਿੱਤਾ ਅਤੇ ਮੱਤਭੇਦ ਦਿਖਾਏ ਹਨ।

ਅੱਜ ਏਥੇ ਇੱਕ ਬਿਆਨ ਵਿੱਚਕੈਪਟਨ ਅਮਰਿੰਦਰ ਸਿੰਘ ਨੇ ਕਿਹਾ, "ਇਹ ਨੀਤੀ ਰੈਜੀਮੈਂਟਾਂ ਵਿਚਲੀ ਲੰਬੇ ਸਮੇਂ ਤੋਂ ਮੌਜੂਦ ਵਿਭਿੰਨਤਾ ਨੂੰ ਕਮਜ਼ੋਰ ਕਰੇਗੀ ਅਤੇ ਇੱਕ ਸਿਪਾਹੀ ਲਈ ਚਾਰ ਸਾਲ ਦੀ ਸੇਵਾ ਬਹੁਤ ਘੱਟ ਸਮਾਂ ਹੈ"। ਉਨ੍ਹਾਂ ਹੈਰਾਨੀ ਨਾਲ ਕਿਹਾ ਕਿ ਭਾਰਤ ਸਰਕਾਰ ਨੂੰ ਭਰਤੀ ਨੀਤੀ ਵਿੱਚਇਹ ਬੁਨਿਆਦੀ ਬਦਲਾਅ ਕਰਨ ਦੀ ਲੋੜ ਕਿਉਂ ਪਈ, ਜਦ ਕਿ ਫੌਜ ਆਪਣੇ ਦੇਸ਼ ਲਈ ਇੰਨੇ ਸਮੇਂ ਤੋਂ ਸੋਹਣਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਦੀ ਪ੍ਰਭਾਵਸ਼ਾਲੀ ਸੇਵਾ ਦੇ ਨਾਲ ਕੁੱਲ ਚਾਰ ਸਾਲਾਂ ਲਈ ਜਵਾਨਾਂ ਨੂੰ ਭਰਤੀ ਕਰਨਾ ਫੌਜੀ ਪੱਖ ਤੋਂ ਚੰਗਾ ਵਿਚਾਰ ਨਹੀਂ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਦੀ 'ਆਲ ਇੰਡੀਆ ਆਲ ਕਲਾਸ' ਭਰਤੀ ਨੀਤੀ ਦੇ ਵਿਰੋਧ ਵਿੱਚ ਕਿਹਾ ਕਿ ਇਹ ਨੀਤੀ ਰੈਜੀਮੈਂਟਾਂ ਦਾ ਲੋਕਾਚਾਰ ਘਟਾਏਗੀ। ਉਨ੍ਹਾਂ ਨੇ ਸਾਫ ਕਿਹਾ ਕਿ ਵੱਖ-ਵੱਖ ਰੈਜੀਮੈਂਟਾਂ, ਜਿਵੇਂ ਸਿੱਖ ਰੈਜੀਮੈਂਟ, ਡੋਗਰਾ ਰੈਜੀਮੈਂਟ, ਮਦਰਾਸ ਰੈਜੀਮੈਂਟ ਦੀਆਂ ਆਪਣੀਆਂ ਵੱਖੋ-ਵੱਖਰੀਆਂ ਰੀਤਾਂ ਫੌਜੀਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹਨ, ਜਿਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜਿਹੜੇ ਪ੍ਰਸਿੱਧ ਫੌਜੀ ਇਤਿਹਾਸਕਾਰ ਵੀ ਹਨ, ਨੇ ਕਿਹਾ ਕਿ ਸਿਸਟਮ ਨੇ ਏਨੇ ਸਾਲ ਬਹੁਤ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ, ਵੱਖ-ਵੱਖ ਸੱਭਿਆਚਾਰਕ ਪਿਛੋਕੜ ਵਾਲੇ ਰੰਗਰੂਟਾਂ ਲਈ ਸੱਭਿਆਚਾਰਕ ਤੌਰ ਉੱਤੇਵੱਖਰੇ ਮਾਹੌਲ ਦੇ ਮੁਤਾਬਕ ਹੋਣਾ ਬਹੁਤ ਮੁਸ਼ਕਲ ਹੋਵੇਗਾ, ਜੋ ਇੱਕ ਖਾਸ ਰੈਜੀਮੈਂਟ ਲਈ ਵਿਸ਼ੇਸ਼ ਹੈ ਤੇ ਉਹ ਵੀ ਇੰਨੇ ਥੋੜ੍ਹੇ ਸਮੇਂ ਵਿੱਚ, ਜੋ ਪ੍ਰਭਾਵਸ਼ਾਲੀ ਢੰਗ ਨਾਲ ਤਿੰਨ ਸਾਲ ਤੋਂ ਘੱਟ ਸਮਾਂ ਬਣਦਾ ਹੈ। ਉਨ੍ਹਾ ਕਿਹਾ ਕਿ ਪਹਿਲਾਂ ਤੋਂ ਮੌਜੂਦ 7 ਤੇ 5 ਸਾਲ ਦੀ ਛੋਟੀ ਮਿਆਦ ਦਾ ਸਿਸਟਮ ਠੀਕ ਹੈ, ਪਰ ਚਾਰ ਸਾਲ, ਜੋ ਇੱਕ ਵਾਰ ਸਿਖਲਾਈ ਤੇ ਛੁੱਟੀ ਦਾ ਸਮਾਂ ਕੱਢ ਕੇ ਤਿੰਨ ਸਾਲ ਤੋਂ ਘੱਟ ਬਣਨਗੇ, ਕੰਮ ਦੇ ਯੋਗ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਪੇਸ਼ੇਵਰ ਫੌਜ ਲਈ ਇਹ ਸਿਸਟਮ ਕੰਮ ਕਰਨ ਯੋਗ ਨਹੀਂ ਹੋਵੇਗਾ।

ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਬਰੈਂਪਟਨ ਦੀ ਹੋਈ ਚੋਣ

(ਮਹਿੰਦਰ ਸਿੰਘ ਮੋਹੀ): ਪਿਛਲੇ ਸ਼ੁੱਕਰਵਾਰ ਗੋਰ ਮਲਟੀਪਲੈਕਸ ਵਿੱਚ ਐਸੋਸੀਏਟਿਡ ਸੀਨੀਅਰਜ ਕਲੱਬਜ, ਜੋ ਬਰੈਂਪਟਨ ਦੀ ਵੱਡੀ ਗਿਣਤੀ ਵਿੱਚ ਲੋਕਲ ਤੋਰ ਤੇ ਰਜਿਸਟਰਡ ਸੀਨੀਅਰ ਕਲੱਬਾ ਦੀ ਅਗਵਾਈ ਕਰਦੀ ਹੈ ਤੇ ਉਹਨਾਂ ਵਿੱਚ ਆਪਸੀ ਤਾਲਮੇਲ ਰੱਖਦੀ ਹੈ ,ਦੇ ਨੁਮਾਇੰਦਿਆਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ। ਇਸਦਾ ਮੁੱਖ ਏਜੰਡਾ ਪਿਛਲੇ ਤਿੰਨ ਸਾਲਾਂ ਤੋਂ ਕੰਮ ਕਰ ਰਹੀ ਕਮੇਟੀ ਦੀ ਮਿਆਦ ਪੂਰੀ ਹੋ ਜਾਣ ਕਾਰਨ ,ਇਸਨੂੰ ਭੰਗ ਕਰਨਾ ਤੇ ਇਸਦੀ ਥਾਂ ਤੇ ਨਵੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਕਰਨਾ ਸੀ।ਦੋ ਸਾਲ ਤੋਂ ਕਰੋਨਾ ਮਹਾਂਮਾਰੀ ਕਾਰਨ ਸਮਾਜਿਕ ਇਕੱਠ ਕਰਨ ਤੇ ਰੋਕ ਲਗੀ ਰਹੀ ਸੀ ।ਸਾਰੇ ਦੁਨੀਆ ਦੇ ਦੇਸ਼ਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਮਨੁੱਖੀ ਜਿੰਦਗੀਆਂ ਅਜਾਈ ਚਲੇ ਜਾਣ ਕਾਰਨ ਹਰ ਕੋਈ,ਖਾਸ ਕਰ ਸੀਨੀਅਰਜ ਦਹਿਸ਼ਤ ਤੇ ਮਾਨਸਿਕ ਤਨਾਅ ਵਿੱਚ ਜਿਉਦੇ ਆ ਰਹੇ ਸਨ।ਪਰ ਹੁਣ ਮਹਾਂਮਾਰੀ ਦਾ ਖਤਰਾ ਘੱਟ ਜਾਣ ਕਾਰਨ ਸਮਾਜਿਕ ਤੇ ਭਾਈਚਾਰਕ ਮਿਲਣੀਆਂ ਤੇ ਖੁਲ੍ਹ ਮਿਲਣ ਲੱਗ ਗਈ ਸੀ। ਅਜ ਸੀਨੀਅਰਜ ਵੱਲੋ ਸਜ ਧਜ ਕੇ ਤੇ ਚਿੰਤਾ ਮੁਕਤ ਹੋਕੇ, ਇਸ ਚੋਣ ਪ੍ਰਕਿਰਿਆ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਨੇ ਬਦਲੇ ਹੋਏ ਚੰਗੇ ਸਮੇ ਦੇ ਆਉਣ ਦਾ ਸੁਨੇਹਾ ਦੇ ਦਿੱਤਾ ਸੀ।

ਸਭ ਤੋਂ ਪਹਿਲਾ ਪਿਛਲੀ ਕਮੇਟੀ ਨੂੰ ਆਮ ਸਹਿਮਤੀ ਨਾਲ ਜੰਗੀਰ ਸਿੰਘ ਸ਼ੈਬੀ ਵਲੋ ਭੰਗ ਕਰਨ ਦਾ ਐਲਾਨ ਕੀਤਾ ਗਿਆ। ਨਾਲ ਹੀ ਇਸ ਚੋਣ ਇਜਲਾਸ ਵਿੱਚ ਚੋਣ ਕਰਵਾਉਣ ਲਈ ਗੁਰਮੇਲ ਸਿੰਘ ਸਗੂ ਦੀ ਪ੍ਰਧਾਨਗੀ ਵਿੱਚ ਰਾਮ ਪ੍ਰਕਾਸ਼ ਪਾਲ ਤੇ ਚਰਨਜੀਤ ਸਿੰਘ ਸੰਧੂ ਤੇ ਅਧਾਰਿਤ ਚੋਣ ਕਮੇਟੀ ਦੀ ਨਿਯੁਕਤੀ ਕੀਤੀ ਗਈ। ਅਜ ਦੇ ਇਸ ਸੀਨੀਅਰਜ ਦੇ ਸਾਰੇ ਸਮਾਗਮ ਦੀ ਪ੍ਰਧਾਨਗੀ ਲਈ ਸੁਖਦਰਸ਼ਨ ਸਿੰਘ ਕੁਲਾਰ ਦੀ ਚੋਣ ਕੀਤੀ ਗਈ।ਚੋਣ ਪ੍ਰਕਿਰਿਆ ਨੂੰ ਸ਼ੁਰ ਕਰਦਿਆ ਪ੍ਰੀਤਮ ਸਿੰਘ ਸਰਾ ਨੇ ਹਾਜਰ ਸਾਰੇ ਸੀਨੀਅਰਜ ਨੂੰ ਜੀ ਆਇਆ ਕਿਹਾ ।ਕਮੇਟੀ ਦੇ ਕੈਸ਼ੀਅਰ ਕਰਤਾਰ ਸਿੰਘ ਚਾਹਲ ਵੱਲੋ ਪਿਛਲੇ ਸਮੇ ਵਿਚ ਹੋਈ ਆਮਦਨ ਤੇ ਖਰਚ ਦਾ ਵੇਰਵਾ ਵਿਸਥਾਰ ਨਾਲ ਸਾਰੇ ਹਾਉਸ ਦੇ ਸਾਹਮਣੇ ਰਖਿਆ, ਜਿਸਨੂੰ ਸਾਰੇ ਹਾਜਰ ਮੈਂਬਰਾ ਨੇ ਪਰਵਾਨਗੀ ਦੇ ਦਿੱਤੀ । ਵਖ ਵਖ ਬੁਲਾਰਿਆ ਵਲੋ ਐਸੋਸੀਏਸ਼ਨ ਆਫ ਸੀਨੀਅਰਜ ਕਲੱਬ ਦੇ ਪਿਛਲੇ ਪ੍ਰਧਾਨ ਤੇ ਸਾਰੇ ਅਹੁਦੇਦਾਰਾਂ ਵਲੋ ਰਲ ਕੇ ਕਲੱਬ ਨੂੰ ਇਮਾਨਦਾਰੀ ਤੇ ਮਿਹਨਤ ਨਾਲ ਕਾਰਜਸ਼ੀਲ ਰਖਦਿਆਂ, ਉਹਨਾ ਦੇ ਮਸਲੇ ਹਲ ਕਰਨ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹਿਣ ਤੇ ਪਰੈਸ ਤੇ ਮੀਡੀਆ ਦੇ ਹਰ ਖੇਤਰ ਵਿੱਚ ਉਹਨਾ ਦੇ ਇਸ਼ੂ ਨੂੰ ਉਭਰਨ ਦੇ ਯਤਨਾ ਦੀ ਪ੍ਰਸੰਸਾ ਕੀਤੀ ਗਈ। ਪਿਛਲੀ ਕਮੇਟੀ ਵਲੋ ਪਰਮਜੀਤ ਬੜਿੰਗ ਨੇ ਸੀਨੀਅਰਜ ਵਲੋ ਉਹਨਾ ਨੂੰ ਦਿਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।ਉਹਨਾ ਨੇ ਆਸ ਪ੍ਰਗਟਾਈ ਕਿ ਨਵੀ ਚੁਣੀ ਜਾਣ ਵਾਲੀ ਕਮੇਟੀ ਹੋਰ ਵੀ ਕਾਰਜਸ਼ੀਲ ਰਹਿ ਕੇ ਸੀਨੀਅਰਜ ਦੇ ਭਖਦੇ ਮਸਲੇ ਸਬੰਧਤ ਅਧਿਕਾਰੀਆ ਤੇ ਮੀਡੀਆ ਵਿੱਚ ਹਾਈਲਾਈਟ ਕਰਦੀ ਰਹੇਗੀ ।ਉਹਨਾ ਨੇ ਪਿਛਲੀ ਕਮੇਟੀ ਵੱਲੋ ਹਰ ਪਖੋਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸਦੇ ਨਾਲ ਹੀ ਮੈਂਬਰਾ ਦੀ ਸਹਿਮਤੀ ਨਾਲ ਜੰਗੀਰ ਸਿੰਘ ਸ਼ੈਬੀ ਵੱਲੋ ਪੁਰਣੀ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਗਿਆ । ਐਸੋਸੀਏਸ਼ਨ ਆਫ ਸੀਨੀਅਰਜ ਦੇ ਸਵਿਧਾਨ ਅਨੁਸਾਰ ਪਹਿਲੀ ਕਮੇਟੀ ਵਿੱਚੋ ਦੋ ਮੈਬਰ ਤੇ ਪੰਜ ਹੋਰ ਮੈਂਬਰਾ ਦੀ ਚੋਣ ਕੀਤੀ ਜਾਣੀ ਸੀ।ਵਖ ਵਖ ਬੁਲਾਰਿਆ ਨੇ ਇਹ ਚੋਣ ਸਰਬਸੰਮਤੀ ਨਾਲ ਕਰਨ, ਤੇ ਪੜੇ ਲਿਖੇ ਕੰਪਿਊਟਰ ਤੇ ਅੰਗਰੇਜ਼ੀ ਭਾਸ਼ਾ ਦਾ ਭਰਪੂਰ ਗਿਆਨ ਰਖਣ ਵਾਲੇ ਸੂਝਵਾਨ ਸੀਨੀਅਰਜ ਨੂੰ ਚੁਣੇ ਜਾਣ ਦੀ ਅਪੀਲ ਕੀਤੀ।ਇਸਦੇ ਨਾਲ ਹੀ ਸਿਟੀ, ਸਟੇਟ ਤੇ ਫੈਡਰਲ ਲੈਵਲ ਦੇ ਸੀਨੀਅਰਜ ਦੇ ਮਸਲੇ ਸਬੰਧਤ ਅਧਿਕਾਰੀਆ ਕੋਲ ਉਠਾਉਣ ਤੇ ਤਰਕ ਤੇ ਦਲੀਲ ਨਾਲ ਹਰ ਇਸ਼ੂ ਤੇ ਵਿਚਾਰ ਕਰਨ ਦੀ ਸਮਰੱਥਾ ਰੱਖਣ ਵਾਲੇ ਤੇ ਇਸਦੇ ਲਈ ਲੋੜੀਦਾ ਸਮਾ ਦੇਣ ਵਾਲੇ ਜਿੰਮੇਵਾਰ ਨੁਮਾਇੰਦਿਆਂ ਨੂੰ ਹੀ ਅੱਗੇ ਆਉਣ ਦੀ ਬੇਨਤੀ ਕੀਤੀ ਗਈ।ਅਖੀਰ ਵਿੱਚ ਸਾਰੇ ਹਾਜਰ ਸੀਨੀਅਰਜ ਵੱਲੋ ਸਰਵਸੰਮਤੀ ਨਾਲ ਪ੍ਰਧਾਨ ਤੇ ਸਾਰੇ ਅਹੁਦੇਦਾਰ ਦੀ ਚੋਣ ਕੀਤੀ ਗਈ। ਜਿਸਦਾ ਵੇਰਵਾ ਹੇਠਾ ਦਿੱਤਾ ਗਿਆ ਹੈ।

ਪ੍ਰਧਾਨ:ਜੰਗੀਰ ਸਿੰਘ ਸੈਂਭੀ: 416 409 0126
ਉਪਪ੍ਰਧਾਨ:ਰਣਜੀਤ ਸਿੰਘ ਤਗੜ 416 878 3711
ਸਕੱਤਰ:ਪ੍ਰੀਤਮ: ਸਿੰਘ ਸਰਾਂ 416 833 0567
ਵਿੱਤ ਸਕੱਤਰ :ਅਮਰੀਕ ਸਿੰਘ ਕੁਮਾਰੀਆ 647 998 7253
ਮੀਡੀਆ ਐਡਵਾਈਜ਼ਰ : ਮਹਿੰਦਰ ਸਿੰਘ ਮੋਹੀ 416 659 1232
ਡਇਰੈਕਟਰਜ: ਪ੍ਰਿਤਪਾਲ ਸਿੰਘ ਗਰੇਵਾਲ:647 209 9905
ਇਕਬਾਲ ਸਿੰਘ ਵਿਰਕ 647 704 7803

ਗਵਰਨਰ ਜਨਰਲ ਦੇ ਮਿਡਲ ਈਸਟ ਦੌਰੇ ਦੌਰਾਨ ਸਿਰਫ ਹਵਾਈ ਸਫਰ ਉੱਤੇ ਖਰਚ ਹੋਏ 100,000 ਡਾਲਰ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ 58 ਹੋਰਨਾਂ ਅਧਿਕਾਰੀਆਂ ਵੱਲੋਂ 5 ਮਾਰਚ ਤੇ 11 ਮਾਰਚ ਨੂੰ ਲੰਡਨ, ਰੀਗਾ, ਬਰਲਿਨ, ਵਾਰਸਾਅ ਤੇ ਵਾਪਿਸ ਕੈਨੇਡਾ ਆਉਣ ਉੱਤੇ 57,401.56 ਡਾਲਰ ਖਰਚ ਕੀਤੇ ਗਏ। ਇਸ ਦੌਰਾਨ ਫਿਊਲ ਦਾ ਬਿੱਲ 195,265.47 ਡਾਲਰ ਬਣਿਆ।

ਯੂਰਪ ਦੇ ਇੱਕ ਹੋਰ ਦੌਰੇ ਦੌਰਾਨ ਟਰੂਡੋ ਤੇ 47 ਹੋਰਨਾਂ ਅਧਿਕਾਰੀਆਂ ਵੱਲੋਂ ਯੂਰਪ ਦੇ ਕੀਤੇ ਗਏ ਟੂਰ ਉੱਤੇ 46,018.07 ਡਾਲਰ ਖਰਚ ਕੀਤੇ ਗਏ ਤੇ ਇਸ ਦੌਰਾਨ ਫਿਊਲ ਉੱਤੇ 114,255.83 ਡਾਲਰ ਖਰਚੇ ਗਏ।

ਇਸ ਦੌਰਾਨ ਰੀਡੋ ਹਾਲ ਦੀ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਨਤਾਲੀ ਬਾਬਿਨ ਡਫਰੈਸਨ ਵੱਲੋਂ ਸਾਈਮਨ ਦੇ ਮਿਡਲ ਈਸਟ ਦੌਰੇ ਉੱਤੇ ਆਏ ਖਰਚ ਦਾ ਵੇਰਵਾ ਮੁਹੱਈਆ ਕਰਵਾਇਆ ਗਿਆ।ਉਨ੍ਹਾਂ ਆਖਿਆ ਕਿ ਗਵਰਨਰ ਜਨਰਲ ਪ੍ਰਧਾਨ ਮੰਤਰੀ ਦੇ ਕਹਿਣ ਉੱਤੇ ਅਤੇ ਕੈਨੇਡਾ ਦੇ ਕੌਮਾਂਤਰੀ ਡਿਪਲੋਮੈਟਿਕ ਸਬੰਧਾਂ ਨੂੰ ਸੁਧਾਰਨ ਲਈ ਅਜਿਹੇ ਦੌਰੇ ਕਰਦੇ ਹਨ।ਇਸ ਉੱਤੇ ਬੈਰੇਟ ਨੇ ਆਖਿਆ ਕਿ ਉਹ ਆਲ੍ਹਾ ਅਧਿਕਾਰੀਆਂ ਦੇ ਅਜਿਹੇ ਦੌਰਿਆਂ ਦੀ ਅਹਿਮੀਅਤ ਸਮਝਦੇ ਹਨ ਪਰ ਇਸ ਦੌਰਾਨ ਸ਼ਾਹਾਨਾਂ ਸੇਵਾਵਾਂ ਦਾ ਉਹ ਜਿਹੜਾ ਆਨੰਦ ਮਾਣਦੇ ਹਨ ਉਸ ਉੱਤੇ ਹੋਣ ਵਾਲੇ ਖਰਚੇ ਉੱਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਇਹ ਤਾਂ ਜਹਾਜ਼ ਉੱਤੇ ਮੁਹੱਈਆ ਕਰਵਾਈਆਂ ਗਈਆਂ ਸੇਵਾਵਾਂ ਦਾ ਖਰਚ ਹੈ ਇਸ ਤੋਂ ਇਲਾਵਾ ਉਹ ਆਪਣੀ ਮੰਜ਼ਿਲ ਉੱਤੇ ਪਹੁੰਚ ਕੇ ਕਿੰਨਾ ਖਰਚ ਕਰਦੇ ਹਨ ਇਸ ਦਾ ਵੇਰਵਾ ਸਾਡੇ ਕੋਲ ਨਹੀਂ ਹੈ। ਜਿੰਨਾ ਖਰਚ ਇਨ੍ਹਾਂ ਅਧਿਕਾਰੀਆਂ ਵੱਲੋਂ ਇੱਕ ਟਰਿੱਪ ਉੱਤੇ ਕੀਤਾ ਜਾਂਦਾ ਹੈ ਉਸ ਨਾਲ ਇੱਕ ਸਾਲ ਵਾਸਤੇ ਆਮ ਕੈਨੇਡੀਅਨਾਂ ਦੇ ਘਰ ਦਾ ਖਰਚਾ ਚੱਲ ਸਕਦਾ ਹੈ।

ਦਿੱਲੀ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਵਾਸਤੇ ਪੰਜਾਬ ਤੋਂ ਸਰਕਾਰੀ ਵੋਲਵੋ ਬੱਸਾਂ ਚੱਲਣੀਆਂ ਸ਼ੁਰੂ

* ਮਾਨ ਤੇ ਕੇਜਰੀਵਾਲ ਨੇ ਹਰੀ ਝੰਡੀ ਦੇ ਕੇ ਸ਼ੁਰੂਆਤ ਕੀਤੀ

ਜਲੰਧਰ, 16 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਦੋ ਪ੍ਰਮੁੱਖ ਆਗੂਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜਏਥੋਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਵੋਲਵੋਬੱਸ ਸੇਵਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਬੱਸ ਸਰਵਿਸ ਸ਼ੁਰੂ ਹੋਣ ਦੀ ਚਿਰਾਂ ਤੋਂ ਉਡੀਕ ਕੀਤੀ ਜਾ ਰਹੀ ਸੀ, ਜਿਹੜੀ ਅੱਜ ਬਾਕਾਇਦਾ ਸ਼ੁਰੂ ਹੋ ਸਕੀ ਹੈ।

ਇਸ ਮੌਕੇ ਹੋਏ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਅੱਜ ਇਤਿਹਾਸਕ ਮੌਕਾ ਹੈ, ਜਦੋਂ ਅਸੀਂ ਪ੍ਰਾਈਵੇਟ ਟਰਾਂਸਪੋਰਟਰਾਂ ਦਾ ਏਕਾਧਿਕਾਰ ਬੰਦ ਕਰਕੇ ਪੰਜਾਬ ਦੇ ਲੋਕਾਂ ਨਾਲ ਇੱਕ ਹੋਰ ਵਾਅਦਾ ਪੂਰਾ ਕੀਤਾ ਹੈ।ਰਾਜ ਸਰਕਾਰ ਨੇ ਦਿੱਲੀ ਏਅਰਪੋਰਟ ਲਈ ਸਿਰਫ 1170 ਰੁਪਏ ਦੇ ਕਿਰਾਏ ਨਾਲ ਲਗਜ਼ਰੀ ਬੱਸ ਸੇਵਾ ਚਲਾਈ ਹੈ, ਜਿਸ ਨਾਲ ਨਿੱਜੀ ਟਰਾਂਸਪੋਰਟਰਾਂ ਵੱਲੋਂ ਕੀਤੀ ਜਾਂਦੀ ਲੋਕਾਂ ਦੀ ਲੁੱਟ ਖਤਮ ਹੋ ਜਾਵੇਗੀ। ਉਨ੍ਹਾ ਕਿਹਾ ਕਿ ਜਲੰਧਰ ਬੱਸਅੱਡੇ ਤੋਂ ਦਿੱਲੀ ਹਵਾਈ ਅੱਡੇ ਨੂੰ ਰੋਜ਼ 7 ਵੋਲਵੋ ਬੱਸਾਂ ਜਾਣਗੀਆਂ ਤੇਏਦਾਂ ਹੀ ਮੁਸਾਫਰਾਂ ਦੀ ਸਹੂਲਤ ਲਈ ਅੰਮ੍ਰਿਤਸਰ, ਪਠਾਨਕੋਟ, ਲੁਧਿਆਣਾ, ਹੁਸ਼ਿਆਰਪੁਰ, ਕਪੂਰਥਲਾ, ਪਟਿਆਲਾ ਤੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਨੂੰ ਅਜਿਹੀਆਂ ਬੱਸਾਂ ਜਾਣਗੀਆਂ।ਉਨ੍ਹਾ ਕਿਹਾ ਕਿ ਇਹ ਬੱਸਾਂ ਸਸਤੇ ਕਿਰਾਏ ਨਾਲ ਏਅਰਪੋਰਟ ਅਤੇ ਹੋਰ ਸਹੂਲਤਾਂ ਲਈ ਆਰਾਮਦ-ਾਇਕ ਨਿਰਵਿਘਨ ਸਫਰ ਪੇਸ਼ ਕਰਨਗੀਆਂ।ਉਨ੍ਹਾਂ ਕਿਹਾ ਕਿ ਹਵਾਈ ਅੱਡੇਜਾਣ ਵਾਲੇ ਯਾਤਰੀ ਤਿੰਨ ਮਹੀਨੇ ਅਗੇਤੀ ਆਨਲਾਈਨ ਟਿਕਟ ਬੁੱਕ ਕਰ ਸਕਦੇ ਹਨ, ਜਦਕਿ ਬੱਸ ਸਟੈਂਡ ਦੇ ਕਾਊਂਟਰਾਂ ਉੱਤੇ ਟਿਕਟਾਂ ਛੇ ਮਹੀਨੇ ਪਹਿਲਾਂ ਬੁੱਕ ਕੀਤੀਆਂ ਜਾ ਸਕਣਗੀਆਂ।ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨੂੰ ਪੰਜਾਬ ਵਾਸੀਆਂ ਨੇ ਸੇਵਾ ਦਾ ਮੌਕਾ ਦਿੱਤਾ ਹੈ ਤਾਂ ਇਨ੍ਹਾਂ ਬੱਸਾਂ ਚੱਲਣ ਨਾਲ ਪੰਜਾਬ ਵਿੱਚ ਟਰਾਂਸਪੋਰਟ ਮਾਫੀਆ ਬੀਤੇ ਦੀ ਗੱਲ ਬਣਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਕਈ ਦਹਾਕਿਆਂ ਤੋਂ ਇਸ ਰੂਟ ਉੱਤੇ ਸਿਰਫ਼ ਨਿੱਜੀ ਟਰਾਂਸਪੋਰਟਰ ਬੱਸਾਂ ਚਲਾ ਰਹੇ ਸਨ ਤੇ ਵੱਧ ਕਿਰਾਏ ਲੈ ਕੇ ਲੋਕਾਂ ਦੀ ਲੁੱਟ ਕਰਦੇ ਹਨ। ਹਵਾਈ ਅੱਡੇ ਤੱਕ ਸਰਕਾਰੀ ਬੱਸਾਂ ਨਾ ਚੱਲਣ ਲਈ ਕਾਂਗਰਸ ਅਤੇ ਅਕਾਲੀ ਸਰਕਾਰਾਂ ਨੂੰ ਸਿੱਧੇ ਜ਼ਿਮੇਵਾਰ ਕਹਿ ਕੇਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਸੌੜੇ ਹਿੱਤ ਉਨ੍ਹਾਂ ਨੂੰ ਲੋਕਾਂ ਦੇ ਭਲੇ ਤੋਂ ਰੋਕਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਦੋਵਾਂ ਪਾਰਟੀਆਂ ਦੇ ਟਰਾਂਸਪੋਰਟਰਆਗੂ ਸਰਕਾਰੀ ਬੱਸਾਂ ਨੂੰ ਇਸ ਰੂਟ ਉੱਤੇ ਚੱਲਣਤੋਂ ਰੋਕ ਕੇ ਨਾਜਾਇਜ਼ ਪੈਸੇ ਕਮਾ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੋਕਾਂ ਦਾ ਪੈਸਾ ਬੇਰਹਿਮੀ ਨਾਲ ਲੁੱਟਿਆ ਤੇ ਸਾਬਕਾ ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕ ਲੋਕਾਂ ਨੂੰ ਸਹੂਲਤਾਂ ਦੀ ਥਾਂ ਆਪਣੀਆਂ ਬੱਸਾਂ ਦੀ ਗਿਣਤੀ ਵਧਾਉਣਲੱਗੇ ਹੋਏ ਸਨ ਅਤੇ ਸਰਕਾਰ ਦੀ ਤਾਕਤ ਲੋਕਾਂ ਦੇ ਭਲੇ ਉੱਤੇ ਨਹੀਂ, ਸਗੋਂ ਟਰਾਂਸਪੋਰਟ ਮਾਫੀਆ ਦੇ ਲਾਭ ਲਈ ਵਰਤੀ ਗਈ ਸੀ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਮੌਕੇ ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣ ਦਾ ਵਾਅਦਾ ਕੀਤਾ ਤੇ ਕਿਹਾ ਕਿ ਗੈਂਗਸਟਰਵਾਦ ਅਕਾਲੀਆਂ ਤੇ ਕਾਂਗਰਸੀਆਂ ਦੀ ਸ਼ਹਿ ਤੋਂ ਪੈਦਾ ਹੋਇਆ ਹੈ, ਜਿਨ੍ਹਾਂ ਨੇ ਅਪਰਾਧੀਆਂ ਨੂੰ ਖੁੱਲ੍ਹੀਸੁਰੱਖਿਆਦਿੱਤੀ ਸੀ। ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਗੈਂਗਸਟਰਾਂ ਦੀ ਸੁਰੱਖਿਆ ਖਤਮ ਹੋ ਗਈ ਹੈ ਅਤੇ ਇਹ ਛੇਤੀ ਸੀਖਾਂ ਪਿੱਛੇ ਹੋਣਗੇ।ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਪੰਜਾਬ ਲਈ ਅਹਿਮ ਹੈ,ਜਦੋਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਵੋਲਵੋ ਬੱਸਾਂ ਚੱਲਣ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਹੂਲਤ ਖਾਸ ਕਰਕੇ ਪ੍ਰਵਾਸੀ ਪੰਜਾਬੀਆਂ ਲਈ ਵਧੇਰੇ ਆਰਾਮਦਾਇਕ ਅਤੇ ਲਾਹੇਵੰਦ ਹੋਵੇਗੀ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਦਰਸ਼ੀ ਢੰਗ ਨਾਲ ਕੰਮ ਕਰਦੀਇਮਾਨਦਾਰ ਸਰਕਾਰ ਹੈ, ਜਿਸ ਨੇ ਕਈ ਲੋਕ ਪੱਖੀ ਪਹਿਲਕਦਮੀਆਂ ਨੂੰ ਲਾਗੂ ਕਰਨ ਦਾ ਰਾਹ ਸਾਫ ਕੀਤਾ ਅਤੇ ਹੋਰ ਅਗਲੇ ਕਦਮ ਚੁੱਕ ਰਹੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਜਾਅਲੀ ਖਿਡਾਰੀ ਸਰਟੀਫਿਕੇਟ ਬਣਾ ਕੇ ਵੇਚਣ ਵਾਲਾ ਕਾਬੂ

ਗੁਰਦਾਸਪੁਰ, 16 ਜੂਨ (ਪੋਸਟ ਬਿਊਰੋ)- ਥਾਣਾ ਸਿਟੀ ਦੀ ਪੁਲਸ ਨੇ ਇੱਕ ਆਦਮੀ ਨੂੰ ਅੱਠ ਜਾਅਲੀ ਮੋਹਰਾਂ, ਗਿਆਰਾਂ ਜਾਅਲੀ ਖੇਡ ਸਰਟੀਫਿਕੇਟਾਂ ਨਾਲ ਗ੍ਰਿਫਤਾਰ ਕੀਤਾ ਹੈ। ਉਹ ਖੇਡਾਂ ਨਾਲ ਸਬੰਧਤ ਜਾਅਲੀ ਸਰਟੀਫਿਕੇਟ ਬਣਾ ਕੇ ਲੋਕਾਂ ਤੋਂ ਸੱਤ ਤੋਂ ਵੀਹ ਹਜ਼ਾਰ ਰੁਪਏ ਪ੍ਰਤੀ ਸਰਟੀਫਿਕੇਟ ਵਸੂਲਦਾ ਸੀ। ਦੋਸ਼ੀ ਦੀ ਨਿਸ਼ਾਨਦੇਹੀ ਉੱਤੇ ਇੱਕ ਪ੍ਰਿੰਟਰ, ਇੱਕ ਲੈਪਟਾਪ, ਅੱਠ ਪੱਤੇ ਹੋਲੋਗਰਾਮ ਅਤੇ 34 ਖਾਲੀ ਸਰਟੀਫਿਕੇਟ ਫੜੇ ਗਏ ਹਨ। ਦੋਸ਼ੀ ਦੀ ਪਛਾਣ ਦਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਪਿੰਡ ਮਿਰਜ਼ਾ ਜਾਨ ਥਾਣਾ ਕਿਲਾ ਲਾਲ ਸਿੰਘ (ਬਟਾਲਾ) ਵਜੋਂ ਹੋਈ ਹੈ। ਇਸ ਬਾਰੇ ਐਸ ਪੀ (ਡੀ) ਨੇ ਦੱਸਿਆ ਕਿ ਦੋਸ਼ੀ ਦਵਿੰਦਰ ਸਿੰਘ ਦਾ ਪੋਲਟਰੀ ਫਾਰਮ ਹੈ ਤੇ ਲੋਕਾਂ ਨੂੰ ਧੋਖਾ ਦੇਣ ਲਈ ਉਸ ਨੇ ਵੈਬਸਾਈਟ ਬਣਾ ਰੱਖੀ ਸੀ, ਜਿਸ ਉੱਤੇ ਉਹ ਬਣਾਇਆ ਜਾਅਲੀ ਸਰਟੀਫਿਕੇਟ ਅਪਲੋਡ ਕਰ ਦਿੰਦਾ ਸੀ ਤਾਂ ਕਿ ਜੇ ਕਿਸੇ ਨੂੰ ਕੋਈ ਸ਼ੱਕ ਹੋਵੇ ਤਾਂ ਹੋਲੋਗਰਾਮ ਸਕੈਨ ਕਰ ਕੇ ਵੈਬ ਸਾਈਟ ਉੱਤੇ ਸਰਟੀਫਿਕੇਟ ਚੈਕ ਕਰ ਸਕੇ ਤੇ ਲੋਕਾਂ ਨੂੰ ਯਕੀਨ ਹੋ ਜਾਵੇ ਕਿ ਇਹ ਸਰਟੀਫਿਕੇਟ ਵੈਬਸਾਈਟ ਉੱਤੇ ਵੀ ਮੌਜੂਦ ਹੈ।

ਪਾਣੀ ਦੀ ਘਰੇਲੂ ਵਰਤੋਂ ਸਬੰਧੀ ਲੋਕਾਂ ਦੀ ਸੋਚ

ਡਾ. ਅਮਨਪ੍ਰੀਤ ਸਿੰਘ ਬਰਾੜ

ਇਸ ਵਿਚ ਕੋਈ ਦੋ ਰਾਇ ਨਹੀਂ ਕੇ ਜੀਵਨ ਜਿਉਣ ਲਈ ਪਾਣੀ ਦੂਜੇ ਨੰਬਰ ਤੇ ਆਉਂਦਾ ਹੈ। ਪਹਿਲਾ ਹਵਾ ਜਿੱਥੋਂ ਅਸੀਂ ਸਾਹ ਲੈਂਦੇ ਹਾਂ ਅਤੇ ਦੂਜਾ ਸਥਾਨ ਪਾਣੀ ਦਾ ਉਸ ਤੋਂ ਅੱਗੇ ਖ਼ੁਰਾਕ ਆਉਂਦੀ ਹੈ। ਪਾਣੀ ਦੀ ਉਪਲੱਬਧਤਾ, ਇਸ ਦੀ ਵਰਤੋਂ ਅਤੇ ਧਰਤੀ ਹੇਠਲੇ ਪਾਣੀ ਦੇ ਨੀਵੇਂ ਜਾਣ ਦੇ ਚਰਚੇ ਆਏ ਦਿਨ ਮੀਡੀਆ ਵਿੱਚ ਹੁੰਦੇ ਰਹਿੰਦੇ ਹਨ। ਖ਼ਬਰਾਂ ਲਿਖਣ ਵਾਲਿਆਂ ਦਾ ਅਤੇ ਲਿਖਾਰੀਆਂ ਦਾ ਆਮ ਸੁਭਾ ਹੀ ਬਣ ਗਿਆ ਹੈ ਕਿ ਪਾਣੀ ਹੇਠਾਂ ਜਾਣ ਦੀਆਂ ਜਾਂ ਪਾਣੀ ਦੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਦਾ ਠੀਕਰਾ ਆਮ ਤੌਰ ਤੇ ਕਿਸਾਨਾਂ ਸਿਰ ਹੀ ਮੜ੍ਹਿਆ ਜਾਂਦਾ ਹੈ। ਇਹ ਠੀਕ ਹੈ ਕਿ ਤਕਰੀਬ 80 ਪ੍ਰਤੀਸ਼ਤ ਪਾਣੀ ਦੀ ਵਰਤੋਂ ਫ਼ਸਲਾਂ ਲਈ ਹੁੰਦੀ ਹੈ। ਪਰ 20 ਪ੍ਰਤੀਸ਼ਤ ਪਾਣੀ ਘਰੇਲੂ ਅਤੇ ਉਦਯੋਗਾਂ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਭੀ ਕਿਫਾਇਤ ਦੀ ਲੋੜ ਹੈ। ਪਾਣੀ ਦੀ ਘਰੇਲੂ ਵਰਤੋਂ ਲਈ ਲੋਕਾਂ ਦੀ ਕੀ ਧਾਰਨਾ ਅਤੇ ਵਿਚਾਰੈਂ ਹਨਇਹ ਜਾਨਣ ਲਈ ਪੰਜਾਬ ਦੇ ਸ਼ਹਿਰਾਂ ਵਿੱਚ ਸੈਂਪਲ ਸਰਵੇ ਕੀਤਾ ਗਿਆ ਸੀ। ਇਸ ਲੇਖ ਵਿੱਚ ਲੋਕਾਂ ਦੀ ਜਾਣਕਾਰੀ ਅਤੇ ਧਾਰਨਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੈਂਪਲ ਸਰਵੇ ਵਿੱਚ ਕੋਸ਼ਿਸ਼ ਕੀਤੀ ਗਈ ਸੀ ਕੇ ਸ਼ਹਿਰ ਦੇ ਹਰ ਵਰਗ ਨੂੰ ਨੁਮਾਇੰਦਗੀ ਮਿਲੇ। ਇਸ ਖੋਜ ਵਿੱਚ ਪੰਜ ਸ਼ਹਿਰ ਗੁਰਦਾ-ਸਪੁਰ, ਜਲੰਧਰ, ਲੁਧਿਆਣਾ, ਬਠਿੰਡਾ ਅਤੇ ਫਰੀਦਕੋਟ ਲਈ ਗਏ ਸੀ ਤੇ ਪਹਿਲੇ ਤਿੰਨ ਸ਼ਹਿਰਾਂ ਵਿੱਚ ਘਰੇਲੂ ਵਰਤੋਂ ਲਈ ਟਿਊਬਵੈੱਲਾਂ ਦਾ ਪਾਣੀ ਵਰਤਿਆ ਜਾਂਦਾ ਹੈ ਅਤੇ ਬਠਿੰਡਾ ਅਤੇ ਫਰੀਦਕੋਟ ਵਿੱਚ ਪੀਣ ਲਈ ਨਹਿਰੀ ਪਾਣੀ ਅਤੇ ਬਾਕੀ ਕੰਮਾਂ ਲਈ ਟਿਊਬਵੈੱਲਾਂ ਦਾ ਪਾਣੀ। ਖੋਜ ਦੇ ਨਤੀਜੇ ਹੇਠ ਪ੍ਰਕਾਰ ਹਨ ।

ਪਾਣੀ ਸਬੰਧੀ ਜਾਣਕਾਰੀ : ਪਾਣੀ ਦੀ ਉਪਲੱਬਤਾਂ ਅਤੇ ਵਰਤੋਂ ਸਬੰਧੀ ਜਾਣਕਾਰੀ ਪੜ੍ਹਾਈ, ਆਮਦਨ ਅਤੇ ਉਮਰ ਨਾਲ ਸਬੰਧਤ ਹੈ। ਜਿਹੜੇ ਲੋਕ ਪੜ੍ਹੇ ਲਿਖੇ ਹਨ ਅਤੇ ਜਿਨ੍ਹਾਂ ਦੀ ਆਮਦਨ ਜ਼ਿਆਦਾ ਹੈ ਉਹਨਾਂ ਨੂੰ ਪਾਣੀ ਦੀਆਂ ਸਮੱਸਿਆਵਾਂ ਬਾਰੇ ਭੀ ਜ਼ਿਆਦਾ ਜਾਣਕਾਰੀ ਹੈ ਪਰ ਉਮਰ ਨਾਲ ਇਸ ਦਾ ਸਬੰਧ ਉਲਟਾ ਹੈ। ਯਾਨੀ ਵਡੇਰੀ ਉਮਰ ਦੇ ਲੋਕਾਂ ਨੂੰ ਜਾਣਕਾਰੀ ਘੱਟ ਹੈ ਬਨਿਸਬਤ ਛੋਟੀ ਉਮਰ ਵਾਲਿਆਂ ਦੇ। ਪਾਣੀ ਦੀ ਗੁਣਵੱਤਾ ਬਾਰੇ ਆਮ ਲੋਕਾਂ ਦੀ ਰਾਏ ਹੈ ਕਿ ਬਹੁਤ ਚੰਗਾ 10 ਪ੍ਰਤੀਸ਼ਤ, ਚੰਗਾ 28 ਪ੍ਰਤੀਸ਼ਤ ਦਰਮਿ-ਆਨਾ 36 ਪ੍ਰਤੀਸ਼ਤ ਅਤੇ ਮਾੜਾ 23 ਪ੍ਰਤੀਸ਼ਤ ਔਸਤਨ 70 ਪ੍ਰਤੀਸ਼ਤ ਲੋਕ ਜਾਣਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਉਪਲੱਬਧਤਾ ਘਟੇਗੀ ਅਤੇ ਤੰਗੀ ਆਵੇਗੀ। 82 ਪ੍ਰਤੀਸ਼ਤ ਲੋਕਾਂ ਦੀ ਰਾਏ ਹੈ ਕੇ ਕਾਰਾਂ ਅਤੇ ਵਿਹੜੇ ਪਾਈਪ ਲਾ ਕੇ ਧੋਣੇ ਬੰਦ ਕੀਤੇ ਜਾਣੇ ਚਾਹੀਦੇ ਹਨ ।

ਪਾਣੀ ਦੀ ਵਰਤੋਂ: ਸਾਰੇ ਸ਼ਹਿਰਾਂ ਵਿੱਚ ਔਸਤ 69 ਪ੍ਰਤੀਸ਼ਤ ਘਰ ਕਮੇਟੀ ਦੀ ਟੂਟੀ ਦਾ ਪਾਣੀ ਵਰਤਦੇ ਹਨ । 45 ਪ੍ਰਤੀਸ਼ਤ ਸਬਮਰਸੀਬਲ ਮੋਟਰ ਦਾ, 30 ਪ੍ਰਤੀਸ਼ਤ ਨਲਕੇ ਦਾ ਅਤੇ 7 ਪ੍ਰਤੀਸ਼ਤ ਬੰਦ ਬੋਤਲ ਦਾ। ਕੁੱਝ ਲੋਕਾਂ ਨੇ ਦੋ ਸਰੋਤ ਰੱਖੇ ਹਨ-ਕਾਰਪੋਰੇਸ਼ਨ ਸਪਲਾਈ ਭੀ ਅਤੇ ਆਪਣਾ ਪਾਣੀ ਭੀ । ਯਾਨੀ ਕੇ ਸਬਮਰਸੀਬਲ ਜਾਂ ਨਲਕਾ ਭੀ ਘਰ ਲੱਗਿਆ ਹੈ। ਜਿਹੜੇ ਲੋਕ ਛੋਟੇ ਘਰਾਂ ਵਿੱਚ ਰਹਿੰਦੇ ਹਨ ਉਹ ਪ੍ਰਤੀ ਜੀਅ ਪ੍ਰਤੀ ਦਿਨ 101 ਲਿਟਰ ਪਾਣੀ, ਦਰਮਿਆਨੇ ਘਰ ਵਾਲੇ 123 ਲਿਟਰ ਅਤੇ ਵੱਡੇ ਘਰਾਂ ਵਾਲੇ 126 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਵਰਤਦੇ ਹਨ। ਸਾਰੇ ਸ਼ਹਿਰਾਂ ਦੇ ਔਸਤ ਪਾਣੀ ਦੀ ਖਪਤ ਗਰਮੀਆਂ ਵਿੱਚ 134 ਲਿਟਰ ਅਤੇ ਸਰਦੀਆਂ ਵਿੱਚ 99 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਹੁੰਦੀ ਹੈ। ਇਸ ਵਿੱਚੋਂ ਪੀਣ ਅਤੇ ਖਾਣਾਂ ਬਣਾਉਣ ਬਰਤਨ ਸਾਫ ਕਰਨਲਈ 24 ਪ੍ਰਤੀਸ਼ਤ, ਨਹਾਉਣ ਲਈ 30 ਪ੍ਰਤੀਸ਼ਤ, ਕੱਪੜੇ ਧੋਣ ਲਈ 30 ਪ੍ਰਤੀਸ਼ਤ, ਗੱਡੀਆਂ ਧੋਣ ਲਈ 7 ਪ੍ਰਤੀਸ਼ਤ, ਬੂਟਿਆਂ ਨੂੰ ਪਾਣੀ ਦੇਣ ਲਈ 8 ਪ੍ਰਤੀਸ਼ਤ ਅਤੇ ਪਾਲਤੂ ਜਾਨਵਰਾਂ ਲਈ ਇੱਕ ਪ੍ਰਤੀਸ਼ਤ ਪਾਣੀ ਵਰਤਿਆ ਜਾਂਦਾ ਹੈ ਇਸ ਵਿੱਚ ਡੇਅਰੀਆਂ ਦੇ ਅੰਕੜੇ ਸ਼ਾਮਲ ਨਹੀਂ ਹਨ।

ਪਾਣੀ ਦੀ ਬਰਬਾਦੀ :ਸਾਰੇ ਸ਼ਹਿਰਾਂ ਵਿੱਚ ਹੀ ਪਾਣੀ ਦੀ ਸਪਲਾਈ ਸਮੇਂ ਦੀ ਪਾਬੰਦੀ ਨਾਲ ਦਿੱਤੀ ਜਾਂਦੀ ਹੈ। ਪਾਣੀ ਦਾ ਪਰੈਸ਼ਰ ਇਹਨਾ ਥੋੜ੍ਹਾ ਹੁੰਦਾ ਹੈ ਕੇ ਟੈਂਕੀ ਵਿੱਚ ਪਾਣੀ ਪਾਉਣ ਲਈ ਮੋਟਰ ਚਲਾਉਣੀ ਪੈਂਦੀ ਹੈ। ਨਤੀਜਾ ਇਹ ਕੇ ਜਿਹੜੇ ਘਰ ਨੀਵੇਂ ਥਾਵਾਂ ਤੇ ਹਨ ਜਾਂ ਟਿਊਬਵੈੱਲਾਂ ਦੇ ਨੇੜੇ ਹਨ ਉਥੇ ਟੈਕੀਆਂ ਅਕਸਰ ਹੀ ਉਛਲ ਜਾਂਦੀਆਂ ਹਨ ਤੇ ਪਾਣੀ ਛੱਤ ਤੇ ਖਿਲਰ ਜਾਂਦਾ ਹੈ। ਛੱਤ ਗਿੱਲੀ ਨਾ ਹੋਵੇ ਇਸ ਤੋਂ ਬੱਚਣ ਲਈ ਲੋਕਾਂ ਨੇ ਉਵਰਫਲੋ ਦੀ ਪਾਈਪ ਸੀਵਰ ਸਿਸਟਮ ਨਾਲ ਹੀ ਜੁੜਵਾ ਦਿੱਤੀ ਨਤੀਜਾ ਜੇ ਮੋਟਰ ਬੰਦ ਕਰਨੀ ਭੁੱਲ ਗਏ ਤਾਂ ਪਾਣੀ ਟੈਂਕੀ ਵਿੱਚ ਦੀ ਹੋ ਕੇ ਸੀਵਰੇਜ ਵਿਚ ਵਗੀ ਜਾਂਦਾ ਹੈ । ਲੋਕਾਂ ਦਾ ਕਹਿਣਾ ਸੀ ਕੇ ਪਾਣੀ ਦੀ ਕੋਈ ਕੀਮਤ ਨਹੀਂ ਲੱਗਣੀ ਚਾਹਦਿੀ। ਪਰ ਜੇ ਪਾਣੀ ਦੀ ਕੀਮਤ ਵਸੂਲੀ ਜਾਂਦੀ ਹੈ ਤਾਂ ਖਪਤ ਘਟੂਗੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਵਕਤ ਪਾਣੀ ਦਾ ਬਿੱਲ ਜੋ ਵਸੂਲਿਆ ਜਾਂਦਾ ਹੈ ਉਸ ਵਿੱਚ ਪਾਣੀ ਅਤੇ ਸੀਵਰ ਦੇ ਮੈਨਟੀਨੈਂਸ ਚਾਰਜ ਹਨ, ਪਾਣੀ ਦਾ ਮੁੱਲ ਸ਼ਾਮਿਲ ਨਹੀਂ । ਜਦੋਂ ਲੋਕਾਂ ਨੂੰ ਸਵਾਲ ਕੀਤਾ ਗਿਆ ਕੇ ਜੇ ਪਾਣੀ ਦੀ ਕੀਮਤ 1/- ਰੁਪਏ ਲਿਟਰ ਹੋਵੇ ਤਾਂ 61 ਪ੍ਰਤੀਸ਼ਤ ਲੋਕਾਂ ਦਾ ਵਿਚਾਰ ਸੀ ਕੇ ਪਾਣੀ ਦੀ ਖਪਤ 38 ਪ੍ਰਤੀਸ਼ਤ ਤੱਕ ਘੱਟ ਸਕਦੀ ਹੈ। ਯਾਨੀ ਜੋ ਪਾਣੀ ਵਾਲੇ ਮੀਟਰ 1980 ਵਿੱਚ ਲੱਗੇ ਸੀ ਉਹਨਾਂ ਰਾਹੀਂ ਪਾਣੀ ਦੀ ਖਪਤ ਨਾਪੀ ਜਾਵੇ ਤੇ ਵਰਤੋਂ ਦੇ ਹਿਸਾਬ ਨਾਲ ਬਿੱਲ ਭੇਜਿਆ ਜਾਵੇ।

ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ : ਇੱਕ ਸੋਚ ਸਾਨੂੰ ਦਿੱਤੀ ਗਈ ਸੀ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਸਰਕਾਰੀ ਇਮਾਰਤਾਂ, ਰਿਹਾਇਸ਼ੀ ਜਾਂ ਕਾਰੋਬਾਰੀ ਬਿਲਡਿੰਗਾਂ ਵਿੱਚ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਪਾਇਆ ਜਾਵੇ। ਇਸ ਨਾਲ ਜੰਗੀ ਪੱਧਰ ਤੇ ਧਰਤੀ ਹੇਠਲੇ ਪਾਣੀ ਵਿੱਚ ਸੁਧਾਰ ਕੀਤਾ ਜਾਵੇ। ਅੱਜ ਤੋਂ ਸੱਤ ਸਾਲ ਪਹਿਲਾਂ ਕੇਂਦਰੀ ਭੂਮੀ ਜਲ ਬੋਰਡ ਨੇ ਪੰਜਾਬ ਨੂੰ 4.55 ਲੱਖ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਢਾਂਚੇ ਬਣਾਉਣ ਨੂੰ ਕਿਹਾ ਸੀ। ਪਰ ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਮੁਤਾਬਕ 2020 ਤੱਕ ਸਿਰਫ 103 ਢਾਂਚੇ ਹੀ ਤਿਆਰ ਹੋਏ ਯਾਨੀ ਕੇ ਟੀਚੇ ਦਾ ਸਿਰਫ 0.02 ਪ੍ਰਤੀਸ਼ਤ ਜੇ ਇਸ ਦੀ ਪੜਚੋਲ ਕਰੀਏ ਤਾਂ 75000 ਸਰਕਾਰੀ ਇਮਾਰਤਾਂ ਵਿੱਚ ਇਹ ਢਾਂਚੇ ਇਹ ਬਣਨੇ ਚਾਹੀਦੇ ਸੀ। ਅਸਟ੍ਰੇਲੀਆ ਵਿੱਚ ਇਹ ਸਿਸਟਮ ਚੱਲ ਰਿਹਾ ਹੈ। ਉਧਰ ਸ਼ਹਿਰੀ ਲੋਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਲੱਖਾਂ, ਕਰੋੜਾਂ ਦਾ ਖਰਚਾ ਕਰਕੇ ਘਰ ਬਣਵਾ ਲੈਣਾ ਹੈ। ਪਰ ਕੁੱਝ ਹਜ਼ਾਰ ਰੁਪਏ ਲਾਕੇ ਇਹ ਢਾਂਚਾ ਨਹੀਂ ਬਣਵਾ ਸਕਦੇ। ਪੰਜਾਬ ਦੇ ਹਰ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ, ਮੀਂਹ ਪਿਆ ਤੇ ਸ਼ਹਿਰ ਦੀਆਂ ਸੜਕਾਂ ਤਲਾਅ ਦਾ ਰੂਪ ਲੈ ਲੈਂਦੀਆਂ ਹਨ। ਇਸ ਲਈ ਵੱਡੀਆਂ ਸੜਕਾਂ ਤੇ ਸਰਕਾਰ ਵੱਲੋਂ ਬੋਰ ਕਰ ਕੇ ਪਾਣੀ ਧਰਤੀ ਹੇਠਾ ਪਾਉਣਾ ਚਾਹੀਦਾ। ਇਸ ਨਾਲ ਪਾਣੀ ਵੀ ਰੀਚਾਰਜ ਹੋਏਗਾ ਤੇ ਨਿਕਾਸੀ ਦੀ ਸਮੱਸਿਆ ਵੀ ਹੱਲ ਹੋਏਗੀ।

ਪਾਣੀ ਦੀ ਦੁਬਾਰਾ ਵਰਤੋਂ (ਯਾਨੀ ਰੀਸਾਈਕਲਿੰਗ) : ਅੱਜ ਤਕਰੀਬਨ 69 ਪ੍ਰਤੀਸ਼ਤ ਲੋਕ ਪਾਣੀ ਦੀ ਰੀਸਾਈਕਲਿੰਗ ਬਾਰੇ ਜਾਣਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਵਰਤੇ ਪਾਣੀ ਨੂੰ ਸਾਫ ਕਰਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਭੀ ਇੱਕ ਤਰੀਕਾ ਹੈ ਪਾਣੀ ਦੀ ਬੱਚਤ ਦਾ। ਇਸ ਵਿੱਚੋਂ 88 ਪ੍ਰਤੀਸ਼ਤ ਲੋਕ ਇਸ ਦੇ ਹੱਕ ਵਿੱਚ ਹਨ ਕਿ ਸੀਵਰ ਸਿਸਟਮ ਦੀਆਂ ਦੋ ਲਾਈਨਾਂ ਬਣਾਈਆਂ ਜਾਣ। ਜਿਸ ਨਾਲ ਰਸੋਈ, ਨਹਾਉਣ ਅਤੇ ਕੱਪੜੇ ਧੋਣ ਵਾਲਾ ਪਾਣੀ ਇੱਕ ਸੀਵਰ ਲਾਈਨ ਵਿੱਚ ਜਾਵੇ ਜਿਸ ਨੂੰ ਸਾਫ਼ ਕਰਕੇ ਦੁਬਾਰਾ ਵਰਤਿਆ ਜਾ ਸਕੇ। ਇਥੋਂ ਤੱਕ ਕੇ ਲੋਕ ਇਸ ਨੂੰ ਪੌਦਿਆਂ ਨੂੰ ਪਾਣੀ ਪਾਉਣ ਲਈ, ਕਾਰਾਂ ਧੋਣ ਯਾਨੀ ਕੇ ਜਿੰਨੇ ਸ਼ਹਿਰਾਂ ਵਿੱਚ ਸਰਵਿਸ ਸਟੇਸ਼ਨ ਵਾਲੇ ਹਨ, ਕੰਨਸਟਰਕਸ਼ਨ ਚਾਹੇ ਉਹ ਸਰਕਾਰੀ ਇਮਾਰਤ ਦੀ ਹੋਵੇ ਜਾਂ ਫਿਰ ਪ੍ਰਾਈਵੇਟ ਹੋਵੇ ਉਸ ਲਈ ਰੀਸਾਈਕਲਡ ਪਾਣੀ ਦੀ ਵਰਤੋਂ ਹੋਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਇਸ ਨੂੰ ਕਾਰਖਾਨਿਆਂ ਵਿੱਚ ਜਿਵੇਂ ਫਰਨਸਾਂ, ਬਾਈਲਰਾਂ ਵਿੱਚ ਵਰਤਿਆ ਜਾਵੇ। ਇਹ ਪਾਣੀ ਫ਼ਸਲਾਂ ਦੀ ਸਿੰਚਾਈ ਲਈ ਵੀ ਵਰਤਿਆ ਜਾ ਸਕਦਾ ਹੈ। ਪਰ ਸੋਚ ਬਦਲਣ ਦੀ ਲੋੜ ਸਰਕਾਰ ਨੂੰ ਹੈ ਜੋ ਸਮਾਰਟ ਸਿਟੀ ਤਾਂ ਬਣਾ ਰਹੀਆਂ ਹਨ ਪਰ ਕਿਤੇ ਵੀ ਉਹਨਾਂ ਦੀ ਪਲੇਨ ਵਿੱਚ ਪਾਣੀ ਸਪਲਾਈ ਤੇ ਸੀਵਰ ਦੀ ਦੂਹਰੀ ਲਾਈਨ ਲਈ ਅਜੈਂਨਡਾ ਨਹੀਂ ਹੈ।

ਸ਼ਹਿਰੀ ਨਿੱਜੀ ਟਿਊਬਵੈੱਲਾਂ ਦਾ ਮਸਲਾ : ਜਦੋਂ ਟਿਊਬਵੈੱਲਾਂ ਦੀ ਗੱਲ ਚੱਲਦੀ ਹੈ ਤਾਂ ਕਾਰਪੋਰੇਸ਼ਨ ਤੇ ਕਮੇਟੀ ਵੱਲੋਂ ਲਗਾਏ ਗਏ ਟਿਊਬਵੈੱਲਾਂ ਦੇ ਅੰਕੜੇ ਸਰਕਾਰ ਕੋਲ ਹਨ ਪਰ ਜਿੰਨੇ ਘਰਾਂ ਤੇ ਫੈਕਟਰੀਆਂ ਵਿੱਚ ਨਿੱਜੀ ਟਿਊਬਵੈੱਲ ਲੱਗੇ ਹਨ ਉਹਨਾਂ ਦਾ ਕੋਈ ਰਿਕਾਰਡ ਨਹੀਂ ਜਦੋਂ ਟਿਊਬਵੈੱਲਾਂ ਦਾ ਕੋਈ ਰਿਕਾਰਡ ਨਹੀਂ ਤਾਂ ਕਿੰਨਾਂ ਪਾਣੀ ਉਹ ਧਰਤੀ ਹੇਠੋਂ ਕੱਢ ਰਹੇ ਹਨ। ਇਸ ਦਾ ਕੋਈ ਅੰਕੜਾ ਹੀ ਨਹੀਂ। ਹਾਲਾਂਕੇ ਖੇਤੀ ਖੇਤਰ ਵਿੱਚ ਸਰਕਾਰ ਨੇ ਨਵੇਂ ਟਿਊਬਵੈੱਲ ਕੁਨੈਕਸ਼ਨ ਤੇ ਪਾਬੰਦੀ ਲਾਈ ਹੋਈ ਹੈ, ਪਰ ਸ਼ਹਿਰਾਂ ਵਿੱਚ ਇਸ ਤਰ੍ਹਾਂ ਦਾ ਕੋਈ ਵੀ ਸੰਕਲਪ ਨਹੀਂ ਕੀਤਾ ਗਿਆ ਕਿਉਂਕਿ ਜਿੱਥੇ ਨਵੀਆਂ ਕਲੋਨੀਆਂ ਬਣਦੀਆਂ ਹਨ ਖਾਸ ਕਰਕੇ ਜਿਹੜੀਆਂ ਅਣਅਧਿਕਾਰਤ ਬਣੀਆਂ ਹਨ। ਉਥੇ ਸਬਮਰਸੀਬਲ ਪੰਪ ਲੱਗਦੇ ਹਨ, ਜਿਹਨਾਂ ਕਲੋਨੀਆਂ ਵਿੱਚ ਵਾਟਰ ਵਰਕਸ ਦੀ ਸਪਲਾਈ ਹੈ, ਉੱਥੇ ਭੀ ਕਾਫੀ ਲੋਕਾਂ ਨੇ ਆਪਣੇ ਸਾਧਨ ਬਣਾਏ ਹਨ ।

ਪਾਣੀ ਦੀ ਸਪਲਾਈ 24 ਘੰਟੇ ਕਰਨ ਨਾਲ : ਨਵੀਂ ਮੁੰਬਈ ਮਿਊਂਸੀਪਲ ਕੌਂਸਲ ਵਿੱਚ ਪੈਂਦੇ ਸੈਟੇਲਾਈਟ ਟਾਊਨ ਬਦਲਾਪੁਰ ਦਾ ਤਜ਼ਰਬਾ-ਇਸ ਟਾਊਨ ਵਿੱਚ ਪਾਣੀ ਦੀ ਕਿੱਲਤ ਸੀ ਉਸ ਨੂੰ ਸੁਧਾਰਨ ਲਈ 24ਣ7 ਘੰਟੇ ਸਪਲਾਈ ਦਿੱਤੀ। ਇੱਕ ਤਾਂ ਪਾਣੀ ਵੇਸਟੇਜ ਘਟੀ ਕਿਉਂਕਿ ਪਹਿਲਾਂ ਕੀ ਹੁੰਦਾ ਸੀ ਕੇ ਪਾਣੀ ਸਿਰਫ ਤਿੰਨ ਘੰਟੇ ਲਈ ਆਉਂਦਾ ਸੀ ਤੇ ਲੋਕ ਪਾਣੀ ਭਰਕੇ ਰੱਖਦੇ ਸੀ। ਜਦੋਂ ਦੁਬਾਰਾ ਪਾਣੀ ਆਉਂਦਾ ਤਾਂ ਉਹ ਪਹਿਲਾ ਅਣਵਰਤਿਆ ਪਾਣੀ ਡੋਲਕੇ ਦੁਬਾਰਾ ਪਾਣੀ ਭਰਦੇ। ਦੂਸਰਾ ਉਹਨਾਂ ਨੇ ਸਾਰੀ ਸਪਲਾਈ ਲਾਈਨ ਵੀ ਚੈੱਕ ਕੀਤੀ ਤੇ ਸਾਰੀ ਲੀਕੇਜ਼ ਬੰਦ ਕੀਤੀਆਂ। ਇਹ ਚੀਜ਼ ਸਾਨੂੰ ਵੀ ਇੱਕ ਸ਼ਹਿਰ ਵਿੱਚ ਪਾਇਲਟ ਪ੍ਰੋਜੈਕਟ ਬਣਾ ਕੇ ਤਜ਼ਰਬਾ ਕਰਨਾ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਪਤਾ ਹੋਊਗਾ ਕੇ ਪਾਣੀ 24 ਘੰਟੇ ਮਿਲੇਗਾ ਤੇ ਉਹ ਆਪਣੇ ਪੰਪ ਨਹੀਂ ਲਗਾਉਣਗੇ। ਦੂਸਰਾ 24 ਘੰਟੇ ਜਦੋਂ ਪਾਣੀ ਵਗਦਾ ਰਹੂਗਾ ਤਾਂ ਪਾਣੀ ਦੀ ਕੁਆਲਟੀ ਚੰਗੀ ਹੋਵੇਗੀ ਅਤੇ ਲੋਕਾਂ ਨੂੰ ਸਾਫ ਪਾਣੀ ਮਿਲੇਗਾ।

ਨਿਚੋੜ :ਬਹੁਤੇ ਲੋਕਾਂ ਨੂੰ ਪਾਣੀ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਭੀ ਹੈ ਅਤੇ ਚਿੰਤਤ ਵੀ ਹਨ ਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ ਅਤੇ ਪਾਣੀ ਦੀ ਕਿਫਾਇਤ ਦੇ ਢੰਗ ਤਰੀਕੇ ਭੀ ਜਾਣਦੇ ਹਨ । ਜੇ ਲੋੜ ਹੈ ਤਾਂ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਕਿ ਪਾਣੀ ਦੀ ਰੀਚਾਰਜਿੰਗ ਅਤੇ ਰੀਸਾਇਕਲਿੰਗ ਦੋ ਅਜਿਹੇ ਢੰਗ ਤਰੀਕੇ ਹਨ ਜੋ ਸੋਖੇ ਹੀ ਅਪਨਾਏ ਜਾ ਸਕਦੇ ਹਨ।

ਗੁਰਭਜਨ ਗਿੱਲ ਦਾ ਇਨਸਾਨੀ ਕਦਰਾਂ ਕੀਮਤਾਂ ਨਾਲ ਜੋੜਦਾ ਗ਼ਜ਼ਲ ਸੰਗ੍ਰਹਿ ‘ਗੁਲਨਾਰ’

-ਜਸਪ੍ਰੀਤ ਸਿੰਘ ਬਠਿੰਡਾ-

ਤੇਰੇ ਕੋਲ ਕਿਤਾਬ ਪਈ ਹੈ, ਕਿਉਂ ਨਹੀਂ ਫੜਦਾ।
ਜਬਰ ਜ਼ੁਲਮ ਜੋ ਕੰਧ‘ਤੇ ਲਿਖਿਐ, ਕਿਉਂ ਨਹੀਂ ਪੜ੍ਹਦਾ।

ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਕਿਤਾਬ ਗੁਲਨਾਰ ਗਜ਼ਲ ਸੰਗ੍ਰਿਹ ਹੈ, ਜਿਸ ਵਿੱਚ ਸ਼ਾਇਰ ਵੱਲੋਂ ਆਪਣੀਆਂ ਭਾਵਨਾਵਾਂ ਤੇ ਜਜ਼ਬਾਤ ਰਾਹੀਂ ਸਮਾਜਿਕ ਹਾਲਾਤ,ਮਨੁੱਖੀ ਸੰਵੇਦਨਾਵਾਂ, ਕਦਰਾਂ-ਕੀਮਤਾਂ, ਰਿਸ਼ਤਿਆਂ ਦੀ ਮਜਬੂਤੀ‘ਤੇ ਸਾਂਝ, ਆਮ-ਖਾਸ ਵਿੱਚ ਭੇਦਭਾਵ ਅਤੇ ਮਨ ਦੇ ਅਹਿਸਾਸ ਨੂੰ ਖੂਬਸੂਰਤ ਸ਼ਾਇਰੀ ਅਤੇ ਕਾਫੀਏ-ਰਦੀਫਾਂ ਰਾਹੀਂ ਕਲਮਬੱਧ ਕੀਤਾ ਹੈ ਜੋ ਪੜਨ ਵਾਲੇ ਨੂੰ ਆਪਣੇ ਵੱਲ ਖਿੱਚਦਾ ਹੈ ਅਤੇ ਬਹੁਤ ਕੁਝ ਸਾਡੇ ਦਿਲੋ-ਦਿਮਾਗ ਵਿੱਚ ਚੱਲਣ ਲੱਗ ਪੈਂਦਾ ਹੈ।

ਉਹਨਾਂ ਦੀਆਂ ਵੱਖ ਵੱਖ ਗਜ਼ਲਾਂ ਪੜ੍ਹ ਕੇ ਸਾਨੂੰ ਏਦਾਂ ਲੱਗਦਾ ਹੈ ਜਿਵੇਂ ਕਿ ਅਸੀਂ ਉਹ ਸਭ ਕੁਝ ਦੇਖ ਸੁਣ ਰਹੇ ਹਾਂ ਜੋ ਸਾਡੇ ਲਈ ਹੀ ਉਕਰਿਆ ਗਿਆ ਹੋਵੇ ਅਤੇ ਸਾਨੂੰ ਮਨੁੱਖੀ ਰਿਸ਼ਤਿਆਂ ਅਤੇ ਅਸਲ ਜ਼ਿੰਦਗੀ ਦੇ ਨੈਤਿਕ ਗੁਣਾਂ ‘ਤੇ ਸਦਾਚਾਰਕਤਾ ਨਾਲ ਜੋੜ ਰਹੀ ਹੋਵੇ। ਇਹ ਕਿਤਾਬ ਵਿਸ਼ੇਸ਼ ਕਰ ਕੇ ਸਾਡੇ ਪੰਜਾਬ ਸੂਬੇ ਦੇ ਲੋਕਾਂ, ਇੱਥੋਂ ਦੇ ਹਾਲਾਤਾਂ, ਨਸ਼ੇ/ਹਿੰਸਾ ਆਦਿ ਵਰਗੀਆਂ ਗੰਭੀਰ ਸਮੱਸਿਆਵਾਂ ਬਾਰੇ ਸੋਚਣ ਲਈ ਸਾਨੂੰ ਮਜਬੂਰ ਕਰਦੀ ਹੈ। ਏਨਾ ਹੀ ਨਹੀਂ, ਗੁਲਨਾਰ ਸਾਨੂੰ ਅਮੀਰ ਵਿਰਸੇ ਅਤੇ ਗੁਰੂਆਂ-ਪੀਰਾਂ ਦੀ ਦਿੱਤੀ ਗਈ ਅਮੀਰ ਅਧਿਆਤਮਕ ‘ਤੇ ਸ਼ਬਦ ਪੂੰਜੀ ਨਾਲ ਵੀ ਜੋੜਦੀ ਹੈ। ਜਿਵੇਂ ਇਸ ਕਿਤਾਬ ਵਿੱਚੋ ਇਹ ਸ਼ੇਅਰ-

ਕਦੇ ਨਸ਼ਿਆਂ ਦੀ ਮਾਰ, ਕਦੇ ਹੱਥ ਹਥਿਆਰ
ਓਥੇ ਏਹੀ ਕੁਝ ਹੋਊ, ਜਿੱਥੋਂ ਖੁੱਸ ਗਈ ਕਿਤਾਬ।

ਇਸ ਸ਼ਿਅਰ ਰਾਹੀਂ ਜਿੱਥੇ ਕਿ ਪ੍ਰਤੀਕਾਤਮਕ ਰੂਪ ਵਿੱਚ ਸ਼ਾਇਰ ਵੱਲੋਂ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਗੈਂਗਵਾਰ ਅਤੇ ਨਸ਼ਿਆਂ ਦੇ ਮੁੱਦੇ ਵੱਲ ਸਾਡਾ ਧਿਆਨ ਲਿਆਂਦਾ ਹੈ, ਉੱਥੇ ਹੀ ਗੁਰਭਜਨ ਗਿੱਲ ਵੱਲੋਂ ਇਸਦਾ ਹੱਲ ਅਤੇ ਇਸ ਪਿੱਛੇ ਲੁਕੇ ਕਾਰਨਾਂ ਨੂੰ ਵੀ ਉਜਾਗਰ ਕੀਤਾ ਗਿਆ ਹੈ। ਉਹ ਸਾਫ਼ ਕਹਿੰਦਾ ਹੈ ਕਿ ਸ਼ਬਦ ਅਤੇ ਕਿਤਾਬ ਤੋਂ ਟੁੱਟਣਾ ਹੀ ਪੰਜਾਬ ਦੀ ਸਰਬ ਪੱਖੀ ਗਿਰਾਵਟ ਦਾ ਅਸਲ ਕਾਰਨ ਹੈ।

ਏਨਾ ਹੀ ਨਹੀਂ ਆਪਣੇ ਪੁਰਾਣੇ ਸ਼ਿਅਰਾਂ ਅਤੇ ਨਜ਼ਮਾਂ ਦੀ ਤਰਾਂ ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਦੀਆਂ ਵੱਖ ਵੱਖ ਗਜ਼ਲਾਂ ਰਾਹੀਂ ਵੀ ਊੜਾ ਅਤੇ ਜੂੜਾ ਦੋਵੇਂ ਸਾਂਭਣ ਦੀ ਗੱਲ ਆਖੀ ਗਈ ਹੈ ਅਤੇ ਬਾਰ ਬਾਰ ਸਾਨੂੰ ਸਾਡੀ ਬੋਲੀ ਅਤੇ ਵਿਰਸੇ ਨਾਲ ਜੁੜਨ ਦਾ ਸਪਸ਼ਟ ਇਸ਼ਾਰਾ ਕੀਤਾ ਗਿਆ ਹੈ।

ਸਾਨੂੰ ਸਾਡੀ ਵਿਰਾਸਤ, ਕਿਤਾਬ ਨਾਲ ਜੋੜਨ ਲਈ ਗੁਰਭਜਨ ਗਿੱਲ ਵੱਲੋਂ ਬਾਰ ਬਾਰ ਆਪਣੀਆਂ ਗਜ਼ਲਾਂ ਤੇ ਸ਼ਿਅਰਾਂ ਰਾਹੀਂ ਸਾਡਾ ਧਿਆਨ ਖਿੱਚ ਕੇ ਸਾਨੂੰ ਨੈਤਿਕ ਰਾਹਾਂ ‘ਤੇ ਚੱਲਣ ਲਈ ਖਿੱਚਿਆ ਹੈ। ਜਿਸਦਾ ਜ਼ਿਕਰ ਉਨ੍ਹਾਂ ਵੱਲੋਂ ਹੇਠ ਲਿਖੇ ਸ਼ਿਅਰ ਵਿੱਚ ਵੀ ਬਾਖੂਬੀ ਤਰੀਕੇ ਨਾਲ ਕੀਤਾ ਗਿਆ ਹੈ, ਜਿਸ ਵਿੱਚ ਉਹ ਨਾ ਕੇਵਲ ਸਾਨੂੰ ਸਹੀ ਰਾਹ ਵੱਲ ਵਾਪਿਸ ਪਰਤਣ ਲਈ ਪੁਕਾਰਦਾ ਹੈ ਬਲਕਿ ਦੁਨਿਆਵੀ ਮੋਹ ਅਤੇ ਸਹੂਲਤਾਂ ਪਾਉਣ ਦੇ ਲਾਲਚ ਵਿੱਚ ਆਪਣੇ ਮਨ ਦੇ ਗਵਾਚੇ ਚੈਨ ਅਤੇ ਫ਼ੈਲੀ ਬੇਵਸੀ ਨੂੰ ਵੀ ਕਾਗਜ਼ ਉੱਪਰ ਉਕਰਿਆ ਗਿਆ ਹੈ।

ਪੋਥੀ ਪੰਥ ਭੁਲਾ ਕੇ ਆਪਾਂ, ਤੁਰ ਪਏ ਆਂ ਜੀ ਕਿਹੜੇ ਰਾਹ,
ਮਨ ਦਾ ਪੰਛੀ ਭਟਕ ਰਿਹਾ ਹੈ, ਭਾਵੇਂ ਅੰਬਰ ਗਾਹੁੰਦਾ ਹੈ।

ਗੁਰਭਜਨ ਗਿੱਲ ਵੱਲੋਂ ਗੁਲਨਾਰ ਰਾਹੀਂ ਕੇਵਲ ਆਪਣੇ ਮਨ ਦੇ ਭਾਵ ਹੀ ਨਹੀਂ ਸਾਂਝੇ ਕੀਤੇ ਗਏ ਸਗੋਂ ਸਮਾਜਿਕ ਤਾਣੇ ਬਾਣੇ, ਆਧੁਨਿਕਤਾ ਦੇ ਦੂਰ ਪ੍ਰਭਾਵ, ਗਲੋਬਲਾਈਜੇਸ਼ਨ ਵਿੱਚ ਜਕੜੇ ਮਨੁੱਖ ਦੀਆਂ ਮਜਬੂਰੀਆਂ ਅਤੇ ਉਲਝੀ ਹੋਈ ਮਾਨਸਿਕਤਾ ਨੂੰ ਵੀ ਦ੍ਰਿਸ਼ਟਮਾਨ ਕੀਤਾ ਹੈ। ਜਿਵੇਂ ਉਨ੍ਹਾਂ ਦਾ ਸ਼ਿਅਰ ਹੈ-

ਮਾਲ ਪਲਾਜ਼ੇ, ਬਦਲੇ ਖਾਜੇ, ਕਿੱਥੋਂ ਕਿੱਧਰ ਤੁਰ ਪਏ ਆਂ,
ਮੰਡੀ ਦੇ ਵਿੱਚ ਵਿਕ ਚੱਲੇ ਹਾਂ, ਕਰਦੇ ਰੋਜ਼ ਖਰੀਦਾਂ ਨੂੰ।

ਇਸ ਤਰ੍ਹਾਂ ਉਹਨਾਂ ਵੱਲੋਂ ਦਿਖਾਇਆ ਗਿਆ ਹੈ ਕਿ ਕਿਵੇਂ ਅਸੀਂ ਸੰਸਾਰਕ ਪਦਾਰਥਾਂ ਦੇ ਲੋਭ ਵਿੱਚ ਉਲਝੇ ਉਸ ਰਾਸਤੇ ਤੇ ਚੱਲ ਪਏ ਹਾਂ ਜਿਸ ਦੀ ਸਾਨੂੰ ਜਰੂਰਤ ਨਹੀ ਸੀ ਸਗੋਂ ਮੰਡੀ ਦੀ ਲੋੜ ਸੀ। ਏਨਾ ਹੀ ਨਹੀਂ ਬਲਕਿ ਅਸੀਂ ਆਪਣਾ ਆਪ ਹੀ ਵੇਚ ਰਹੇ ਹਾਂ। ਉਨ੍ਹਾਂ ਵੱਲੋਂ ਹੋਰ ਵੀ ਕਈ ਏਦਾਂ ਦੇ ਸ਼ੇਅਰ ਲਿਖੇ ਗਏ ਹਨ ਜਿੰਨ੍ਹਾਂ ਵਿੱਚ ਉਨ੍ਹਾਂ ਆਪਣੀ ਗੱਲ ਤਾਂ ਕਹੀ ਹੀ ਹੈ ਪਰ ਨਾਲ ਨਾਲ ਵਿਸ਼ਵੀਕਰਨ ਦੀਆਂ ਚੱਲੀਆਂ ਵੱਡੀਆਂ ਸਾਜਿਸ਼ਾਂ ਰਾਹੀਂ ਲੋਕਾਂ ਵਿੱਚ ਪਈਆਂ ਵੰਡੀਆਂ ਅਤੇ ਆਪਣਿਆਂ ਦਾ ਆਪਣਿਆਂ ਤੋਂ ਹੀ ਦੂਰ ਹੋਣ ਬਾਰੇ ਵੀ ਜ਼ਿਕਰ ਕੀਤਾ ਹੈ। ਜਿਵੇਂ ਉਹ ਦੱਸਦੇ ਹਨ ਕਿ ਸ਼ਹਿਰਾਂ ਵਾਲੇ ਤਾਂ ਆਧੁਨਿਕਤਾ ਦੇ ਲਗਾਤਾਰ ਨੇੜੇ ਜਾ ਰਹੇ ਹੁੰਦੇ ਹਨ ਜਦਕਿ ਇਸਦੇ ਉਲਟ ਪੇਂਡੂ ਗਲੀਆਂ ਵਿੱਚ ਰਹਿਣ ਵਾਲੇ ਸਾਦੇ ਜਿਹੇ ਲੋਕ ਹਾਲੇ ਵੀ ਉੱਚ ਤਕਨੀਕਾਂ ਤੋਂ ਦੂਰ ਹਨ। ਇਹੋ ਭਾਵ ਉਹਨਾਂ ਵੱਲੋਂ ਆਪਣੇ ਸ਼ਿਅਰ ਰਾਹੀਂ ਦੱਸਿਆ ਹੈ ਜਿੱਥੇ ਉਨ੍ਹਾਂ ਲਿਖਿਆ ਹੈ ਕਿ ਪਿੰਡਾਂ ਵਾਲਿਆਂ ਲਈ ਵੱਡਾ ਸ਼ਹਿਰ ਚੰਡੀਗੜ੍ਹ ਹਾਲੇ ਵੀ ਦੂਰ ਹੈ, ਜਦਕਿ ਸ਼ਹਿਰਾਂ ਵਾਲਿਆਂ ਨੂੰ ਇਹ ਦੂਰੀ ਹੁਣ ਓਨੀ ਲੰਮੀ ਜਾਂ ਭਾਰੀ ਨਹੀ ਲੱਗਦੀ। ਰਿਸ਼ਤੇ ਇਨਸਾਨ ਦੇ ਲਈ ਸਭ ਤੋਂ ਵੱਧ ਅਹਿਮੀਅਤ ਰੱਖਦੇ ਹੁੰਦੇ ਹਨ। ਉਨ੍ਹਾਂ ਵਿੱਚੋਂ ਵੀ ਸਭ ਤੋਂ ਕਰੀਬ ਅਤੇ ਦਿਲ ਦੇ ਨਜ਼ਦੀਕ ਮਾਂ ਦਾ ਰਿਸ਼ਤਾ ਹੁੰਦਾ ਹੈ। ਗੁਰਭਜਨ ਗਿੱਲ ਦਾ ਵੀ ਆਪਣੀ ਮਾਂ ਨਾਲ ਬਹੁਤ ਸਨੇਹ ਸੀ ਅਤੇ ਉਹ ਬਾਰ ਬਾਰ ਆਪਣੀ ਮਾਂ ਦਾ ਜ਼ਿਕਰ ਆਪਣੀਆਂ ਗ਼ਜ਼ਲਾਂ ਵਿੱਚ ਕਰਦੇ ਹੋਏ ਪਾਠਕਾਂ ਨੂੰ ਮਾਂ-ਪੁੱਤ ਦੇ ਰਿਸ਼ਤੇ ਨਾਲ ਜੋੜਦਾ ਹੈ ਅਤੇ ਨਾਲ ਦੀ ਨਾਲ ਉਨ੍ਹਾਂ ਨੂੰ ਇਸ ਨਿੱਘੇ ਰਿਸ਼ਤੇ ਦਾ ਖਾਸ ਧਿਆਨ ਰੱਖਣ ਲਈ ਵੀ ਪ੍ਰੇਰਦਾ ਹੈ।

ਉਨ੍ਹਾਂ ਦੀ ਗਜ਼ਲ ਜਿਸ ਵਿੱਚੋਂ ਇਹ ਸ਼ਿਅਰ ਪੜ੍ਹੋ।

ਮਾਂ ਦੇ ਹੁੰਦਿਆਂ, ਇੱਟ ਖੜਿੱਕਾ ਚੱਲਦਾ ਸੀ,
ਹੁਣ ਨਹੀਂ ਹੁੰਦਾ ਕਿਸੇ ਨਾਲ ਤਕਰਾਰ ਮਿਰਾ।

ਇਸ ਗ਼ਜ਼ਲ ਰਾਹੀਂ ਜਿੱਥੇ ਗੁਰਭਜਨ ਗਿੱਲ ਵੱਲੋਂ ਰਿਸ਼ਤਿਆਂ ਦੀ ਮਹਿਕ ਬਿਖੇਰੀ ਗਈ ਹੈ, ਉੱਥੇ ਹੀ ਇਨ੍ਹਾਂ ਦੀ ਸੰਭਾਲ ਲਈ ਵੀ ਸਾਨੂੰ ਚੌਕਸ ਕੀਤਾ ਗਿਆ ਹੈ। ਏਨਾ ਹੀ ਨਹੀ ਬਲਕਿ ਇਹ ਪੂਰੀ ਗਜ਼ਲ ਅਤੇ ਹੋਰ ਵੀ ਕਈ ਗਜ਼ਲਾਂ ਤੇ ਉਨ੍ਹਾਂ ਦੇ ਸ਼ੇਅਰਾਂ ਰਾਹੀਂ ਸਾਨੂੰ ਰਿਸ਼ਤਿਆਂ ਦੀ ਕੋਮਲਤਾ ਅਤੇ ਉਨ੍ਹਾਂ ਦੀ ਜਿੰਮੇਵਾਰੀ ਦੇ ਨਾਲ ਜੋੜਿਆ ਹੈ ਜੋਕਿ ਬਹੁਤ ਹੀ ਜਿੰਮੇਵਾਰਾਨਾ ਗਜ਼ਲਕਾਰੀ ਹੈ।

ਆਪਣੀ ਧਰਤੀ ਨਾਦ ਪੁਸਤਕ ਵਿੱਚ “ਮਾਏ ਨੀ ਇੱਕ ਲੋਰੀ ਦੇਦੇ, ਦੇ ਬਾਬਲ ਤੋਂ ਚੋਰੀ ਨੀ ਇੱਕ ਲੋਰੀ ਦੇਦੇ” ਗੀਤ ਰਾਹੀਂ ਗੁਰਭਜਨ ਗਿਲ ਵੱਲੋਂ ਪੁੱਤਰ ਹੋਣ ਦੀ ਲਾਲਸਾ ਅਤੇ ਸਮਾਜਿਕ ਤਾਣੇ ਬਾਣੇ ਦੀ ਗੰਧਲੀ ਤਸਵੀਰ ਨੂੰ ਸਾਹਮਣੇ ਲਿਆਂਦਾ ਗਿਆ ਸੀ, ਉੱਥੇ ਹੀ ਕਿਤਾਬ ਗੁਲਨਾਰ ਰਾਹੀਂ ਵੀ ਇਸ ਸਮਾਜਿਕ ਬੁਰਾਈ ਅਤੇ ਪੁੱਤਰ ਦੇ ਮੁਕਾਬਲੇ ਧੀ ਨਾਲ ਹੁੰਦੇ ਵਿਤਕਰੇ ਨੂੰ ਵੀ ਜੱਗ ਜ਼ਾਹਿਰ ਕੀਤਾ ਗਿਆ। ਉਨ੍ਹਾਂ ਦੇ ਬਹੁਤ ਸਾਰੇ ਸ਼ਿਅਰਾਂ ਵਿੱਚ ਅਜਿਹੀ ਭਾਵਨਾ ਸਾਫ਼ ਝਲਕਦੀ ਹੈ। ਉਨ੍ਹਾਂ ਵਿੱਚੋਂ ਹੀ ਇਹ ਸ਼ਿਅਰ ਹੈ ਜੋ ਸਾਨੂੰ ਸਮਾਜ ਵਿੱਚ ਸ਼ਰੇਆਮ ਹੋ ਰਹੇ ਲਿੰਗ ਭੇਦਭਾਵ ਦੇ ਦੁੱਖ ਨੂੰ ਪੇਸ਼ ਕਰਦਾ ਹੈ-



ਧੀਆਂ ਨੂੰ ਧਨ ਆਖਣ ਵਾਲਿਓ, ਇਸ ਗੱਲ ਦਾ ਵੀ ਕਰੋ ਨਿਤਾਰਾ,
ਮੇਰਾ ਬਾਪੂ ਨਿੰਮੋਝੂਣਾ, ਪੁੱਤ ਵਾਲਾ ਬਲਵਾਨ ਕਿਉਂ ਹੈ?

21ਵੀਂ ਸਦੀ ਦੇ ਤੇਜ਼ ਰਫਤਾਰ ਯੁੱਗ ਵਿੱਚ ਨਾ ਕੋਈ ਹੋਰ ਬਲਕਿ ਇਨਸਾਨ ਹੀ ਖੁਦ ਦਾ ਦੁਸ਼ਮਣ ਬਣ ਬੈਠਾ ਹੈ। ਜਿਸ ਵੱਲੋਂ ਦੁਨੀਆਂ ਦੀਆਂ ਅੱਗੇ ਵਧਣ ਦੀਆਂ ਨੀਤੀਆਂ ਵਿੱਚ ਉੱਤਰਦੇ ਹੋਏ ਆਪਣੇ ਆਪ ਨੂੰ ਗੁਆ ਕੇ ਮੰਡੀ ਵਿੱਚ ਖੜ੍ਹਾ ਕਰ ਲਿਆ ਗਿਆ ਹੈ। ਲੇਖਕ ਅਜਿਹੇ ਭਾਵਾਂ ਨੂੰ ਵੀ ਬਾਰ ਬਾਰ ਦ੍ਰਿਸ਼ਟਮਾਨ ਕਰਦਾ ਹੋਇਆ ਲਿਖਦਾ ਹੈ ਜਿਵੇਂ ਕਿ-

ਚੱਲ ਓ ਭਰਾਵਾ ਪਹਿਲਾਂ ਓਸ ਨੂੰ ਹੀ ਮਾਰੀਏ,
ਤੇਰੇ ਮੇਰੇ ਮਨ ਵਿਚ ਬੈਠਾ ਜਿਹੜਾ ਚੋਰ ਹੈ।

ਆਧੁਨਿਕਤਾ ਦਾ ਪ੍ਰਭਾਵ ਅਤੇ ਦੇਸ਼ ਛੱਡਣ ਦੀ ਪ੍ਰਵਿਰਤੀ ਸਾਡੇ ਮਨਾਂ ਵਿੱਚ ਘਰ ਕਰ ਗਈ ਹੈ। ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਅੱਜ ਪਿੰਡਾਂ ਸ਼ਹਿਰਾਂ ਵਿੱਚੋਂ ਕੋਈ ਹੀ ਪਰਿਵਾਰ ਐਸਾ ਮਿਲਦਾ ਹੈ, ਜਿਸਦਾ ਕੋਈ ਪਰਿਵਾਰਕ ਮੈਂਬਰ ਕਿਸੇ ਵਿਦੇਸ਼ੀ ਧਰਤੀ ਤੇ ਰੋਜ਼ੀ ਰੋਟੀ ਜਾਂ ਆਪਣੇ ਸੁਪਨਿਆਂ ਦੀ ਉਡਾਰੀ ਭਰਨ ਲਈ ਨਾ ਗਿਆ ਹੋਵੇ।

ਇਸ ਹੋੜ ਨੂੰ ਲਿਖਦਿਆਂ ਗੁਰਭਜਨ ਗਿੱਲ ਕਹਿੰਦਾ ਹੈ ਕਿ

ਵਤਨ ਮੇਰੇ ਵਿੱਚ ਧੀਆਂ ਪੁੱਤਰ ਇੱਕ ਵੀ ਰਹਿਣਾ ਚਾਹੁੰਦਾ ਨਹੀਂ,
ਕਿਹੜਾ ਕਹਿੰਦੈ ਸੋਨ ਚਿੜੀ ਨੂੰ, ਹੋਈ ਇਹ ਬਰਬਾਦ ਨਹੀਂ।

ਰਾਜਨੀਤੀ ਨਾ ਕੇਵਲ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ ਬਲਕਿ ਇਹ ਸਾਡੀ ਜ਼ਿੰਦਗੀ ਜਿਉਣ ਦੇ ਢੰਗ ਤੋਂ ਲੈ ਕੇ ਨਿਯਮਾਂ ਤੇ ਕਾਨੂੰਨ ਦਾ ਵੀ ਬਦਲਵਾਂ ਮੁੱਢ ਬੰਨ੍ਹਦੀ ਹੈ ਜਿਸ ਨੂੰ ਅਪਣਾਉਂਦੇ ਹੋਏ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਨਾ ਚਾਹੁੰਦੇ ਹੋਏ ਵੀ ਬਦਲਣ ਲਈ ਮਜਬੂਰ ਹੁੰਦੇ ਹਾਂ।

ਗੁਰਭਜਨ ਗਿੱਲ ਵੱਲੋਂ ਗੁਲਨਾਰ ਰਾਹੀਂ ਇਸ ਦਰਦ ‘ਤੇ ਸਮੱਸਿਆ ਦਾ ਵੀ ਬਾਖੂਬੀ ਵਰਨਣ ਕੀਤਾ ਗਿਆ ਹੈ ਅਤੇ ਉਹਨਾਂ ਦੇ ਸ਼ਿਅਰਾਂ ਰਾਹੀਂ ਸਾਡੇ ਦੇਸ਼ ਦੀ ਮੌਜੂਦਾ ਰਾਜਨੀਤੀ ਅਤੇ ਰਾਜਨੇਤਾਵਾਂ ਦੇ ਨਿੱਘਰੇ ਕਿਰਦਾਰ ਉੱਪਰ ਵੱਖ ਵੱਖ ਸ਼ਿਅਰਾਂ ਰਾਹੀਂ ਤਿੱਖਾ ਕਟਾਕਸ਼ ਕੱਸਿਆ ਗਿਆ ਹੈ। ਉਸ ਵੱਲੋਂ ਸਿਆਸੀ ਨੇਤਾਵਾਂ ਨੂੰ ਉਨ੍ਹਾਂ ਦੇ ਦਿਲ ਦੀ ਆਵਾਜ਼ ਸੁਣ ਕੇ ਚੰਗੇ ਕਿਰਦਾਰ ਵਿੱਚ ਵਾਪਿਸ ਪਰਤਣ ਦਾ ਸੁਨੇਹਾ ਵੀ ਦਿੱਤਾ ਗਿਆ ਹੈ। ਇਸ ਕਾਰਜ ਲਈ ਵਰਤੇ ਗਏ ਸ਼ਬਦ ਅਤੇ ਉਦਾਹਰਣਾਂ ਵੀ ਬਹੁਤ ਬਲਵਾਨ ਹਨ। ਜ਼ਾਲਮ ਮੁਗਲ ਸ਼ਾਸਕ ਔਰੰਗਜ਼ੇਬ ਤੋਂ ਵੀ ਬੇਸ਼ਰਮ ਤੇ ਢੀਠ ਦੱਸਿਆ ਹੈ।

ਔਰੰਗਜ਼ੇਬ ਉਦਾਸ ਕਬਰ ਵਿਚ,
ਅੱਜ ਕੱਲ੍ਹ ਏਦਾ ਸੋਚ ਰਿਹਾ ਹੈ,
ਅੱਜ ਦੇ ਹਾਕਮ ਵਰਗਾ ਬਨਦਾ, ਮੈਂ ਖ਼ਤ ਪੜ੍ਹ ਕੇ ਕਿਉਂ ਮਰਨਾ ਸੀ।

ਇਸ ਸ਼ਿਅਰ ਤੋਂ ਇਲਾਵਾ ਉਸ ਵੱਲੋਂ ਬਾਰ ਬਾਰ ਹੋਰ ਸ਼ਿਅਰਾਂ ਰਾਹੀਂ ਵੀ ਸਿਆਸਤ ਦੇ ਗੰਧਲ਼ੇ ਮਿਆਰ ਅਤੇ ਆਮ ਲੋਕਾਈ ਅਤੇ ਖਾਸ ਕਰ ਗਰੀਬ ‘ਤੇ ਮਜਬੂਰ ਵਰਗ ਦੇ ਦਰਦ ਦੀ ਗੱਲ ਵੀ ਕੀਤੀ ਗਈ ਹੈ।

ਗੁਰਭਜਨ ਗਿੱਲ ਵੱਲੋਂ ਇਸੇ ਹੀ ਭਾਵਨਾ ਨਾਲ ਹੋਰ ਥਾਂ ਲਿਖਿਆ ਗਿਆ ਹੈ ਜਿਸ ਤੋਂ ਸਾਨੂੰ ਉਨ੍ਹਾਂ ਦੇ ਸਮਾਜ ਬਾਰੇ ਫਿਕਰ ਅਤੇ ਗਾਇਬ ਹੋ ਰਹੀਆਂ ਨੈਤਿਕ ਕੀਮਤਾਂ ਦੀ ਪੀੜ ਦਾ ਪਤਾ ਲੱਗਦਾ ਹੈ।

ਅੰਨ੍ਹੇ ਗੁੰਗੇ ਬੋਲ਼ੇ ਹੋ ਗਏ ਕੁਰਸੀਆਂ ਵਾਲੇ,
ਸੁਣਦੇ ਨਾ ਫ਼ਰਿਆਦ ਭਲਾ ਜੀ, ਕਿਸ ਨੂੰ ਕਹੀਏ।

ਗਜ਼ਲਾਂ ਦੇ ਸ਼ਿਅਰਾਂ ਰਾਹੀਂ ਉਨ੍ਹਾਂ ਵੱਲੋਂ ਰਿਸ਼ਤਿਆਂ ਦੌਰਾਨ ਪੈ ਰਹੀਆਂ ਦਰਾਰਾਂ, ਮਨੁੱਖਾਂ ਦਾ ਆਪਣੀ ਜ਼ੰਮੇਵਾਰੀ ਤੋਂ ਭੱਜਣਾ ਜਾਂ ਆਪਣੀਆਂ ਜਾਂਗਲੀ ਰੀਝਾਂ ਦੇ ਚੱਲਦਿਆਂ ਕਿਤੇ ਨਾ ਕਿਤੇ ਭਾਵਨਾਵਾਂ ਅਤੇ ਹਾਲਾਤ ਦਾ ਆਪਸੀ ਤਕਰਾਰ ਹੋ ਜਾਣਾ ਇਹ ਸਭ ਸਾਨੂੰ ਇਸ ਗਜ਼ਲ ਸੰਗ੍ਰਿਹ ਵਿੱਚ ਬਾਖੂਬੀ ਪੜ੍ਹਨ ਨੂੰ ਮਿਲਦਾ ਹੈ।

ਇਸ ਸਭ ਵਿਚਾਲੇ ਸਮੱਸਿਆ ਇਹ ਵੀ ਹੈ ਕਿ ਨੈਤਿਕਤਾ ਦਾ ਮਿਆਰ ਏਨਾ ਪ੍ਰਭਾਵਿਤ ਹੋ ਗਿਆ ਹੈ ਕਿ ਅਸੀਂ ਆਪਣੇ ਰਿਸ਼ਤਿਆਂ ਤੋਂ ਹੀ ਦੂਰ ਹੋ ਚੱਲੇ ਹਾਂ। ਕਿਤੇ ਨਾ ਕਿਤੇ ਅਸੀਂ ਇਸ ਮਾਇਆਜਾਲ ਵਿੱਚੋਂ ਨਿਕਲਣ ਦੇ ਅਸਮਰੱਥ ਵੀ ਹੋ ਗਏ ਹਾਂ। ਅਜਿਹੀ ਹੀ ਭਾਵਨਾ ਉਨ੍ਹਾਂ ਵੱਲੋਂ ਹੇਠ ਲਿਖੇ ਸ਼ਿਅਰ ਵਿੱਚ ਦਰਸਾਈ ਗਈ ਹੈ-

ਖ਼ੌਰੇ ਕੈਸਾ ਹੈ ਵਿਕਾਸ, ਜਿੱਥੇ ਨੱਬੇ ਨੇ ਕਿਸ ਨਸਲ ਦੇ ਸਾਕ ਸਹੇੜੇ, ਬਣੇ ਵਿਕਾਊ ਖੁਸ਼ੀਆਂ ਖੇੜੇ,
ਮੰਡੀ ਬੈਠੇ ਰਿਸ਼ਤੇ ਨਾਤੇ, ਪਥਰਾਈ ਔਕਾਤ ਕਿਉਂ ਹੈ।

ਲੋਭ ਲਾਲਚ ਵਿੱਚ ਫਸਿਆ ਮਨੁੱਖ ਨਾ ਕੇਵਲ ਆਪਣੀ ਜ਼ਿੰਦਗੀ ਜਾਂ ਆਪਣੇ ਪਿਆਰਿਆਂ ਲਈ ਉਲਝਣ ਬਨਦਾ ਹੈ। ਸਗੋਂ ਉਹ ਇਸ ਦੌਰਾਨ ਕੁਦਰਤੀ ਸਰੋਤਾਂ ਅਤੇ ਕੁਦਰਤ ਦੀਆਂ ਬਖ਼ਸ਼ੀਆਂ ਦਾਤਾਂ ਦਾ ਵੀ ਮਜ਼ਾਕ ਬਣਾਉਂਦਾ ਹੋਇਆ ਇੱਕ ਮੁਸੀਬਤ ਨੂੰ ਮੁੱਲ ਲੈ ਰਿਹਾ ਹੈ।

ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਦੇ ਅਨੇਕ ਪੰਨਿਆਂ ਤੇ ਇਸ ਮੁਸੀਬਤ ਬਾਰੇ ਵੀ ਆਪਣੀ ਚਿੰਤਾ ਨੂੰ ਪਾਠਕਾਂ ਅੱਗੇ ਰੱਖਿਆ ਹੈ। ਭਾਵੇਂ ਪੌਣ ਹੈ ਜਾਂ ਪਾਣੀ।

ਵਾਤਾਵਰਣ ਪ੍ਰਤੀ ਆਪਣੀ ਫ਼ਿਕਰਮੰਦੀ ਬਿਆਨ ਕਰਦੇ ਹੋਏ ਪਾਠਕਾਂ ਨੂੰ ਸਾਡੀ ਡਿੱਗ ਰਹੀ ਨੈਤਿਕਤਾਂ ਨੂੰ ਹਲ਼ੂਣਾ ਦਿੰਦੇ ਹੋਏ ਨਦੀਆਂ, ਦਰਿਆਵਾਂ ਦੇ ਪਾਣੀ ਦੀ ਅਵੇਸਲੀ ਅਤੇ ਗੈਰ-ਜ਼ਿੰਮੇਵਾਰਾਨਾ ਵਰਤੋਂ ਬਾਰੇ ਵੀ ਸਾਨੂੰ ਸਪਸ਼ਟ ਤੌਰ ਤੇ ਇਨ੍ਹਾਂ ਸ਼ਿਅਰਾਂ ਰਾਹੀਂ ਪਤਾ ਲੱਗਦਾ ਹੈ,

ਮਰਿਆਦਾ ਦੇ ਰਾਖੇ ਇਹ ਕੀ ਸਬਕ ਪੜ੍ਹਾਉਂਦੇ ਨਦੀਆਂ ਨੂੰ,
ਸ਼ੈਲੀ ਬਦਲੇ ਵੇਚਣਗੇ ਇਹ, ਜਲ ਵਗਦੇ ਦਰਿਆਵਾਂ ਦੇ।

ਯਕੀਨਨ ਇਹ ਫ਼ਿਕਰਮੰਦੀ ਪੂਰੀ ਤਰ੍ਹਾਂ ਵਾਜਿਬ ਹੈ। ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਨਾ ਕੇਵਲ ਵੱਧ ਮੁਨਾਫ਼ਾ ਕਮਾਉਣ ਦੀ ਲਾਲਸਾ ਨਾਲ ਆਪਣੀਆਂ ਨੈਤਿਕ ਕੀਮਤਾਂ ਤੋਂ ਭੱਜਦੇ ਹਨ ਬਲਕਿ ਨਦੀਆਂ, ਦਰਿਆਵਾਂ ਦੇ ਜਲ ਜੋ ਸਾਨੂੰ ਕੁਦਰਤ ਦੀ ਦੇਣ ਹੈ ਉਸ ਨੂੰ ਵੀ ਵੇਚਣ ਜਾ ਰਹੇ ਹਾਂ ਜਦਕਿ ਸਾਡਾ ਫ਼ਰਜ਼ ਉਹਨਾਂ ਦੀ ਰਾਖੀ ਕਰਨਾ ਬਣਦਾ ਹੈ।

ਇਸਤੋਂ ਵੀ ਅੱਗੇ ਲਿਖਦਿਆਂ ਗੁਰਭਜਨ ਗਿੱਲ ਸਾਡੇ ਵੱਲੋਂ ਕੀਤੇ ਜਾ ਰਹੇ ਅਸੰਤੁਲਿਤ ਵਿਕਾਸ ਬਾਰੇ ਵੀ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ ਅਤੇ ਅਹਿਸਾਸ ਕਰਵਾਉਂਦਾ ਹੈ ਕਿ ਅਸੀਂ ਇਹ ਕਿਸ ਅੱਗੇ ਵਧਣ ਦੀ ਦੌੜ ਵਿੱਚ ਨਿਰੰਤਰ ਲੱਗੇ ਹੋਏ ਹਾਂ।

ਜਦਕਿ ਮਨਾਂ ਵਿੱਚ ਲਗਾਤਾਰ ਉਦਾਸੀ ਤੇ ਉਦਾਸੀਨਤਾ ਛਾ ਰਹੀ ਹੈ। ਸਾਨੂੰ ਦਿੱਤੇ ਗਏ ਅਸਲ ਸੁਨੇਹੇ ਅਤੇ ਕੂੜਾ ਕਚਰਾ ਸਾਫ਼ ਤੇ ਸੁੱਧਤਾ ਦਾ ਸੁਨੇਹਾ ਦੇਂਦਾ ਹੈ।

ਉਦਾਸ,
ਆਖ ਘੜੀ ਮੁੜੀ ਸਾਨੂੰ ਕੂੜਾ ਗੀਤ ਨਾ ਸੁਣੌਣ।

ਸਿਰਫ਼ ਸਫਾਈ ਅਤੇ ਪਾਣੀ ਹੀ ਨਹੀਂ ਸਾਨੂੰ ਸਾਹ ਲੈਣ ਲਈ ਆਕਸੀਜਨ ਦੇਣ ਵਾਲੇ ਰੁੱਖਾਂ ਦੀ ਵੀ ਗੱਲ ਕੀਤੀ ਗਈ ਹੈ, ਜਿਸ ਰਾਹੀਂ ਉਹ ਇਨਸਾਨ ਨੂੰ ਦਰਖ਼ਤਾਂ ਦੀ ਸੰਭਾਲ ਕਰਨ ਲਈ ਪ੍ਰੇਰਦਾ ਹੈ।

ਗੁਰਭਜਨ ਗਿੱਲ ਵੱਲੋਂ ਇਸ ਕਿਤਾਬ ਵਿੱਚ ਬਾਰ ਬਾਰ ਦਰਖ਼ਤਾਂ ਦੀ ਸੰਭਾਲ ਦਾ ਜ਼ਕਿਰ ਕੀਤਾ ਗਿਆ ਹੈ।

ਹੇਠ ਲਿਖੀ ਗਜ਼ਲ ਦਾ ਸ਼ਿਅਰ ਹੈ ਜਿਸ ਰਾਹੀਂ ਉਸ ਧਾਰਮਿਕ ਗ੍ਰੰਥਾਂ ਵਿੱਚ ਦਰਖ਼ਤਾਂ ਦਾ ਰੁਤਬਾ ਪੀਰਾਂ ਦੇ ਬਰਾਬਰ ਹੋਣ ਦਾ ਦੱਸਦਿਆਂ ਸਾਨੂੰ ਇਹਨਾਂ ਦੀ ਬੇ ਰਹਿਮ ਕਟਾਈ ਤੋਂ ਵਰਜਿਆ ਹੈ।

ਧਰਮ ਗ੍ਰੰਥਾਂ ਵਿੱਚ ਮੰਨਦੇ ਪੀਰ ਦਰਖ਼ਤਾਂ ਨੂੰ।
ਕਾਹਨੂੰ ਚੀਰੀ ਜਾਵੇਂ ਅੱਜ ਤੂੰ ਵੀਰ ਦਰੱਖਤਾਂ ਨੂੰ।

ਕੇਵਲ ਇਹੀ ਨਹੀਂ ਇਸ ਗਜ਼ਲ ਸੰਗ੍ਰਹਿ ਵਿੱਚ ਬਾਰ ਬਾਰ ਮਨੁੱਖੀ ਕਦਰਾਂ ਕੀਮਤਾਂ, ਇਨਸਾਨੀ ਮਨੋ ਬਿਰਤੀ ਅਤੇ ਲਾਲਚ ਵੱਲ ਧਿਆਨ ਲੈ ਕੇ ਜਾਂਦੇ ਹੋਏ ਸਾਨੂੰ ਸੱਚਾਈ, ਕਿਰਤ, ਸਾਫ਼ ਦਿਲੀ ਤੇ ਹੰਕਾਰ ਰਹਿਤ ਸੋਚ ਨੂੰ ਅਪਨਾਉਣ ਲਈ ਪ੍ਰੇਰਿਆ ਹੈ।

ਗੁਲਨਾਰ ਵਿੱਚ ਬਾਰ ਬਾਰ ਗਰਜਣ, ਵਰਜਣ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਕਿ ਸਾਨੂੰ ਦੱਸਦੇ ਹਨ ਕਿ ਅਸੀਂ ਬਿਨਾ ਕਾਰਨ ਚੀਕ ਚਿਲਾ ਕੇ ਆਪਣੀ ਗੱਲ ਨੂੰ ਸਾਰਥਕ ਬਣਾਉਣ ਦੀ ਥਾਂ ਦਲੀਲ ਸਹਿਤ ਚੰਗੀ ਗੱਲ ਹੀ ਕਰੀਏ।

ਗ਼ਜ਼ਲਾਂ ਵਿੱਚ ਕਈ ਥਾਂ 1947 ਵਿੱਚ ਹੋਈ ਦੇਸ਼ ਦੀ ਵੰਡ ਅਤੇ ਖਾਸ ਕਰ ਪੰਜਾਬ ਦਾ ਦੋ ਹਿੱਸੇ ਵਿੱਚ ਪਾੜਨ ਦਾ ਦਰਦ ਸਾਹਮਣੇ ਆਉਂਦਾ ਹੈ ਜੋ ਸਾਨੂੰ ਅਜਿਹੀਆਂ ਗੰਧਲੀਆਂ ਸਿਆਸੀ ਵੰਡੀਆਂ ਤੋਂ ਬਚਣ ਲਈ ਪ੍ਰੇਰਦਾ ਹੈ।

ਇਹ ਗ਼ਜ਼ਲ ਸੰਗ੍ਰਹਿ ਸੰਗਮ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਿਤ ਕੀਤਾ ਹੈ। ਪੁਸਤਕ ਮੰਗਵਾਉਣ ਲਈ 98152 43917 ਨੰਬਰ ਤੇ ਅਸ਼ੋਕ ਦੀ ਨਾਲ ਸੰਪਰਕ ਕਰੋ। ਕੀਮਤਃ 150/- ਪੰਨੇ 148 ਹਨ। ਇਸ ਰੀਵੀਊ ਦਾ ਹਵਾਲਾ ਦੇਣ ਤੇ ਪ੍ਰਕਾਸ਼ਕ ਕਾਫ਼ੀ ਛੋਟ ਵੀ ਦੇਣਗੇ ਡਾਕ ਰਾਹੀਂ ਮੰਗਵਾਉਣ ਤੇ।

ਤਿਮਾਹੀ ਲੰਘ ਕੇ ਨਵੀਂ ਸਰਕਾਰ ਨਵੀਂ ਨਹੀਂ ਰਹਿੰਦੀ, ਮੁੱਦਿਆਂ ਦੇ ਹੱਲ ਉਡੀਕਦੇ ਹਨ ਲੋਕ

ਪੰਜਾਬ ਦੀ ਨਵੀਂ ਸਰਕਾਰ ਇਸ ਹਫਤੇ ਤਿੰਨ ਮਹੀਨਿਆਂ ਦੀ ਹੋ ਗਈ ਅਤੇ ਕਹਿਣ ਤੋਂ ਭਾਵ ਕਿ ਵੀਹ ਤਿਮਾਹੀਆਂ ਦੀ ਲੋਕਤੰਤਰੀ ਮਿਆਦ ਵਿੱਚੋਂ ਇੱਕ ਤਿਮਾਹੀ ਲੰਘਾ ਕੇ ਉੱਨੀ ਤਿਮਾਹੀਆਂ ਦੇ ਰਾਜ ਜੋਗੀ ਰਹਿ ਗਈ ਹੈ। ਸਮਾਂ ਜਿੰਦਾਂ ਦੀ ਤੇਜ਼ ਚਾਲ ਚੱਲਦਾ ਹੈ, ਉਸ ਦਾ ਪਤਾ ਓਦੋਂ ਨਹੀਂ ਲੱਗ ਸਕਦਾ, ਜਦੋਂ ਜਿੱਤ ਦੇ ਖ਼ੁਮਾਰ ਵਿੱਚ ਕੋਈ ਸਰਕਾਰ ਮੌਜਾਂ ਮਾਣਨ ਰੁੱਝੀ ਹੋਵੇ, ਪਤਾ ਓਦੋਂ ਲੱਗਦਾ ਹੁੰਦਾ ਹੈ, ਜਦੋਂ ਕਿੰਤੂਆਂ ਦੀ ਵਾਛੜ ਹੋਣ ਲੱਗਦੀ ਹੈ। ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਨੂੰ ਇਸ ਤਿਮਾਹੀ ਦੌਰਾਨ ਲੋਕਾਂ ਨੇ ਬਹੁਤਾ ਸਵਾਲਾਂ ਦੇ ਕਟਹਿਰੇ ਵਿੱਚ ਖੜਾ ਨਹੀਂ ਕੀਤਾ, ਸਗੋਂ ਵਿਰੋਧੀ ਧਿਰਾਂ ਦੇ ਆਗੂ ਕੋਈ ਨੁਕਤਾਚੀਨੀ ਕਰਦੇ ਸਨ ਤਾਂ ਟਾਲਣ ਲਈ ਆਮਲੋਕ ਕਹਿ ਦੇਂਦੇ ਸਨ ਕਿ ਸਰਕਾਰ ਨੂੰ ਚੱਲਣ ਤੇ ਦਿਉ, ਭੰਡੀ ਕਰਨਪਹਿਲਾਂ ਹੀ ਰੁੱਝ ਗਏ ਹੋ। ਇੱਕ ਤਿਮਾਹੀ ਲੰਘਣ ਪਿੱਛੋਂ ਹੌਲੀ-ਹੌਲੀ ਆਮ ਲੋਕਾਂ ਵੀ ਬਹੁਤ ਸਾਰੇ ਮਾਮਲਿਆਂ ਵਿੱਚ ਸਵਾਲ ਕਰਨ ਲੱਗ ਜਾਣਾ ਅਤੇ ਸਰਕਾਰ ਤੋਂ ਉਨ੍ਹਾਂ ਦੇ ਜਵਾਬਾਂ ਦੀ ਆਸ ਰੱਖਣੀ ਹੈ। ਜਵਾਬ ਦੇਣ ਵਾਸਤੇ ਸਰਕਾਰ ਦੇ ਮੰਤਰੀਆਂ ਅਤੇ ਮੀਡੀਆ ਬੁਲਾਰਿਆਂ ਦਾ ਜਵਾਬੀ ਗੋਲੇ ਦਾਗਣਾ ਆਮ ਲੋਕਾਂ ਦੀ ਤਸੱਲੀ ਨਹੀਂ ਕਰਵਾ ਸਕਦਾ, ਲੋਕਾਂ ਨੂੰ ਆਪਣੇ ਮਸਲਿਆਂ ਅਤੇ ਪਿਛਲੀਆਂ ਸਰਕਾਰਾਂ ਵੇਲੇ ਤੋਂ ਲਟਕਦੇ ਮੁੱਦਿਆਂ ਦੇ ਹੱਲ ਦੀ ਉਡੀਕ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੀਆਂ ਸਰਕਾਰਾਂ ਦੇ ਵਕਤ ਵਿਗਾੜ ਏਨੇ ਵੱਡੇ ਪਾਏ ਗਏ ਹਨ ਕਿ ਸਮੁੱਚੀ ਵਿਗੜੀ ਤਾਣੀ ਨੂੰ ਸੁਲਝਾਉਣ ਵਾਸਤੇ ਸਮਾਂ ਚੋਖਾ ਚਾਹੀਦਾ ਹੈ। ਬੀਤੇ ਹਫਤੇ ਦੀ ਗੱਲ ਹੈ ਕਿ ਕੋਆਪਰੇਟਿਵ ਵਿਭਾਗ ਤੋਂ ਇੱਕ ਮੈਨੇਜਰ ਘਰ ਭੇਜਣਾ ਪਿਆ ਹੈ, ਉਸ ਉੱਤੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀਂ ਸੀ, ਉਸ ਦੀ ਨੀਂਹ ਹੀ ਭ੍ਰਿਸ਼ਟਾਚਾਰ ਦੇ ਗਮਲੇ ਵਿੱਚ ਲੱਗੀ ਨਿਕਲੀ ਸੀ। ਇੱਕੀ ਸਾਲ ਪਹਿਲਾਂ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ ਬਣੀ ਸੀ ਤਾਂ ਉਸ ਨੂੰ ਉਹ ਨੌਕਰੀ ਦਿੱਤੀ ਗਈ ਸੀ, ਜਿਸ ਦੀ ਯੋਗਤਾ ਅਖਬਾਰ ਵਿੱਚ ਦਿੱਤੇ ਇਸ਼ਤਿਹਾਰ ਵਿੱਚ ਹੋਰ ਸੀ ਤੇ ਉਸ ਬੰਦੇ ਕੋਲ ਉਹ ਨੌਕਰੀ ਲੈਣ ਜੋਗੀ ਯੋਗਤਾ ਹੀ ਨਹੀਂ ਸੀ। ਕਿਸੇ ਨੇ ਸ਼ਿਕਾਇਤ ਕਰ ਦਿੱਤੀ, ਜਾਂਚ ਸ਼ੁਰੂ ਹੋ ਗਈ ਤੇ ਜਾਂਚ ਏਨੀ ਤੇਜ਼ੀ ਨਾਲ ਚੱਲੀ ਕਿ ਪੰਜ ਸਰਕਾਰਾਂ ਬਦਲ ਗਈਆਂ, ਵਾਰ-ਵਾਰ ਇਹੋ ਸਿੱਟਾ ਨਿਕਲਿਆ ਕਿ ਨੌਕਰੀ ਦੇਣ ਵੇਲੇ ਨਿਯਮਾਂ ਦੀ ਉਲੰਘਣਾ ਹੋਈ ਹੈ, ਪਰ ਉਸ ਨੂੰ ਅਫਸਰੀ ਕੁਰਸੀ ਤੋਂ ਉਠਾਇਆ ਨਹੀਂ ਸੀ ਗਿਆ, ਕਿਉਂਕਿ ਹਰ ਵਾਰੀ ਕੋਈ ਵੱਡਾ ਬੰਦਾ ਉਸ ਦੀ ਢਾਲ ਬਣ ਜਾਂਦਾ ਰਿਹਾ ਸੀ। ਨਵੀਂ ਸਰਕਾਰ ਨੇ ਉਠਾ ਦਿੱਤਾ ਹੈ। ਇਸ ਵੇਲੇ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਨੂੰ ਸੌਂਪੇ ਜਾਣ ਦਾ ਮੁੱਦਾ ਭੜਕ ਰਿਹਾ ਹੈ। ਨਵੀਂ ਸਰਕਾਰ ਉੱਤੇ ਦੋਸ਼ ਲੱਗਦਾ ਹੈ ਕਿ ਉਸ ਨੇ ਇਸ ਦੇ ਵਿਰੁੱਧ ਡਟ ਕੇ ਸਟੈਂਡ ਨਹੀਂ ਲਿਆ, ਇਹ ਦੋਸ਼ ਸਿਰਫ ਤਿੰਨ ਮਹੀਨੇ ਪਹਿਲਾਂ ਬਣੀ ਸਰਕਾਰ ਉੱਤੇ ਲੱਗਾ ਹੈ, ਜਦ ਕਿ ਕੇਂਦਰ ਨੂੰ ਇਹ ਯੂਨੀਵਰਸਿਟੀ ਸੌਂਪਣ ਦੀ ਖੇਡ ਪਿਛਲੇ ਤੇਰਾਂ ਸਾਲਾਂ ਤੋਂ ਚੱਲ ਰਹੀ ਹੈ। ਡਾਕਟਰ ਮਨਮੋਹਨ ਸਿੰਘ ਦੇ ਵਕਤਇਸ ਨੂੰ ਕੇਂਦਰ ਦੇ ਹਵਾਲੇ ਕਰਨ ਦੀ ਹਾਮੀ ਵਜੋਂ ਪੰਜਾਬ ਦੇ ਮੁੱਖ ਮੰਤਰੀ ਨੇ 26 ਅਗਸਤ 2008 ਨੂੰ ਕੇਂਦਰ ਸਰਕਾਰ ਨੂੰ ਚਿੱਠੀ ਭੇਜੀ ਸੀ ਕਿ ਪੰਜਾਬ ਸਰਕਾਰ ਨੂੰ ਇਸ ਉੱਤੇ ਇਤਰਾਜ਼ ਨਹੀਂ। ਜਦੋਂ ਉਸ ਚਿੱਠੀ ਉੱਤੇ ਕੁਝ ਲੋਕਾਂ ਨੇ ਇਤਰਾਜ਼ ਕੀਤਾ ਤਾਂ ਪੰਜਾਬ ਦੇ ਓਦੋਂ ਦੇਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਅਸੀਂ ਆਪਣੀ ਸਿਫਾਰਸ਼ ਵਾਪਸ ਲੈ ਲਵਾਂਗੇ, ਪਰ ਉਨ੍ਹਾਂ ਨੇ ਇਹ ਗੱਲ ਜ਼ਬਾਨੀ ਕਹੀ ਸੀ, ਅਸਲ ਵਿੱਚ ਉਹ ਚਿੱਠੀ ਵਾਪਸ ਲੈਣ ਦਾ ਕੋਈ ਰਿਕਾਰਡ ਨਹੀਂ ਮਿਲਦਾ।

ਇੱਕ ਅਖਬਾਰ ਨੇ ਖਬਰ ਛਾਪੀ ਹੈ ਕਿ ਇੱਕ ਮੁੱਖ ਮੰਤਰੀ ਦੇ ਕਤਲ ਪਿੱਛੋਂ ਪੰਜਾਬ ਦੇ ਸਿਵਲ ਸੈਕਟਰੀਏਟ ਦੀ ਸਾਰੀ ਸੁਰੱਖਿਆ ਇੱਕ ਕੇਂਦਰੀ ਪੈਰਾ-ਮਿਲਟਰੀ ਫੋਰਸ ਨੂੰ ਸੌਂਪੀ ਗਈ ਸੀ। ਉਸ ਸੁਰੱਖਿਆ ਦਾ ਸਾਰਾ ਖਰਚਾ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੇ ਆਪੋ-ਆਪਣੇ ਹਿੱਸੇ ਦਾ ਦੇਣਾ ਸੀ, ਹਰਿਆਣਾ ਸਰਕਾਰ ਹਰ ਸਾਲ ਦੇਂਦੀ ਰਹੀ ਤੇ ਪੰਜਾਬ ਵਾਲੇ ਜਦੋਂ ਚੋਖੀ ਮੋਟੀ ਰਕਮ ਬਣ ਜਾਂਦੀ ਸੀ ਤਾਂ ਫਿਰ ਕੁਝ ਭੁਗਤਾਨ ਕਰ ਛੱਡਦੇ ਸਨ। ਪਿਛਲੀ ਕਾਂਗਰਸ ਦੀ ਸਰਕਾਰ ਵੀ ਚੋਖਾ ਬਕਾਇਆ ਛੱਡ ਕੇ ਤੁਰ ਗਈ ਹੈ ਅਤੇ ਅੱਗੋਂ ਇਹ ਚੱਟੀ ਭਰਨ ਦੀ ਜ਼ਿਮੇਵਾਰੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਸਿਰ ਪੈ ਗਈ ਹੈ। ਪੰਜਾਬ ਦੀ ਇੱਕ ਸਰਕਾਰ ਨੇ ਕਰੋੜਾਂ ਰੁਪਏ ਦੇ ਬੱਜਟ ਨਾਲ ਵਿਸ਼ੇਸ਼ ਵਿਅਕਤੀਆਂ ਲਈ ਕੇਂਦਰ ਸਰਕਾਰ ਦੀ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ ਪੀ ਜੀ) ਵਰਗੀ ਫੋਰਸ ਸਪੈਸ਼ਲ ਪ੍ਰੋਟੈਕਸ਼ਨ ਯੂਨਿਟ (ਐੱਸ ਪੀ ਯੂ) ਬਣਾ ਲਈ, ਜਿਸ ਵਿੱਚ ਪੰਜਾਬੀ ਨੌਜਵਾਨ ਘੱਟ ਅਤੇ ਉਨ੍ਹਾਂ ਨਾਲੋਂ ਦੁੱਗਣੇ ਤੋਂ ਵੱਧ ਦੂਸਰੇ ਰਾਜਾਂ ਵਾਲੇ ਭਰਤੀ ਕਰ ਲਏ, ਪਰ ਕਿਸੇ ਕਾਂਗਰਸੀ ਜਾਂ ਅਕਾਲੀ-ਭਾਜਪਾ ਸਰਕਾਰ ਇਹ ਨਾ ਸੋਚਿਆ ਕਿ ਆਪਣੇ ਸਿਵਲ ਸੈਕਟਰੀਏਟ ਵਾਸਤੇ ਪੈਰਾ ਮਿਲਟਰੀ ਦੇ ਪੱਧਰ ਵਾਲੀ ਏਦਾਂ ਦੀ ਫੋਰਸ ਬਣਾਈ ਜਾਵੇ, ਜਿਹੜੀ ਘੱਟ ਖਰਚ ਵਿੱਚ ਇਸ ਨੂੰ ਕੇਂਦਰੀ ਅਦਾਰਿਆਂ ਵਾਂਗ ਸੁਰੱਖਿਆ ਦੇ ਸਕੇ ਅਤੇ ਪੰਜਾਬ ਦੇ ਬੱਜਟ ਦਾ ਬੋਝ ਘਟਾਇਆ ਜਾਵੇ। ਰਾਜ ਸਰਕਾਰ ਦੇ ਬਹੁਤ ਸਾਰੇ ਕਮਿਸ਼ਨ, ਅਥਾਰਟੀਆਂ ਤੇ ਬੋਰਡ ਹਨ, ਇਨ੍ਹਾਂ ਵਿੱਚ ਦੋਵਾਂ ਧਿਰਾਂ ਦੀਆਂ ਸਰਕਾਰਾਂ ਦੇ ਵਕਤ ਚੋਣ ਵਿੱਚ ਹਾਰੇ ਹੋਏ ਆਪਣੇ ਬੰਦਿਆਂ ਨੂੰ ਬਿਨਾਂ ਯੋਗਤਾ ਤੋਂ ਭਰਤੀ ਕਰਨ ਦਾ ਕੰਮ ਹੋਈ ਗਿਆ ਅਤੇ ਚੱਟੀ ਲੋਕਾਂ ਦੇ ਸਿਰ ਪਾਈ ਜਾਂਦੀ ਰਹੀ ਸੀ।

ਨਵੀਂ ਸਰਕਾਰ, ਪਤਾ ਨਹੀਂ ਕਿੰਨੀ ਦੇਰ ਇਸ ਨੂੰ 'ਨਵੀਂ ਸਰਕਾਰ' ਕਹਿਣ ਪਵੇਗਾ, ਦੇ ਸਿਰ ਪਿਛਲੀਆਂ ਸਰਕਾਰਾਂ ਜਿਹੜਾ ਬੋਝ ਪਾ ਗਈਆਂ ਹਨ, ਉਹ ਸਿਰਫ ਨਿਯੁਕਤੀਆਂ ਜਾਂ ਬੱਜਟ ਦੇ ਪੱਖ ਤੋਂ ਨਹੀਂ, ਸਗੋਂ ਪ੍ਰਬੰਧਕੀ ਮਸ਼ੀਨਰੀ ਵਿੱਚ ਵੀ ਹਰ ਵਿਭਾਗ ਵਿੱਚ 'ਆਪਣਾ ਬੰਦਾ' ਫਿੱਟ ਕਰਨ ਤੱਕ ਹੋਇਆ ਹੈ। ਜਿਹੜੇ ਅਫਸਰ ਪਿਛਲੀਆਂ ਦੋਵਾਂ ਰੰਗਾਂ ਵਾਲੀਆਂ ਸਰਕਾਰਾਂ ਦੇ ਮੰਤਰੀਆਂ ਨਾਲ ਆਮ ਤੌਰ ਉੱਤੇ ਮਿਲ ਕੇ ਚੱਲਦੇ ਰਹੇ ਅਤੇ ਜਦੋਂ ਕਿਸੇ ਮੰਤਰੀ ਤੇ ਅਫਸਰ ਵਿਚਾਲੇ ਪੇਚਾ ਪੈ ਜਾਂਦਾ ਸੀ ਤਾਂ ਮੁੱਖ ਮੰਤਰੀ ਉਸ ਸੰਬੰਧਤ ਅਫਸਰ ਨੂੰ ਉਸ ਨਾਲੋਂ ਵਧੇਰੇ ਅਹਿਮ ਕੁਰਸੀ ਅਲਾਟ ਕਰ ਕੇ ਡੰਗ ਸਾਰ ਦੇਂਦੇ ਸਨ, ਉਹ ਅਫਸਰ ਨਵੀਂ ਸਰਕਾਰ ਨਾਲ ਸੁਖਾਵੇਂ ਨਹੀਂ। ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਕੇਸ ਵਿੱਚ ਜਦੋਂ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਗ੍ਰਿਫਤਾਰ ਕਰਵਾਇਆ ਤਾਂ ਪੰਜਾਬ ਦੇ ਲੋਕਾਂ ਵਿੱਚ ਇਸ ਨਾਲ ਚੰਗਾ ਸੰਕੇਤ ਗਿਆ ਸੀ, ਪਰ ਅਫਸਰਾਂ ਵਿੱਚ ਓਨਾ ਹੀ ਇਸ ਤੋਂ ਉਲਟ ਇਹ ਸੰਕੇਤ ਗਿਆ ਸੀ ਕਿ ਇਸ ਸਰਕਾਰ ਤੋਂ ਬਚ ਕੇ ਚੱਲਣਾ ਹੈ ਤਾਂ ਇੱਕ ਦੂਸਰੇ ਦੇ ਪਰਦੇ ਕੱਜਣ ਲਈ ਆਪਸ ਵਿੱਚ ਮਿਲ ਕੇ ਚੱਲੀਏ। ਇਸ ਪਿੱਛੋਂ ਪੰਜਾਬ ਸਰਕਾਰ ਦੇ ਮੁੱਖ ਕੇਂਦਰ ਸਿਵਲ ਸੈਕਟਰੀਏਟ ਵਿਚਲੇ ਅਫਸਰਾਂ ਦੀ ਕਾਂਗਰਸ-ਪੱਖੀ ਲਾਬੀ ਆਪਸ ਵਿੱਚ ਤੇ ਅਕਾਲੀ-ਪੱਖੀਆਂ ਦੀ ਲਾਬੀ ਆਪਸ ਵਿੱਚ ਇਸ ਤਰ੍ਹਾਂ ਮਿਲ ਕੇ ਚੱਲਣ ਦੀਆਂ ਗੋਂਦਾਂ ਗੁੰਦ ਰਹੀ ਹੈ ਕਿ ਉਹ ਸਰਕਾਰ ਦੇ ਕੰਮ ਵਿੱਚ ਮਦਦ ਦੀ ਥਾਂ ਪਿਛਲੀਆਂ ਸਰਕਾਰਾਂ ਵਾਲੇ ਆਪਣੇ ਆਕਾਵਾਂ ਦੀ ਵਫਾਦਾਰੀ ਵੱਧ ਨਿਭਾਉਂਦੇ ਦਿਖਾਈ ਦੇ ਰਹੇ ਹਨ।

ਜਿਹੜੀਆਂ ਗੱਲਾਂ ਸਾਨੂੰ ਪੱਤਰਕਾਰਾਂ ਨੂੰ ਸੁਣਨ ਨੂੰ ਮਿਲਦੀਆਂ ਹਨ, ਸਾਰੀਆਂ ਸੱਚ ਹੋਣ ਦਾ ਯਕੀਨ ਸਾਨੂੰ ਵੀ ਕਦੇ ਨਹੀਂ ਹੋ ਸਕਦਾ, ਪਰ ਸਾਰੀਆਂ ਅਫਵਾਹ ਨਹੀਂ ਹੁੰਦੀਆਂਅਤੇ ਆਮ ਲੋਕਾਂ ਤੱਕ ਇਹ ਗੱਲਾਂ ਕਦੇ ਪਹੁੰਚਣ ਵਾਲੀਆਂ ਵੀ ਨਹੀਂ ਹੁੰਦੀਆਂ। ਵਿਰੋਧ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਧਿਰ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਬੀਤੇ ਹਫਤੇ ਮੁੱਖ ਮੰਤਰੀ ਦੀ ਕੋਠੀ ਅੱਗੇ ਆਪਣੇ ਇੱਕ ਪੁਰਾਣੇ ਵਜ਼ੀਰ ਸਾਥੀ ਦੇ ਸਮੱਰਥਨ ਲਈ ਧਰਨਾ ਲਾਉਣ ਵੇਲੇ 'ਸਾਡੇ ਹੱਕ, ਏਥੇ ਰੱਖ' ਦਾ ਨਾਅਰਾ ਲਾ ਕੇ ਇਹ ਪ੍ਰਭਾਵ ਦੇ ਦਿੱਤਾ ਹੈ ਕਿ ਉਹ ਆਪਣੇ ਰਾਜ ਦੀਆਂ ਬੁਰਾਈਆਂ ਨੂੰ ਵੀ ਬੁਰਾਈਆਂ ਨਾ ਮੰਨ ਕੇ ਉਨ੍ਹਾਂ ਦਾਗੀਆਂ ਦੀ ਢਾਲ ਬਣਨ ਲਈ ਹਰ ਹੱਦ ਟੱਪ ਜਾਣ ਨੂੰ ਤਿਆਰ ਹਨ।ਇਸ ਦਾ ਮਤਲਬ ਇਹ ਬਣਦਾ ਹੈ ਕਿ ਅਗਲੇ ਦਿਨਾਂ ਵਿੱਚ ਕਾਂਗਰਸੀ ਹੋਣ ਜਾਂ ਅਕਾਲੀ, ਉਹ ਇਸ ਸਰਕਾਰ ਨੂੰ ਘੇਰਨ ਲਈ ਇਹੋ ਜਿਹੇ ਮੁੱਦੇ ਚੁੱਕਣ ਲੱਗ ਜਾਣਗੇ, ਜਿਹੜੇ ਉਨ੍ਹਾਂ ਦੇ ਆਪਣੇ ਵਕਤ ਉਨ੍ਹਾਂ ਨੇ ਨਹੀਂ ਸੁਲਝਾਏ ਸਨ। ਆਮ ਆਦਮੀ ਪਾਰਟੀ ਇਹ ਨਾ ਸਮਝਦੀ ਰਹੇ ਕਿ ਇਸ ਨਾਲ ਵਿਰੋਧੀ ਧਿਰ ਵਾਲੇ ਖੁਦ ਫਸ ਜਾਣਗੇ, ਸਗੋਂ ਇਹ ਚੇਤੇ ਰੱਖੇ ਕਿ ਇੱਕ ਵਾਰੀ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਮੁੱਖ ਮੰਤਰੀ ਹੋਣ ਸਮੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੇਤੇ ਕਰਾਇਆ ਸੀ ਕਿ ਤੁਹਾਡੇ ਵੇਲੇ ਕੀ ਹਾਲ ਸੀ ਤਾਂ ਬਾਦਲ ਸਾਹਿਬ ਨੇ ਏਨੇ ਨਾਲ ਸਾਰ ਦਿੱਤਾ ਸੀ, ਅਸੀਂ ਤਾਂ ਗਲਤ ਸਾਂ, ਤੁਸੀਂ ਉਹ ਗਲਤੀਆਂ ਨਾ ਕਰੋ। ਉਸ ਤੋਂ ਅਗਲੇ ਦਿਨ ਅਖਬਾਰਾਂ ਵਿੱਚ ਬਾਦਲ ਦੀਆਂ ਸਿਫਤਾਂ ਕਰ ਕੇ ਅਮਰਿੰਦਰ ਸਿੰਘ ਨੂੰ ਕਿਹਾ ਗਿਆ ਸੀ ਕਿ ਬਾਦਲ ਦੀ ਨਸੀਹਤ ਮੰਨ ਕੇ ਉਸ ਨੂੰ ਲੋਕਾਂ ਦੇ ਕੰਮ ਕਰਨੇ ਚਾਹੀਦੇ ਹਨ। ਪਿਛਲੇ ਹਾਕਮਾਂ ਵੱਲ ਨਾ ਕੋਈ ਵੇਖਦਾ ਹੁੰਦਾ ਤੇ ਨਾ ਕੋਈ ਉਨ੍ਹਾਂ ਦਾ ਸਮਾਂ ਚੇਤੇ ਕਰਦਾ ਹੈ, ਲੋਕਾਂ ਨੂੰ ਮੌਕੇ ਦੀ ਸਰਕਾਰ ਨਾਲ ਮਤਲਬ ਹੁੰਦਾ ਹੈ ਕਿ ਇਹ ਲੋਕਾਂ ਦੀ ਕਚਹਿਰੀ ਵਿੱਚ ਕੀਤੇ ਵਾਅਦਿਆਂ ਉੱਤੇ ਅਮਲ ਕਰ ਕੇ ਵਿਖਾਵੇ। ਜਿਹੜੀ ਨਵੀਂ ਪਾਰਟੀ ਲੋਕਾਂ ਨੂੰ ਇਹ ਕਹਿ ਕੇ ਪੰਜਾਬ ਵਿੱਚਸਰਕਾਰਬਣਾਉਣ ਜੋਗੀ ਹੋਈ ਹੈ ਕਿ 'ਅਸੀਂ ਜਾਂਦੇ ਸਾਰ ਆਹ ਕੁਝ ਕਰ ਦਿਆਂਗੇ', ਉਸ ਤੋਂ ਆਮ ਲੋਕਾਂ ਦਾ ਇਹ ਆਸ ਰੱਖਣਾ ਫਜ਼ੂਲ ਨਹੀਂ ਕਿ 'ਜਾਂਦੇ ਸਾਰ' ਨਾ ਸਹੀ, ਤਿਮਾਹੀ ਲੰਘਣ ਪਿੱਛੋਂ ਤਾਂ ਕੁਝ ਕਰ ਕੇ ਵਿਖਾਵੇ। ਇਸ ਕਰ ਕੇ ਤਿੰਨ ਮਹੀਨੇ ਗੁਜ਼ਰਨ ਪਿੱਛੋਂ ਇਹ ਸਰਕਾਰ ਨਵੀਂ ਨਹੀਂ ਕਹੀ ਜਾਣੀ, ਇਸ ਨੂੰ ਲੋਕਾਂ ਦੇ ਮੁੱਦਿਆਂ ਦਾ ਹੱਲ ਕੱਢਣ ਵਾਸਤੇ ਤੇਜ਼ੀ ਨਾਲ ਕੰਮ ਕਰਨਾ ਪੈਣਾ ਹੈ। ਅਜੇ ਲੋਕਾਂ ਨੂੰ ਸਰਕਾਰ ਤੋਂ ਆਸਾਂ ਹਨ, ਤਦੇ ਉਹ ਅੱਖਾਂ ਚੁੱਕ ਕੇ ਅਮਲ ਦੀ ਉਡੀਕ ਕਰਦੇ ਹਨ, ਆਸ ਦਾ ਇਹ ਦੀਵਾ ਬੁਝਣਾ ਨਹੀਂ ਚਾਹੀਦਾ, ਇਹ ਗੱਲ ਸਰਕਾਰ ਨੂੰ ਯਾਦ ਰੱਖਣ ਦੀ ਲੋੜ ਹੈ।

ਬਿਨਾਂ ਕੋਚਿੰਗ ਦੇ ਯੂਪੀਐਸਸੀ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ?



ਯੂਪੀਐਸਸੀ ਸਿਵਲ ਸਰਵਿਸਿਜ਼ ਇਮਤਿਹਾਨ, ਜਿਸ ਨੂੰ ਇਮਤਿਹਾਨ ਵੀ ਕਿਹਾ ਜਾਂਦਾ ਹੈ, ਨੂੰ ਭਾਰਤ ਵਿੱਚ ਸਭ ਤੋਂ ਔਖੀ ਪ੍ਰੀਖਿਆ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਇਸ ਲਈ ਨਹੀਂ ਹੈ ਕਿ ਪ੍ਰੀਖਿਆ ਦੀ ਮੁਸ਼ਕਲ ਦਾ ਪੱਧਰ ਅਜਿਹਾ ਹੈ, ਵੱਡੇ ਪੱਧਰ 'ਤੇ, ਇਹ ਵਿਸ਼ਾਲ ਸਿਲੇਬਸ ਦੇ ਕਾਰਨ ਹੈ ਕਿ ਇਸ ਪ੍ਰੀਖਿਆ ਨੂੰ ਤੋੜਨਾ ਸਭ ਤੋਂ ਮੁਸ਼ਕਲ ਮੰਨਿਆ ਜਾਂਦਾ ਹੈ। ਭਾਰਤ ਭਰ ਦੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਤੋਂ ਉਮੀਦਵਾਰ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰਨ ਲਈ ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿੱਚ ਸ਼ਿਫਟ ਹੋ ਜਾਂਦੇ ਹਨ। ਪਰ ਕੀ ਇਸਦਾ ਮਤਲਬ ਇਹ ਹੈ ਕਿ ਕੋਚਿੰਗ ਹੀ ਇਸ ਪ੍ਰੀਖਿਆ ਦੀ ਤਿਆਰੀ ਦਾ ਇੱਕੋ ਇੱਕ ਤਰੀਕਾ ਹੈ? ਖੈਰ, ਈਮਾਨਦਾਰ ਹੋਣ ਲਈ, ਨਹੀਂ!

ਇਸ ਬਾਰੇ ਕੁਝ ਸਵਾਲ ਹਨ ਜੋ ਹਰ ਚਾਹਵਾਨ ਦੇ ਮਨ ਵਿੱਚ ਹਨ ਅਤੇ ਇੱਕ ਲਗਾਤਾਰ ਸਵਾਲ ਇਹ ਹੈ ਕਿ "ਕੀ ਦੀ ਤਿਆਰੀ ਲਈ ਕੋਚਿੰਗ ਜ਼ਰੂਰੀ ਹੈ"; ਇੱਕ ਹੋਰ ਜੋ ਅਕਸਰ ਪੁੱਛਿਆ ਜਾਂਦਾ ਹੈ "ਉਪਚਾਰਿਕ ਕੋਚਿੰਗ ਤੋਂ ਬਿਨਾਂ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ"

ਇਸ ਲੇਖ ਵਿਚ ਅਸੀਂ ਇਨ੍ਹਾਂ ਦੋਹਾਂ ਸਵਾਲਾਂ ਦੇ ਜਵਾਬ ਦੇਵਾਂਗੇ। ਪਰ ਇਸ ਤੋਂ ਪਹਿਲਾਂ, ਆਓ ਦੇਖੀਏ ਕਿ ਜੇਕਰ ਤੁਸੀਂ ਦੀ ਤਿਆਰੀ ਲਈ ਕੋਚਿੰਗ ਵਿੱਚ ਸ਼ਾਮਲ ਨਹੀਂ ਹੁੰਦੇ ਹੋ ਤਾਂ ਸ਼ੁਰੂ ਤੋਂ ਲੈ ਕੇ ਅੰਤ ਤੱਕ ਤੁਹਾਡੀ ਤਿਆਰੀ ਦੇ ਦੌਰਾਨ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਉਮੀਦਵਾਰਾਂ ਦੁਆਰਾ ਦਰਪੇਸ਼ ਸਮੱਸਿਆਵਾਂ:

ਸਿਵਲ ਸਰਵਿਸ ਇਮਤਿਹਾਨ ਦੀ ਵਿਸ਼ੇਸ਼ਤਾ ਜੋ ਇਸਨੂੰ ਪੂਰੀ ਤਰ੍ਹਾਂ ਮੁਸ਼ਕਲ ਬਣਾਉਂਦੀ ਹੈ ਉਹ ਵਿਸ਼ਾਲ ਸਿਲੇਬਸ ਹੈ। ਇਸ ਲਈ, ਸਹੀ ਸਰੋਤਾਂ ਅਤੇ ਮਾਹਰ ਮਾਰਗਦਰਸ਼ਨ ਦੀ ਘਾਟ ਉਹਨਾਂ ਵਿਦਿਆਰਥੀਆਂ ਦੁਆਰਾ ਦਰਪੇਸ਼ ਮੁੱਖ ਸਮੱਸਿਆਵਾਂ ਵਿੱਚੋਂ ਇੱਕ ਹੈ ਜੋ ਬਿਨਾਂ ਕਿਸੇ ਰਸਮੀ ਕੋਚਿੰਗ ਦੇ ਤਿਆਰੀ ਕਰਦੇ ਹਨ।

ਵਿਦਿਆਰਥੀ ਆਪਣੇ ਆਪ ਨੂੰ ਸਮੁੰਦਰ ਵਿੱਚ ਲੱਭ ਲੈਂਦੇ ਹਨ ਜਦੋਂ ਇਹ ਸੰਬੰਧਿਤ ਕਿਤਾਬ-ਸੂਚੀ ਜਾਂ ਅਧਿਐਨ ਸਮੱਗਰੀ ਦੀ ਗੱਲ ਆਉਂਦੀ ਹੈ। ਕਿਤਾਬਾਂ ਦੀਆਂ ਦੁਕਾਨਾਂ ਅਤੇ ਇੰਟਰਨੈਟ ਸਰੋਤ ਅਜਿਹੀ ਸਮੱਗਰੀ ਨਾਲ ਭਰੇ ਹੋਏ ਹਨ ਜੋ ਕਦੇ ਖਤਮ ਨਹੀਂ ਹੁੰਦੇ। ਇਸ ਲਈ, ਨਵੇਂ ਚਾਹਵਾਨ ਹਮੇਸ਼ਾ "ਬਹੁਤ ਸਾਰੀਆਂ ਕਿਤਾਬਾਂ ਅਤੇ ਬਹੁਤ ਘੱਟ ਸਮਾਂ" ਪ੍ਰਾਪਤ ਕਰਦੇ ਹਨ!

ਜਦੋਂ ਪੂਰੇ ਸਿਲੇਬਸ ਨੂੰ ਕਵਰ ਕਰਨ ਦੀ ਗੱਲ ਆਉਂਦੀ ਹੈ ਤਾਂ ਰਣਨੀਤੀ ਮੁੱਖ ਖੇਤਰ ਹੁੰਦੀ ਹੈ। ਬਹੁਤ ਸਾਰੇ ਵਿਸ਼ੇ ਹਨ ਜੋ ਛੱਡੇ ਜਾ ਸਕਦੇ ਹਨ, ਬਹੁਤ ਸਾਰੇ ਵਿਸ਼ੇ ਹਨ ਜੋ ਬਹੁਤ ਮਹੱਤਵਪੂਰਨ ਅਤੇ ਸਕੋਰਿੰਗ ਹਨ। ਨਵੇਂ ਚਾਹਵਾਨ ਸਿਲੇਬਸ ਅਤੇ ਮੁਫਤ ਸਰੋਤਾਂ ਦੀ ਵਿਸ਼ਾਲਤਾ ਨਾਲ ਹਾਵੀ ਮਹਿਸੂਸ ਕਰ ਸਕਦੇ ਹਨ ਅਤੇ ਇਸ ਨੂੰ ਇਕਸਾਰ ਕਰਨ ਵਿੱਚ ਬਹੁਤ ਸਾਰਾ ਸਮਾਂ ਬਰਬਾਦ ਕਰ ਸਕਦੇ ਹਨ।

ਅਗਲਾ ਸਹੀ ਸਮਾਂ ਪ੍ਰਬੰਧਨ ਹੈ. ਕੋਚਿੰਗ ਉਮੀਦਵਾਰਾਂ ਲਈ ਸਮਾਂ-ਸਾਰਣੀ ਤਿਆਰ ਕਰਨ ਵਿੱਚ ਮਦਦ ਕਰਦੀ ਹੈ। ਅਤੇ ਇਸ ਲਈ, ਇਸਦੀ ਘਾਟ ਵਿੱਚ, ਸਮੇਂ ਨੂੰ ਕੁਸ਼ਲਤਾ ਨਾਲ ਪ੍ਰਬੰਧਨ ਕਰਨਾ ਮੁਸ਼ਕਲ ਹੈ.

ਤੁਹਾਨੂੰ ਆਪਣੇ ਔਖੇ ਖੇਤਰਾਂ ਵਿੱਚ ਵੀ ਮਦਦ ਦੀ ਲੋੜ ਹੋ ਸਕਦੀ ਹੈ, ਕੋਚਿੰਗ ਤੋਂ ਬਿਨਾਂ ਇਸ ਲੋੜ ਨੂੰ ਪੂਰਾ ਕਰਨਾ ਅਸੰਭਵ ਹੋ ਜਾਂਦਾ ਹੈ।

ਇਸ ਤੋਂ ਇਲਾਵਾ, ਵਿਆਖਿਆਤਮਿਕ ਜਵਾਬਾਂ ਦਾ ਮੁਲਾਂਕਣ ਉਹ ਚੀਜ਼ ਹੈ ਜੋ ਕੋਈ ਵੀ ਚਾਹਵਾਨ ਆਪਣੇ ਆਪ ਨਹੀਂ ਕਰ ਸਕਦਾ ਹੈ। ਪਰ ਕੀ ਇਸਦਾ ਮਤਲਬ ਇਹ ਹੈ ਕਿ ਚਾਹਵਾਨ ਲਈ ਕੋਚਿੰਗ ਵਿੱਚ ਸ਼ਾਮਲ ਹੋਣਾ ਬਿਲਕੁਲ ਜ਼ਰੂਰੀ ਹੈ? ਖੈਰ, ਫਿਰ ਵੀ, ਜਵਾਬ ਨਹੀਂ ਹੈ! ਪਰ, ਬਿਨਾਂ ਕੋਚਿੰਗ ਦੇ ਇਮਤਿਹਾਨ ਦੀ ਤਿਆਰੀ ਕਰਦੇ ਸਮੇਂ ਕੁਝ ਮੁੱਖ ਕਾਰਕਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਆਓ ਦੇਖੀਏ ਕਿ ਉਹ ਕੀ ਹਨ!

ਬਿਨਾਂ ਕੋਚਿੰਗ ਦੇ ਸਿਵਲ ਸਰਵਿਸਿਜ਼ ਪ੍ਰੀਖਿਆ (ਪ੍ਰੀਖਿਆ) ਦੀ ਤਿਆਰੀ ਕਿਵੇਂ ਕਰੀਏ?

ਹੁਣ, ਜਦੋਂ ਤੁਸੀਂ ਸਮੱਸਿਆਵਾਂ ਨੂੰ ਜਾਣਦੇ ਹੋ, ਤਾਂ ਸਮੱਸਿਆਵਾਂ ਨੂੰ ਹੱਲ ਕਰਨਾ ਅਤੇ ਆਪਣੇ ਆਪ ਤਿਆਰ ਕਰਨਾ ਬਹੁਤ ਸੌਖਾ ਹੈ। ਆਓ ਸਿਵਲ ਸਰਵਿਸਿਜ਼ ਇਮਤਿਹਾਨ ਨੂੰ ਜਿੱਤਣ ਲਈ ਇੱਕ ਕਦਮ-ਦਰ-ਕਦਮ ਰਣਨੀਤੀ ਨੂੰ ਵੇਖੀਏ:

ਕਦਮ 1: ਪਿਛਲੇ ਸਾਲ ਦੇ ਸਵਾਲਾਂ 'ਤੇ ਜਾਓ:

ਪਿਛਲੇ ਸਾਲ ਦੇ ਸਵਾਲ ਨਾ ਸਿਰਫ਼ ਇਹ ਮੁਲਾਂਕਣ ਕਰਨ ਵਿੱਚ ਤੁਹਾਡੀ ਮਦਦ ਕਰਨਗੇ ਕਿ ਤੁਸੀਂ ਕਿੱਥੇ ਖੜ੍ਹੇ ਹੋ, ਸਗੋਂ ਇਹ ਤੁਹਾਨੂੰ ਪ੍ਰੀਖਿਆ ਵਿੱਚ ਪੁੱਛੇ ਜਾਣ ਵਾਲੇ ਸਵਾਲਾਂ ਦੇ ਰੁਝਾਨ ਅਤੇ ਪੈਟਰਨ ਬਾਰੇ ਵੀ ਸਹੀ ਜਾਣਕਾਰੀ ਦੇਣਗੇ। ਇਹ ਤੁਹਾਨੂੰ ਤਿਆਰੀ ਨੂੰ ਵਧੀਆ ਬਣਾਉਣ ਅਤੇ ਉਸ ਹਿੱਸੇ ਨੂੰ ਮੁੜ-ਵਿਵਸਥਿਤ ਕਰਨ ਦੀ ਇਜਾਜ਼ਤ ਦੇਵੇਗਾ ਜੋ ਸੰਬੰਧਤ ਹੈ। ਦੁਆਰਾ ਜਾਣਾ ਤੁਹਾਨੂੰ ਸੰਬੰਧਿਤ ਅਧਿਐਨ ਦੀ ਕਲਾ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਕਰੇਗਾ। ਇਸ ਲਈ, ਜਦੋਂ ਤੁਸੀਂ ਅਸਲ ਵਿੱਚ ਕਿਤਾਬਾਂ ਤੋਂ ਇਮਤਿਹਾਨ ਦੀ ਤਿਆਰੀ ਸ਼ੁਰੂ ਕਰੋਗੇ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕਿਹੜੇ ਭਾਗ ਦਾ ਅਧਿਐਨ ਕਰਨਾ ਹੈ ਅਤੇ ਤੁਸੀਂ ਕੀ ਛੱਡ ਸਕਦੇ ਹੋ!

ਕਦਮ 2: ਇੱਕ ਮਜ਼ਬੂਤ ਅਧਿਐਨ ਯੋਜਨਾ ਤਿਆਰ ਕਰੋ:

ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਦੇ ਨਾਲ ਪੂਰਾ ਹੋਣ ਤੋਂ ਬਾਅਦ, ਪ੍ਰੀਲਿਮ ਅਤੇ ਮੇਨ ਦੋਵਾਂ ਦੇ ਸਿਲੇਬਸ ਨੂੰ ਪੜ੍ਹੋ। ਇਮਤਿਹਾਨ ਦੇ ਪੈਟਰਨ ਬਾਰੇ ਹਰੇਕ ਅਤੇ ਸਭ ਕੁਝ ਜਾਣੋ ਅਤੇ ਫਿਰ ਇੱਕ ਮਜ਼ਬੂਤ ਅਧਿਐਨ ਯੋਜਨਾ ਤਿਆਰ ਕਰੋ। ਪੂਰੇ ਸਿਲੇਬਸ ਨੂੰ ਕੁਸ਼ਲਤਾ ਨਾਲ ਕਵਰ ਕਰਨ ਲਈ ਮਹੀਨਾਵਾਰ, ਹਫ਼ਤਾਵਾਰੀ ਅਤੇ ਰੋਜ਼ਾਨਾ ਟੀਚੇ ਬਣਾਓ। ਛੋਟੇ ਟੀਚੇ ਬਣਾਓ ਜੋ ਪ੍ਰਾਪਤ ਕਰਨ ਯੋਗ ਹਨ. ਸੰਸ਼ੋਧਨ ਲਈ ਸ਼ਨੀਵਾਰ ਨੂੰ ਰੱਖੋ ਤਾਂ ਜੋ ਤੁਸੀਂ ਜੋ ਪੜ੍ਹਿਆ ਹੈ ਉਸਨੂੰ ਨਾ ਭੁੱਲੋ। ਅਜਿਹਾ ਕਰਨ ਨਾਲ ਤੁਹਾਨੂੰ ਸੰਕਲਪ ਨਿਰਮਾਣ ਅਤੇ ਧਾਰਨਾ ਧਾਰਨ ਵਿੱਚ ਮਦਦ ਮਿਲੇਗੀ।

ਕਦਮ 3: ਆਪਣੀ ਬੁਨਿਆਦ ਨੂੰ ਮਜ਼ਬੂਤ ਬਣਾਉਣ ਦੇ ਨਾਲ ਸ਼ੁਰੂ ਕਰੋ

ਹਰੇਕ ਵਿਸ਼ੇ ਲਈ ਮਜ਼ਬੂਤ ਨੀਂਹ ਰੱਖਣਾ ਬਹੁਤ ਜ਼ਰੂਰੀ ਹੈ। ਇਹ ਪੂਰੇ ਸਿਲੇਬਸ ਨੂੰ ਵਿਆਪਕ ਤੌਰ 'ਤੇ ਕਵਰ ਕਰਨ ਲਈ ਤੁਹਾਡੀ ਤਿਆਰੀ ਦੀ ਰਣਨੀਤੀ ਨੂੰ ਬਣਾਉਣ ਅਤੇ ਸਕੇਲ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਅਜਿਹਾ ਕਰਨ ਲਈ, ਇਤਿਹਾਸ, ਰਾਜਨੀਤਿਕ, ਆਰਥਿਕਤਾ, ਭੂਗੋਲ, ਅਤੇ ਜਨਰਲ ਸਾਇੰਸ ਦੇ ਨੂੰ ਪੜ੍ਹਨ ਵਰਗੀ ਬੁਨਿਆਦੀ ਚੀਜ਼ ਨਾਲ ਸ਼ੁਰੂ ਕਰੋ। ਭਾਰਤੀ ਅਤੇ ਵਿਸ਼ਵ ਜਨਸੰਖਿਆ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਨਕਸ਼ੇ ਰਾਹੀਂ ਅਭਿਆਸ ਕਰੋ।

ਕਦਮ 4: ਨਿਊਜ਼-ਪੇਪਰ ਪੜ੍ਹਨ ਦੀ ਆਦਤ ਬਣਾਓ:

ਤੁਹਾਡੇ ਦੁਆਰਾ ਅਜਿਹਾ ਕਰਨ ਤੋਂ ਬਾਅਦ, ਤੁਸੀਂ ਅਖਬਾਰਾਂ ਨੂੰ ਪੜ੍ਹਨ ਦਾ ਅਨੰਦ ਲਓਗੇ ਕਿਉਂਕਿ ਤੁਸੀਂ ਇਸਨੂੰ ਤੁਹਾਡੇ ਕੋਲ ਮੌਜੂਦ ਸਿਧਾਂਤਕ ਗਿਆਨ ਨਾਲ ਜੋੜਨ ਦੇ ਯੋਗ ਹੋਵੋਗੇ। ਦ ਹਿੰਦੂ ਅਤੇ ਦ ਇਕਨਾਮਿਕ ਟਾਈਮਜ਼ ਵਰਗੇ ਮਹੱਤਵਪੂਰਨ ਅਖਬਾਰਾਂ ਨੂੰ ਪੜ੍ਹਨ ਦੀ ਆਦਤ ਬਣਾਓ। ਘੱਟੋ-ਘੱਟ ਇਹਨਾਂ ਪੰਨਿਆਂ ਦੇ ਸੰਪਾਦਕੀ ਅਤੇ ਮਹੱਤਵਪੂਰਨ ਖਬਰਾਂ ਦੀ ਕਵਰੇਜ ਨੂੰ ਪੜ੍ਹੋ ਜੋ ਪ੍ਰੀਖਿਆ ਲਈ ਢੁਕਵੀਂ ਹੋ ਸਕਦੀ ਹੈ। ਤੁਸੀਂ ਖ਼ਬਰਾਂ ਦੀ ਪੂਰੀ ਕਵਰੇਜ ਪ੍ਰਾਪਤ ਕਰਨ ਲਈ ਸਾਡੇ ਰੋਜ਼ਾਨਾ ਮੌਜੂਦਾ ਮਾਮਲਿਆਂ ਦੇ ਵਿਸ਼ਲੇਸ਼ਣ ਅਤੇ ਮਾਸਿਕ ਮੌਜੂਦਾ ਮਾਮਲਿਆਂ ਨੂੰ ਵੀ ਪੜ੍ਹ ਸਕਦੇ ਹੋ। ਇਸ ਤੋਂ ਇਲਾਵਾ, ਮਹੀਨਾਵਾਰ ਰਸਾਲਿਆਂ ਜਿਵੇਂ ਕਿ ਯੋਜਨਾ ਅਤੇ ਕੁਰੂਕਸ਼ੇਤਰ ਨਾਲ ਆਪਣੇ ਗਿਆਨ ਨੂੰ ਪੂਰਕ ਕਰੋ। ਉਹਨਾਂ ਕੋਲ ਮੌਜੂਦਾ ਖ਼ਬਰਾਂ ਅਤੇ ਸਥਿਰ ਖੇਤਰਾਂ 'ਤੇ ਸ਼ਾਨਦਾਰ ਲੇਖ ਹਨ। ਮਹੱਤਵਪੂਰਨ ਨੁਕਤਿਆਂ ਦੇ ਨੋਟ ਬਣਾਓ ਜੋ ਤੁਹਾਡੇ ਜਵਾਬਾਂ ਦਾ ਸਮਰਥਨ ਕਰ ਸਕਦੇ ਹਨ।

ਕਦਮ 5: ਅਭਿਆਸ, ਅਭਿਆਸ ਅਤੇ ਹੋਰ ਅਭਿਆਸ:

ਇੱਕ ਵਾਰ ਜਦੋਂ ਤੁਸੀਂ ਆਪਣੀ ਬੁਨਿਆਦ ਮਜ਼ਬੂਤ ਕਰ ਲੈਂਦੇ ਹੋ, ਤਾਂ ਹਰੇਕ ਪੇਪਰ ਲਈ ਸਿਫ਼ਾਰਿਸ਼ ਕੀਤੀਆਂ ਕਿਤਾਬਾਂ ਪੜ੍ਹੋ। ਤੁਸੀਂ ਇੱਥੇ ਪੂਰੀ ਬੁੱਕਲਿਸਟ ਦੀ ਜਾਂਚ ਕਰ ਸਕਦੇ ਹੋ। ਅਗਲਾ ਕਦਮ ਅਭਿਆਸ ਕਰਨਾ ਹੈ. ਸਖ਼ਤੀ ਨਾਲ ਜਵਾਬ ਲਿਖਣ ਦਾ ਅਭਿਆਸ ਕਰੋ। ਨਾਲ ਹੀ, ਲਈ ਤਿਆਰੀ ਕਰਨਾ ਨਾ ਭੁੱਲੋ, ਇਹ ਯੋਗਤਾ ਪੂਰੀ ਕਰ ਰਿਹਾ ਹੈ, ਪਰ ਫਿਰ ਵੀ, ਤੁਹਾਨੂੰ ਮੇਨ ਲਈ ਯੋਗਤਾ ਪੂਰੀ ਕਰਨ ਲਈ 66 ਤੋਂ ਵੱਧ ਅੰਕ ਪ੍ਰਾਪਤ ਕਰਨ ਦੀ ਲੋੜ ਹੈ। ਇਸ ਲਈ, ਇਸ ਨੂੰ ਮੌਕ ਟੈਸਟਾਂ ਰਾਹੀਂ ਤਿਆਰ ਕਰੋ। ਇੱਕ ਚੰਗੀ ਟੈਸਟ ਲੜੀ ਵਿੱਚ ਸ਼ਾਮਲ ਹੋਵੋ ਜੋ ਅਤੇ ਪੇਪਰ ਦੀ ਦੇਖਭਾਲ ਕਰ ਸਕੇ। ਯੂਪੀਐਸਸੀ ਸੀਐਸਈ ਪ੍ਰੀਲਿਮਜ਼ ਅਤੇ ਮੇਨਜ਼ ਲਈ ਸਿਲੇਬਸ ਨੂੰ ਵੱਖ-ਵੱਖ ਨਹੀਂ ਕੀਤਾ ਗਿਆ ਹੈ ਅਤੇ ਇਸ ਲਈ ਤੁਸੀਂ ਦੋਵਾਂ ਲਈ ਇਕੱਠੇ ਤਿਆਰੀ ਕਰ ਸਕਦੇ ਹੋ। ਪਰ ਜਨਵਰੀ ਜਾਂ ਫਰਵਰੀ ਤੋਂ, ਪੂਰੇ ਪ੍ਰੀਲਿਮ ਮੋਡ ਵਿੱਚ ਜਾਓ ਅਤੇ ਰਣਨੀਤਕ ਤੌਰ 'ਤੇ ਤਿਆਰੀ ਕਰੋ।

ਇਸ ਤੋਂ ਇਲਾਵਾ, ਤੁਸੀਂ ਸਾਡੇ ਖਾਸ ਵਿਸ਼ੇ ਦੇ ਕੋਰਸਾਂ ਜਾਂ ਵਿਆਪਕ ਔਨਲਾਈਨ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ ਜੋ ਤੁਹਾਨੂੰ ਤੁਹਾਡੇ ਘਰ ਦੀ ਸਹੂਲਤ ਅਨੁਸਾਰ ਤਿਆਰੀ ਕਰਨ ਦੀ ਇਜਾਜ਼ਤ ਦੇਵੇਗਾ। ਤੁਸੀਂ ਕਲਾਸਰੂਮ ਕੋਚਿੰਗ ਵਿੱਚ ਸ਼ਾਮਲ ਹੋਣ ਤੋਂ ਬਿਨਾਂ ਉਦਯੋਗ ਦੇ ਮਾਹਰਾਂ ਤੋਂ ਮਾਰਗਦਰਸ਼ਨ ਪ੍ਰਾਪਤ ਕਰੋਗੇ। ਨਾਲ ਹੀ, ਇਸ ਸਬੰਧ ਵਿੱਚ ਸੁਧਾਰ ਅਤੇ ਸੁਧਾਰ ਕਰਨ ਲਈ ਆਪਣੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਕਰੋ। ਕੋਰਸ ਦੀਆਂ ਪੇਸ਼ਕਸ਼ਾਂ ਬਾਰੇ ਹੋਰ ਜਾਣਨ ਲਈ ਸਾਡੇ ਕੋਰਸ ਸਲਾਹਕਾਰਾਂ ਨਾਲ ਸੰਪਰਕ ਕਰੋ!

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ, ਪੰਜਾਬ।

ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਭਰੋਸੇ ਦੀ ਵੋਟ ਜਿੱਤੀ, ਪਰ ਵੱਕਾਰ ਘਟਿਆ

-ਕ੍ਰਿਸ਼ਨ ਭਾਟੀਆ

ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਵਿਰੁੱਧ ਉਨ੍ਹਾਂ ਦੀ ਆਪਣੀ ਟੋਰੀ ਪਾਰਟੀ ਵੱਲੋਂ ਪੇਸ਼ ਹੋਇਆ ਭਰੋਸੇ ਦਾ ਮਤਾ ਉਹ ਜਿੱਤ ਗਏ ਹਨ, ਪਰ ਉਨ੍ਹਾਂ ਦੇ ਵੱਕਾਰ ਨੂੰ ਸੱਟ ਲੱਗੀ ਹੈ। ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੇ ਲਈ ਪਾਰਟੀ ਪਾਰਲੀਮੈਂਟ ਮੈਂਬਰਾਂ ਦੇ ਇੱਕ ਪ੍ਰਭਾਵਸ਼ਾਲੀ ਗਰੁੱਪ ਨੇ ਉਨ੍ਹਾਂ ਦੀ ਲੀਡਰਸ਼ਿਪ ਦੀ ਗਰਦਨ ਉੱਤੇ ਪਿਛਲੇ ਲੱਗਭਗ ਡੇਢ ਸਾਲ ਤੋਂ ਜਿਹੜੀ ਤਲਵਾਰਲਟਕਾ ਰੱਖੀ ਸੀ, ਉਹ ਹਟ ਗਈ, ਪਰ ਉਨ੍ਹਾਂ ਦੇ ਵਿਰੋਧੀਆਂ ਨੇ ਕਿਹਾ ਹੈ ਕਿ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ, ਕਿਉਂਕਿ 'ਜਨਤਾ ਦੇ ਦਿਲਾਂ ਵਿੱਚ ਬੋਰਿਸ ਆਪਣਾ ਵੱਕਾਰ ਗੁਆ ਚੁੱਕੇ ਹਨ।'

ਬੋਰਿਸ ਜਾਨਸਨ ਵਿਰੁੱਧ ਭਰੋਸੇ ਦੇ ਮਤੇ ਉੱਤੇ ਸੋਮਵਾਰ 6 ਜੂਨ ਨੂੰ ਪਾਰਲੀਮੈਂਟ ਭਵਨ ਦੇ ਸਭਾ ਹਾਲ ਵਿੱਚ ਵੋਟਾਂ ਪਈਆਂ ਅਤੇ ਟੋਰੀ ਪਾਰਟੀ ਦੇ ਸਾਰੇ 359 ਮੈਂਬਰਾਂ ਨੇ ਹਿੱਸਾ ਲਿਆ। ਬੋਰਿਸ ਜਾਨਸਨ ਨੂੰ 211 ਤੇ ਵਿਰੋਧੀਆਂ ਨੂੰ 148 ਵੋਟਾਂ ਪਈਆਂ। ਇਹ ਮਤਾ ਉਨ੍ਹਾਂ ਨੂੰ ਟੋਰੀ ਪਾਰਟੀ ਦੇ ਪਾਰਲੀਮੈਂਟਰੀ ਨੇਤਾ ਦੀ ਪਦਵੀਂ ਤੋਂ ਹਟਾਉਣ ਲਈ ਪੇਸ਼ ਕੀਤਾ ਗਿਆ। ਰਿਵਾਇਤ ਅਨੁਸਾਰ ਬ੍ਰਿਟੇਨ ਦੀ ਸੱਤਾਧਾਰੀ ਪਾਰਟੀ ਦਾ ਪਾਰਲੀਮੈਂਟਰੀ ਨੇਤਾ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਤਰ੍ਹਾਂ ਇਸ ਸਮੇਂ ਦੇਸ਼ ਦੀ ਸੱਤਾਧਾਰੀ ਟੋਰੀ ਪਾਰਟੀ ਦੇ ਪਾਰਲੀਮੈਂਟਰੀ ਮੁਖੀ ਕਿਉਂਕਿ ਬੋਰਿਸ ਜਾਨਸਨ ਹਨ, ਇਸ ਅਹੁਦੇ ਉੱਤੇ ਰਹਿਣ ਲਈ ਭਰੋਸੇ ਦੀ ਵੋਟ ਜੇ ਉਹ ਹਾਰ ਜਾਂਦੇ ਤਾਂ ਪ੍ਰਧਾਨ ਮੰਤਰੀ ਦਾ ਅਹੁਦਾ ਵੀ ਛੱਡਣਾ ਪੈਣਾ ਸੀ।

ਅਜੇ ਕੁਝ ਸਮਾਂ ਉਹ ਸੁਖ ਦਾ ਸਾਹ ਲੈ ਸਕਣਗੇ, ਪਰ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਲਈ ਖੁਦ ਉਨ੍ਹਾਂ ਦੀ ਆਪਣੀ ਪਾਰਟੀ ਦੇ ਇੱਕ ਵੱਡੇ ਗਰੁੱਪ ਦੇ ਨਾਲ ਵਿਰੋਧੀ ਪਾਰਟੀ, ਲੇਬਰ ਅਤੇ ਲਿਬਰਲ ਪਾਰਟੀ ਨੇ ਜਿਸ ਮੁੱਦੇ ਨੂੰ ਲੈ ਕੇ ਪਿਛਲੇ ਲੱਗਭਗ 18 ਮਹੀਨੇ ਤੋਂ ਤੇਜ਼ ਮੁਹਿੰਮ ਚਲਾਈ ਹੋਈ ਸੀ, ਉਸ ਨੂੰ ਉਨ੍ਹਾਂ ਨੇ ਇੱਕ ਨੈਤਿਕ ਰੂਪ ਦੇ ਦਿੱਤਾ ਹੈ, ਜਿਸ ਨਾਲ ਕਿ ਉਹ ਸਾਧਾਰਨ ਦਿਲਾਂ ਵਿੱਚ ਇਹ ਪ੍ਰਭਾਵ ਬਿਠਾਉਣ ਵਿੱਚ ਕਾਫੀ ਹੱਦ ਤੱਕ ਸਫਲ ਹੋਏ ਕਿ ਇਨਫੈਕਟਿਡ ਕੋਵਿਡ-19 ਦੇ ਦਿਨਾਂ ਵਿੱਚ ਆਮ ਲੋਕਾਂ ਦੇ ਆਪੋ ਵਿੱਚ ਮਿਲਣ ਦੀਆਂ ਸਖ਼ਤ ਪਾਬੰਦੀਆਂ ਦਾ ਕਾਨੂੰਨ ਅਤੇ ਨਿਯਮ ਬਣਾਉਣ ਵਾਲੇ ਨੇਤਾ ਅਤੇ ਅਧਿਕਾਰੀ ਹੀ ਜਦੋਂ ਉਨ੍ਹਾਂ ਪਾਬੰਦੀਆਂ ਦੀ ਉਲੰਘਣਾ ਕਰਨ ਤਾਂ ਉਨ੍ਹਾਂ ਨੂੰ ਅਹੁਦੇ ਉੱਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ।ਬੋਰਿਸ ਜਾਨਸਨ ਕੋਵਿਡ-19 ਦੌਰਾਨ ਆਪਸ ਵਿੱਚ ਮਿਲਣ ਉੱਤੇ ਪਾਬੰਦੀਆਂ ਦੀ ਉਲੰਘਣਾ ਕਰਦੇ ਫੜੇ ਗਏ ਸਨ। ਪਹਿਲਾਂ ਉਹ ਇਸ ਤੋਂ ਮੁੱਕਰਦੇ ਰਹੇ, ਜਦੋਂ ਉਨ੍ਹਾਂ ਵਿਰੁੱਧ ਪੱਕੇ ਸਬੂਤ ਪੇਸ਼ ਹੋਏ ਤਾਂ ਵੀ ਦੋਸ਼ਾਂ ਨੂੰ ਝੁਠਲਾਉਂਦੇ ਰਹੇ। ਪ੍ਰਧਾਨ ਮੰਤਰੀ ਨਿਵਾਸ 10 ਡਾਊਨਿੰਗ ਸਟ੍ਰੀਟ ਉੱਤੇ ਪਾਰਟੀਆਂ ਅਤੇ ਜਸ਼ਨ ਹੁੰਦੇ ਰਹੇ, ਪਰ ਬੋਰਿਸ ਜਾਨਸਨ ਦਾ ਮੁੱਕਰਨਾ ਜਾਰੀ ਰਿਹਾ। ਸੱਚ ਕੀ ਅਤੇ ਝੂਠ ਕੀ, ਇਹ ਪਤਾ ਲਾਉਣ ਲਈ ਉਚ-ਪੱਧਰੀ ਜਾਂਚ ਕਮਿਸ਼ਨ ਬਣੇ ਤਾਂ ਉਨ੍ਹਾਂ ਨੇ ਬੋਰਿਸ ਜਾਨਸਨ ਨੂੰ ਦੋਸ਼ੀ ਮੰਨ ਕੇ ਕਾਨੂੰਨ ਦੀ ਉਲੰਘਣਾ ਲਈ ਜੁਰਮਾਨਾ ਭਰਨ ਦਾ ਹੁਕਮ ਦਿੱਤਾ।

ਸੱਚ ਲੁਕਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ, ਪਰ ਇਹ ਨੈਤਿਕ ਮੁੱਦਾ ਬਣ ਚੁੱਕਾ ਸੀ। ਜੋ ਲੋਕ 10 ਡਾਊਨਿੰਗ ਸਟ੍ਰੀਟ ਪਾਰਟੀਆਂ ਵਿੱਚ ਸ਼ਾਮਲ ਹੋਏ ਸਨ, ਉਨ੍ਹਾਂ ਨੇ ਸੱਚ ਦੱਸਣਾ ਸ਼ੁਰੂ ਕੀਤਾ ਤੇ ਉਹ ਫੋਟੋ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਬੋਰਿਸ ਜਾਨਸਨ ਇਨ੍ਹਾਂ ਪਾਰਟੀਆਂ ਵਿੱਚ ਸ਼ਰਾਬ ਦੇ ਜਾਮ ਫੜੇ ਹੋਏ ਸਨ। ਬ੍ਰਿਟਿਸ਼ ਸਾਮਰਾਜ ਵਿੱਚ ਸ਼ਰਾਬ ਪੀਣੀ ਕੋਈ ਖਾਸ ਗੱਲ ਨਹੀਂ, ਪਰ ਝੂਠ ਨੂੰ ਜਨਤਕ ਗਲੇ ਰਾਹੀਂ ਜ਼ਬਰਦਸਤੀ ਹੇਠਾਂ ਉਤਾਰਨ ਦੀ ਕੋਸ਼ਿਸ਼ ਇਸ ਦੇਸ਼ ਦੀ ਜਨਤਾ ਨੇ ਕਦੀ ਸਹਿਣ ਨਹੀਂ ਕੀਤੀ। ਨੈਤਿਕ ਦਬਾਅ ਵਧਣ ਲੱਗਾ। ਆਖਿਰ ਬੋਰਿਸ ਨੇ ਗਲਤੀ ਮੰਨੀ। ਫਿਰ ਵੀ ਖਹਿੜਾ ਨਹੀਂ ਛੁੱਟਾ। ਜਨਤਕ ਮੁਆਫੀ ਮੰਗੀ, ਜਨਤਾ ਸਾਹਮਣੇ ਤੇ ਪਾਰਲੀਮੈਂਟ ਵਿੱਚ ਵੀ, ਪਰ ਉਨ੍ਹਾਂ ਵਿਰੁੱਧ ਗੁੱਸਾ ਇੰਨਾ ਵਧ ਚੁੱਕਾ ਸੀ ਕਿ ਉਨ੍ਹਾਂ ਦੀ ਆਪਣੀ ਟੋਰੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਪਾਰਟੀ ਦੇ ਪਾਰਲੀਮੈਂਟੀ ਨੇਤਾ ਦੇ ਅਹੁਦੇ ਤੋਂ ਹਟਾਉਣ ਲਈ ਉਨ੍ਹਾ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ। ਇਹ ਬ੍ਰਿਟੇਨ ਦੀਆਂ ਸ਼ਕਤੀਸ਼ਾਲੀ ਲੋਕਤੰਤਰੀ ਰਵਾਇਤਾਂ ਦਾ ਸ਼ਲਾਘਾਯੋਗ ਫਰਮਾਨ ਹੈ। ਕੋਈ ਕਿੰਨੇ ਵੀ ਉਚੇ ਅਹੁਦੇ ਉੱਤੇ ਹੋਵੇ, ਉਸ ਦਾ ਨੈਤਿਕ ਆਚਰਨ ਸਹਿਣ ਨਹੀਂ ਕੀਤਾ ਜਾਂਦਾ। ਬ੍ਰਿਟੇਨ ਦੇ ਇਤਿਹਾਸ ਵਿੱਚ ਬੋਰਿਸ ਜਾਨਸਨ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਕਾਨੂੰਨ ਤੋੜਨ ਦਾ ਜੁਰਮਾਨਾ ਭਰਨਾ ਪਿਆ ਹੈ।

ਬੇਭਰੋਸਗੀ ਮਤੇ ਦੇ ਨਤੀਜੇ ਉੱਤੇ ਬੋਰਿਸ ਜਾਨਸਨ ਨੇ ਤਸੱਲੀ ਪ੍ਰਗਟ ਕੀਤੀ ਹੈ ਅਤੇ ਉਹ ਪ੍ਰਧਾਨ ਮੰਤਰੀ ਬਣੇ ਰਹਿਣਗੇ ਅਤੇ ਟੋਰੀ ਪਾਰਟੀ ਦੇ ਨਿਯਮਾਂ ਅਨੁਸਾਰ ਅਗਲੇ 12 ਮਹੀਨੇ ਤੱਕ ਉਨ੍ਹਾਂ ਵਿਰੁੱਧ ਕੋਈ ਨਵਾਂ ਬੇਭਰੋਸਗੀ ਮਤਾ ਪੇਸ਼ ਨਹੀਂ ਕੀਤਾ ਜਾ ਸਕੇਗਾ। ਇਹ ਸੰਕਟ ਇੱਕ ਵਾਰ ਟਲ ਗਿਆ ਪਰ ਆਲੋਚਕਾਂ ਨੇ ਬੋਰਿਸ ਦੇ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਅਤੇ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ।

ਜਲ੍ਹਿਆਂਵਾਲਾ ਬਾਗ ਵਿੱਚ ਟਿਕਟ ਲੱਗਣ ਦੀ ਸੰਭਾਵਨਾ ਤਰਲੋਚਨ ਸਿੰਘ ਵੱਲੋਂ ਰੱਦ

ਅੰਮ੍ਰਿਤਸਰ, 16 ਜੂਨ (ਪੋਸਟ ਬਿਊਰੋ)- ਇਤਿਹਾਸਕ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਦੇ ਮੁਤਾਬਕ ਜਲ੍ਹਿਆਂਵਾਲਾ ਬਾਗ ਵਿੱਚ ਦਾਖਲੇ ਲਈ ਟਿਕਟ ਲਾਉਣ ਦਾ ਕੋਈ ਫੈਸਲਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇਹ ਟਰੱਸਟ ਕੇਂਦਰ ਸਰਕਾਰ ਦੇ ਸਭਿਆਚਾਰਕ ਮਾਮਲਿਆਂ ਦੇ ਮੰਤਰਾਲੇ ਹੇਠ ਕੰਮ ਕਰਦਾ ਹੈ, ਪਰ ਇਹ ਸ਼ਹੀਦੀ ਯਾਦਗਾਰ ਹੈ, ਸੈਲਾਨੀ ਜਾਂ ਸੈਰ ਸਪਾਟਾ ਕੇਂਦਰ ਨਹੀਂ ਹੈ, ਇੱਥੇ ਦਾਖਲਾ ਟਿਕਟ ਨਹੀਂ ਲਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਫੈਸਲਾ ਟਰੱਸਟ ਵੱਲੋਂ ਕੀਤਾ ਜਾਣਾ ਹੈ, ਪਰ ਅੱਜ ਤਕ ਟਰੱਸਟ ਦੀਆਂ ਮੀਟਿੰਗਾਂ ਵਿੱਚ ਇਸ ਬਾਰੇ ਕਦੇ ਫੈਸਲਾ ਨਹੀਂ ਹੋਇਆ ਅਤੇ ਮੰਤਰਾਲਾ ਵੀ ਟਰੱਸਟ ਦੀ ਸਹਿਮਤੀ ਬਿਨਾਂ ਆਪਣੇ ਤੌਰ ਉੱਤੇ ਦਾਖਲਾ ਟਿਕਟ ਲਾਉਣ ਦਾ ਫੈਸਲਾ ਨਹੀਂ ਕਰ ਸਕਦਾ।

ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਮੰਨਿਆ ਕਿ ਇੱਥੇ ਦਾਖਲਾ ਗੇਟ ਨੇੜੇ ਅਜਿਹਾ ਇਮਾਰਤੀ ਢਾਂਚਾ ਬਣਾਇਆ ਹੋਇਆ ਹੈ, ਜੋ ਸ਼ੱਕ ਪੈਦਾ ਕਰਦਾ ਹੈ ਕਿ ਇੱਥੇ ਦਾਖਲਾ ਟਿਕਟ ਲਾਈ ਜਾਵੇਗੀ, ਪਰ ਅਜਿਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਇੱਥੇ ਕੰਮ ਕਰਦੀ ਏਜੰਸੀ ਨੂੰ ਆਖ ਚੁੱਕੇ ਹਨ ਕਿ ਇਸ ਢਾਂਚਾ ਹਟਾਇਆ ਜਾਵੇ। ਵਰਨਣ ਯੋਗ ਹੈ ਕਿ ਢਾਂਚੇ ਦੀ ਗੱਲ ਪਤਾ ਲੱਗਣ ਪਿੱਛੋਂ ਕਈ ਸਮਾਜਕ ਜਥੇਬੰਦੀਆਂ ਤੇ ਸ਼ਹੀਦਾਂ ਦੇ ਪਰਵਾਰਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਹੈ।

ਮੋਗੇ ਦਾ ਨੌਜਵਾਨ ਈਰਾਨ ਵਿੱਚ 10 ਲੱਖ ਦੀ ਫਿਰੌਤੀ ਦੇ ਕੇ ਛੁੱਟਿਆ

ਮੋਗਾ, 16 ਜੂਨ (ਪੋਸਟ ਬਿਊਰੋ)- ਮੋਗਾ ਦੇ ਪਿੰਡ ਦੋਧਰ ਗਰਬੀ ਦੇ 34 ਸਾਲਾ ਨੌਜਵਾਨ ਮਨਜਿੰਦਰ ਸਿੰਘ ਸਿੱਧੂ ਨੂੰ ਈਰਾਨ ਵਿੱਚ ਅਗਵਾ ਕਰ ਲਿਆ ਗਿਆ। ਇਹ ਘਟਨਾ ਈਰਾਨ ਦੀ ਡਲਗਾਨ ਕਾਊਂਟੀ ਵਿੱਚਹੋਈ। ਮੋਗਾ ਵਿੱਚੋਂ ਦੁਖੀ ਪਰਵਾਰ ਨੇ ਇਸ ਕੇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਮਦਦ ਦੀ ਮੰਗ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਨਜਿੰਦਰ ਸਿੰਘ ਸਿੱਧੂ ਅੱਠ ਵਰ੍ਹੇ ਪਹਿਲਾਂ ਕਤਰ ਦੇ ਸ਼ਹਿਰ ਦੋਹਾਜਾ ਕੇ ਸੈਟਲ ਹੋ ਗਏ ਸੀ ਤੇ ਉਥੇ ਫਲਾਂ ਦਾ ਕਾਰੋਬਾਰ ਕਰਦਾ ਹੈ। ਉਸ ਦੇ ਪਰਵਾਰ ਨੇ ਦੱਸਿਆ ਕਿ ਉਹ ਕਾਰੋਬਾਰੀ ਸਿਲਸਿਲੇ ਵਿੱਚ ਹੀ ਤਰਬੂਜ਼ਾ ਦੇ ਕੰਟੇਨਰ ਲੈਣ ਈਰਾਨ ਗਿਆ ਸੀ, ਜਿੱਥੇ ਉਸ ਨੂੰ ਕੁਝ ਅਣਪਛਾਤੇ ਲੋਕਾਂ ਨੇ ਅਗਵਾ ਕਰ ਲਿਆ ਤੇ 10 ਲੱਖ ਭਾਰਤੀ ਰੁਪਿਆਂ ਦੀ ਫਿਰੌਤੀ ਮੰਗੀ। ਉਸ ਕੋਲੋਂ 3000 ਯੂਰੋ ਦੀ ਨਕਦੀ, ਮੋਬਾਈਲ ਫੋਨ ਤੇ ਪਾਸਪੋਰਟ ਖੋਹ ਲਏ ਅਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਅਤੇ ਕੁੱਟਮਾਰ ਕੀਤੀ।ਸਿੱਧੂ ਆਪਣੀ ਹਿੰਮਤ ਨਾਲ ਫਿਰੌਤੀ ਦੀ ਰਕਮ ਭਰ ਕੇ ਉਨ੍ਹਾ ਦੇ ਸ਼ਿਕੰਜੇ ਵਿੱਚੋਂ ਨਿਕਲਣ ਪਿੱਛੋਂ ਤਹਿਰਾਨ ਪੁੱਜ ਗਿਆ ਸੀ, ਪਰ ਉਥੇ ਮੌਜੂਦ ਭਾਰਤੀ ਦੂਤਘਰ ਨੇ ਉਸ ਨੂੰ ਸੁਰੱਖਿਅਤ ਦੇਸ਼ ਵਾਪਸ ਭੇਜਣ ਲਈ ਕੋਈ ਮਦਦ ਨਹੀਂ ਕੀਤੀ।

ਮਨਜਿੰਦਰ ਸਿੰਘ ਦੀ 60 ਸਾਲਾ ਮਾਂ ਬਲਵਿੰਦਰ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਚਿੱਠੀ ਵਿੱਚ ਲਿਖਿਆ ਹੈ ਕਿ ਅਗਵਾਕਾਰਾਂ ਨੇ ਉਨ੍ਹਾਂ ਦੇ ਪੁੱਤਰ ਤੋਂ ਵੀਹ ਲੱਖ ਭਾਰਤੀ ਰੁਪਏ ਮੰਗੇ ਸਨ, ਪਰ ਸੌਦਾ 10 ਲੱਖ ਰੁਪਏ ਵਿੱਚ ਤੈਅ ਹੋ ਗਿਆ। ਪੰਜ ਮਈ 2022 ਨੂੰ 50,000 ਦਰਾਮ ਨਕਦ ਉਨ੍ਹਾਂ ਅਗਵਾਕਾਰਾਂ ਨੂੰ ਦਿੱਤੇ। ਸਿੱਧੂ ਦੀ ਧੀ ਸੰਦੀਪ ਕੌਰ ਨੇ ਆਪਣੇ ਗਹਿਣੇ ਵੇਚ ਕੇ 5.88 ਲੱਖ ਰੁਪਏ ਇੱਕਠੇ ਕੀਤੇ ਤੇ ਬਾਕੀ ਰਕਮ ਦਾ ਇਧਰੋਂ-ਓਧਰੋਂ ਜੁਗਾੜ ਕੀਤਾ ਸੀ।ਸਿੱਧੂ ਨੇ ਈਰਾਨ ਦੇ ਭਾਰਤੀ ਦੂਤਘਰ ਨੂੰ ਕਈ ਈ-ਮੇਲ ਸੁਨੇਹੇ ਭੇਜੇ, ਕਈ ਵਾਰ ਫੋਨ ਕਾਲਾਂ ਕੀਤੀਆਂ, ਪਰ ਪ੍ਰਦੇਸ ਵਿੱਚ ਕੋਈ ਵੀ ਉਸ ਦੀ ਮਦਦ ਲਈ ਨਹੀਂ ਬਹੁੜਿਆ।

ਪਿਛਲੀਆਂ ਸਰਕਾਰਾਂ ਵੇਲੇ ਦੀਆਂ ਅਲਾਟਮੈਂਟਾਂ ਅਤੇ ਕਬਜ਼ੇ ਜਾਂਚ ਦੇ ਘੇਰੇ ਵਿੱਚ

* ਮਾਲਵੇ ਦਾ ਇੱਕ ਸਾਬਕਾ ਮੰਤਰੀ ਵੀ ਸ਼ੱਕ ਹੇਠ

ਚੰਡੀਗੜ੍ਹ, 16 ਜੂਨ (ਪੋਸਟ ਬਿਊਰੋ)- ਪੰਜਾਬ ਦੀ ਭਗਵੰਤ ਮਾਨ ਸਰਕਾਰਪਿਛਲੀਆਂ ਸਰਕਾਰਾਂ ਦੇ ਘਪਲੇ ਬਾਹਰ ਕੱਢੇ ਜਾਣ ਦੀ ਤਿਆਰੀ ਵਿੱਚ ਹੈ, ਜਿਸ ਵਿੱਚ ਮੁਹਾਲੀ ਜ਼ਿਲ੍ਹੇ ਦੀ ਪੰਚਾਇਤੀ ਤੇ ਜੰਗਲਾਤ ਵਿਭਾਗ ਦੀ ਜ਼ਮੀਨ ਬਾਰੇ ਵੱਡੇ ਪੱਧਰ ਉੱਤੇ ਜਾਂਚ ਸ਼ੁਰੂ ਹੋਣ ਲੱਗੀ ਹੈ। ਇੱਕ ਹੋਰ ਵਿਭਾਗ ਦੇ ਸਾਬਕਾ ਮੰਤਰੀ ਵਿਰੁੱਧ ਜਾਂਚ ਵਿੱਚ ਕਈ ਬੇਨਿਯਮੀਆਂ ਸਾਹਮਣੇ ਆ ਰਹੀਆਂ ਹਨ। ਪੇਂਡੂ ਵਿਕਾਸ ਅਤੇ ਪੰਚਾਇਤਾਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਤੁਸੀਂ ਕੁਝ ਦਿਨ ਇੰਤਜ਼ਾਰ ਕਰੋ, ਇਸ ਤੋਂ ਬਾਅਦ ਵੱਡੀ ਕਾਰਵਾਈ ਨਜ਼ਰ ਆਵੇਗੀ। ਪਰ ਇਸ ਸਬੰਧੀ ਕੈਬਿਨਟ ਮੰਤਰੀ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜਾਣਕਾਰੀ ਅਨੁਸਾਰ ਚੰਡੀਗੜ੍ਹ ਦੇ ਨੇੜਲੇ ਲੱਗਦੇ ਜ਼ਿਲ੍ਹਾ ਮੁਹਾਲੀ ਇਲਾਕੇ ਦੀ ਪੰਚਾਇਤੀ ਅਤੇ ਜੰਗਲਾਤ ਵਿਭਾਗ ਦੀ ਜ਼ਮੀਨ ਨੂੰ ਲੈ ਕੇ ਕਈ ਵੱਡੇ ਲੋਕਾਂ ਵੱਲੋਂ ਹਮੇਸ਼ਾ ਹੀ ਕਬਜ਼ਾ ਕਰਨ ਜਾਂ ਫਿਰ ਨਾਜਾਇਜ਼ ਤਰੀਕੇ ਨਾਲ ਅਲਾਟਮੈਂਟ ਕਰਵਾਉਂਦੇ ਹੋਏ ਆਪਣੀ ਜਾਇਦਾਦ ਬਣਾਉਣ ਦਾ ਕੋਸ਼ਿਸ਼ ਰਹੀ ਹੈ।

ਮੁਹਾਲੀ ਇਲਾਕੇ ਵਿੱਚ ਜੰਗਲਾਤ ਵਿਭਾਗ ਦੇ ਨਾਲ ਪੰਚਾਇਤ ਵਿਭਾਗ ਦੀ ਹਜ਼ਾਰਾਂ ਏਕੜ ਜ਼ਮੀਨ ਪਈ ਹੈ ਅਤੇ ਇਸ ਵਿੱਚੋਂ ਸੈਂਕੜੇ ਏਕੜ ਪਿਛਲੀ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਵੱਲੋਂ ਆਪਣੇ ਚਹੇਤਿਆਂ ਨੂੰ ਵੰਡੀ ਗਈ ਹੈ। ਭਗਵੰਤ ਮਾਨ ਦੀ ਸਰਕਾਰ ਨੇ ਇਨ੍ਹਾਂ ਕਬਜ਼ਾ ਧਾਰਕਾਂ ਤੇ ਨਿਯਮਾਂ ਤੋਂ ਉਲਟ ਅਲਾਟਮੈਂਟ ਵਾਲੇ ਲੋਕਾਂ ਨੂੰ ਦੋ ਮਹੀਨੇ ਸਮਾਂ ਦਿੱਤਾ ਸੀ ਤੇ ਪੰਚਾਇਤ ਵਿਭਾਗ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਾਫ਼ ਕਿਹਾ ਹੈ ਕਿ ਇਨ੍ਹਾਂ ਖ਼ਿਲਾਫ਼ ਕਾਰਵਾਈ ਜਲਦੀ ਕੀਤੀ ਜਾ ਰਹੀ ਹੈ, ਕਿਉਂਕਿ ਕਬਜ਼ਾ ਛੱਡਣ ਬਾਰੇ ਇਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਦੱਸਿਆ ਜਾ ਰਿਹਾ ਹੈ ਕਿ ਮੁਹਾਲੀ ਦੇ ਕੁਝ ਪਿੰਡਾਂ ਵਿੱਚ ਪੰਚਾਇਤੀ ਤੇ ਜੰਗਲਾਤ ਦੀ ਜ਼ਮੀਨ ਉੱਤੇ ਅਣਅਧਿਕਾਰਤ ਕਾਲੋਨੀਆਂ ਬਣਾਈਆਂ ਜਾ ਰਹੀਆਂ ਹਨ, ਸਰਕਾਰ ਨੇ ਇਨ੍ਹਾਂ ਕਾਲੋਨੀਆਂ ਦੀਆਂ ਰਜਿਸਟਰੀਆਂ ਕਰਨੀਆਂ ਬੰਦ ਕਰ ਦਿੱਤੀਆਂ ਹਨ। ਇਹ ਪਤਾ ਲੱਗਾ ਹੈ ਕਿ ਮਾਲਵੇ ਦਾ ਇੱਕ ਨੌਜਵਾਨ ਸਾਬਕਾ ਮੰਤਰੀ ਵੀ ਜਾਂਚ ਦੇ ਘੇਰੇ ਵਿੱਚ ਹੈ, ਜਿਸ ਦੇ ਵਿਭਾਗ ਵੱਲੋਂ ਕਰਵਾਏ ਕੰਮਾਂ ਵਿੱਚ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਸਾਹਮਣੇ ਆ ਰਹੀਆਂ ਹਨ।

ਉਦਾਰ ਪੈਸੇ ਨਾ ਦੇਣ ਉਤੇ ਦੋਸਤ ਦਾ ਕਤਲ

ਨਿਹਾਲ ਸਿੰਘ ਵਾਲਾ, 16 ਜੂਨ (ਪੋਸਟ ਬਿਊਰੋ)- ਪਿੰਡ ਸੱਦਾ ਸਿੰਘ ਵਾਲਾ ਵਿੱਚ ਦੇਰ ਸ਼ਾਮ ਦੁਕਾਨ ਤੋਂ ਸਾਮਾਨ ਲੈਣ ਗਏ ਬਲਜੀਤ ਸਿੰਘ ਸੋਨੀ ਦਾ ਉਸ ਦੇ ਦੋਸਤ ਨੇ ਕਤਲ ਕਰ ਦਿੱਤਾ।

ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਬਲਜੀਤ ਸਿੰਘ ਘਰ ਦੇ ਨੇੜੇਦੁਕਾਨ ਤੋਂ ਸਾਮਾਨ ਲੈਣ ਗਿਆ ਸੀ। ਇੱਥੇ ਉਸ ਦੇ ਦੋਸਤ ਪਰਗਟ ਸਿੰਘ ਨੇ ਉਸ ਤੋਂ ਹੁਦਾਰੇ ਪੈਸਿਆਂ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਪਰਗਟ ਪਹਿਲਾਂ ਵੀ ਬਲਜੀਤ ਤੋਂ ਹੁਦਾਰੇ ਪੈਸੇ ਲੈ ਜਾਂਦਾ ਸੀ। ਇਸ ਵਾਰ ਬਲਜੀਤ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਦੋਸ਼ੀ ਨੇ ਤੇਜ਼ਧਾਰ ਹਥਿਆਰ ਨਾਲ ਬਲਜੀਤ ਸਿੰਘ ਦੀ ਗਰਦਨ ਤੇ ਛਾਤੀ ਉਪਰ ਚਾਕੂ ਮਾਰ ਦਿੱਤੇ।ਮ੍ਰਿਤਕ ਦੇ ਚਚੇਰੇ ਭਰਾ ਸੁਰਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਦੋਵਾਂ ਨੂੰ ਝਗੜਦੇ ਦੇਖਿਆ ਤਾਂ ਉਹ ਭੱਜ ਕੇ ਕੋਲ ਗਏ, ਪਰ ਦੋਸ਼ੀ ਨੇ ਬਲਜੀਤ ਉਪਰ ਤੇਜ਼ਧਾਰ ਚਾਕੂ ਨਾਲ ਕਈ ਵਾਰ ਕਰ ਦਿੱਤੇ ਸਨ। ਜਦੋਂ ਉਹ ਜ਼ਖਮੀ ਹਾਲਤ ਵਿੱਚ ਬਲਜੀਤ ਸਿੰਘ ਨੂੰ ਸਿਵਲ ਹਸਪਤਾਲ ਮੋਗਾ ਵਿੱਚ ਲੈ ਕੇ ਗਏ ਤਾਂ ਉਹ ਤੋੜ ਗਿਆ। ਸਿਵਲ ਹਸਪਤਾਲ ਪੁੱਜੇ ਜਾਂਚ ਅਧਿਕਾਰੀ ਜਸਵੰਤ ਸਿੰਘ ਨੇ ਕਿਹਾ ਕਿ ਰਾਤ ਅੱਠ ਵਜੇ ਦੇ ਕਰੀਬ ਬਲਜੀਤ ਸਿੰਘ ਤੇ ਹਮਲਾਵਰ ਪਰਗਟ ਸਿੰਘ ਦਾ ਪੈਸੇ ਦੇ ਦੇਣ-ਲੈਣ ਤੋਂ ਝਗੜਾ ਹੋ ਗਿਆ ਸੀ। ਇਸ ਦੌਰਾਨ ਪਰਗਟ ਸਿੰਘ ਵੱਲੋਂ ਕੀਤੇ ਹਮਲੇ ਕਾਰਨ ਬਲਜੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਦੇ ਚਚੇਰੇ ਭਰਾ ਦੇ ਬਿਆਨਾਂ ਦੇ ਆਧਾਰ ਉੱਤੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਨੂੰਹ ਨੂੰ ਦਾਜ ਲਈ ਤੰਗ ਕਰਨ ਵਾਲੇ ਪਤੀ ਤੇ ਸਹੁਰੇ ਉਤੇ ਕੇਸ ਦਰਜ

ਭੋਗਪੁਰ, 16 ਜੂਨ (ਪੋਸਟ ਬਿਊਰੋ)- ਇੱਕ ਔਰਤ ਵੱਲੋਂ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਉੱਤੇ ਉਸ ਦੇ ਅਮਰੀਕਾ ਰਹਿੰਦੇ ਪਤੀ ਅਤੇ ਸਹੁਰੇ ਖ਼ਿਲਾਫ਼ ਦਾਜ ਲਈ ਤੰਗ ਕਰਨ ਅਤੇ ਸੋਸ਼ਲ ਮੀਡੀਆ ਰਾਹੀਂ ਅਸ਼ਲੀਲ ਤੇ ਗੰਦੇ ਮੈਸੇਜ ਭੇਜਣ ਦੇ ਦੋਸ਼ਾਂ ਹੇਠ ਉਸ ਔਰਤ ਦੇ ਪਤੀ ਜਗਮੋਹਣ ਸਿੰਘ ਤੇ ਸਹੁਰੇ ਸਿਮਰ ਨਾਥ ਵਾਸੀ ਭੋਗਪੁਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।ਇਸ ਦੇ ਬਾਅਦ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਥਾਣਾ ਭੋਗਪੁਰ ਦੇ ਇੱਕ ਪਿੰਡ ਦੀ ਔਰਤ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਵਿੱਚ ਦੋਸ਼ ਲਾਇਆ ਸੀ ਕਿ ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ 25 ਤੋਲੇ ਦੇ ਕਰੀਬ ਸੋਨਾ ਤੇ ਹੋਰ ਸਾਮਾਨ ਦਾਜ ਵਿੱਚ ਦਿੱਤਾ ਸੀ ਤੇ ਇੱਕ ਵੱਡੇ ਮੈਰਿਜ ਪੈਲੇਸ ਵਿੱਚ ਭਾਰੀ ਖਰਚ ਕਰ ਕੇ ਉਸ ਦਾ ਵਿਆਹ ਜਗਮੋਹਨ ਸਿੰਘ ਪੁੱਤਰ ਸਿਮਰ ਨਾਥ ਨਾਲ ਕੀਤਾ ਸੀ। ਕੁਝ ਸਮੇਂ ਬਾਅਦ ਜਗਮੋਹਨ ਸਿੰਘ ਵਾਪਸ ਅਮਰੀਕਾ ਚਲਾ ਗਿਆ।ਪੀੜਤਾ ਦੇ ਸਹੁਰੇ ਨੇ ਉਸ ਨੂੰ ਨਿੱਕੀ-ਨਿੱਕੀ ਗੱਲ ਉੱਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਪਤੀ ਵੱਲੋਂ ਜਾਂ ਉਸਦੇ ਸਹੁਰੇ ਵੱਲੋਂ ਕੋਈ ਖਰਚ ਨਹੀਂ ਦਿੱਤਾ ਜਾਂਦਾ ਸੀ।ਆਖ਼ਰ ਅਕਤੂਬਰ 2020 ਵਿੱਚ ਪੀੜ੍ਹਤਾ ਆਪਣੇ ਪੇਕੇ ਘਰ ਆ ਗਈ। ਉਸ ਨੇ ਕਈ ਵਾਰ ਪਤੀ ਨਾਲ ਫ਼ੋਨ ਉਤੇ ਸੰਪਰਕ ਕਰਕੇ ਖਰਚੇ ਦੀ ਮੰਗ ਕੀਤੀ ਪਰ ਪਤੀ ਵੱਲੋਂ ਖਰਚ ਦੇਣ ਦੀ ਬਜਾਏ ਉਸ ਨਾਲ ਸੋਸ਼ਲ ਮੀਡੀਆ ਰਾਹੀਂ ਬਹੁਤ ਭੱਦੀ ਸ਼ਬਦਾਵਲੀ ਵਿੱਚ ਚੈਟਿੰਗ ਕੀਤੀ ਗਈ।ਪੀੜ੍ਹਤਾ ਦੇ ਪਰਵਾਰ ਅਤੇ ਰਿਸ਼ਤੇਦਾਰਾਂ ਨੇ ਪੀੜਤਾ ਨੂੰ ਸਹੁਰੇ ਘਰ ਵਸਾਉਣ ਲਈ ਸਹੁਰੇ ਨਾਲ ਗੱਲਬਾਤ ਕੀਤੀ, ਪਰ ਸਹੁਰੇ ਨੇ ਇਨਕਾਰ ਕਰ ਦਿੱਤਾ। ਪੀੜਤਾ ਨੇ ਜਦੋਂ ਸਹੁਰੇ ਤੋਂ ਆਪਣੇ ਸੋਨੇ ਦੇ ਗਹਿਣਿਆਂ ਦੀ ਮੰਗ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਪੀੜਤਾ ਆਪਣੇ ਪਰਵਾਰ ਨਾਲ ਫਿਰ ਪੇਕੇ ਘਰ ਆ ਗਈ। ਉਸ ਨੇ ਕਿਹਾ ਕਿ ਉਸਦੇ ਪਤੀ ਵੱਲੋਂ ਕਈ ਵਾਰ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਇਹ ਸ਼ਿਕਾਇਤ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਭੇਜੀ ਗਈ, ਜਿਸ ਪਿੱਛੋਂ ਇਸਦੀ ਜਾਂਚ ਏ ਐਸ ਪੀ ਸਬ ਡਿਵੀਜ਼ਨ ਆਦਮਪੁਰ ਨੂੰ ਸੌਂਪੀ ਗਈ। ਏ ਐਸ ਪੀ ਵੱਲੋਂ ਕਰਵਾਈ ਜਾਂਚ ਦੀ ਰਿਪੋਰਟ ਵਿੱਚ ਪੀੜਤਾ ਵੱਲੋਂ ਲਾਏ ਦੋਸ਼ਾਂ ਨੂੰ ਸਹੀ ਪਾਇਆ ਗਿਆ ਅਤੇ ਉਸਦੇ ਪਤੀ ਅਤੇ ਸਹੁਰੇ ਖ਼ਿਲਾਫ਼ ਥਾਣਾ ਭੋਗਪੁਰ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।

ਜੰਗਲਾਤ ਘਪਲਾ: ਸਾਬਕਾ ਮੰਤਰੀ ਪਿੱਛੋਂ ਵਿਜੀਲੈਂਸ ਬਿਊਰੋ ਦਾ ਏ ਆਈ ਜੀ ਘੇਰੇ ਵਿੱਚ

* ਪੁਲਸ ਅਫਸਰ ਉੱਤੇ ਕੇਸ ਦਰਜ ਕਰਨ ਦੀ ਸਿਫ਼ਾਰਿਸ਼

ਜਲੰਧਰ, 16 ਜੂਨ (ਪੋਸਟ ਬਿਊਰੋ)- ਪੰਜਾਬ ਦੇ ਜੰਗਲਾਤ ਘਪਲੇ ਵਿੱਚ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਗ੍ਰਿਫ਼ਤਾਰੀ ਪਿੱਛੋਂ ਇਸ ਵਿੱਚ ਸ਼ਾਮਲ ਅਧਿਕਾਰੀਆਂ ਦੇ ਨਾਂ ਵੀ ਸਾਹਮਣੇ ਆਉਣ ਲੱਗੇ ਹਨ।

ਵਿਜੀਲੈਂਸ ਬਿਊਰੋ ਦੇ ਸਾਬਕਾ ਐਸ ਪੀ ਅਤੇ ਅੱਜਕੱਲ੍ਹ ਇਸ ਦੀ ਜਾਂਚ ਕਰਦੇ ਏ ਆਈ ਜੀ ਆਸ਼ੀਸ਼ ਕਪੂਰ ਵੀ ਇਸ ਦੇ ਘੇਰੇ ਵਿੱਚ ਆ ਗਏ ਹਨ। ਜੰਗਲਾਤ ਦੇ ਮੁੱਖ ਵਣਪਾਲ ਨੇ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਨੂੰ ਸਰਕਾਰੀ ਚਿੱਠੀ ਲਿਖ ਕੇ ਆਸ਼ੀਸ਼ ਕਪੂਰ ਨੂੰ ਮੋਹਾਲੀ ਵਿੱਚ ਬਣਦੀ ਉਸਦੀ ਕੋਠੀ ਵਿੱਚ ਲੱਖਾਂ ਰੁਪਏ ਦੀ ਲੱਕੜ ਦੀ ਵਰਤੋਂ ਕਰਨ ਅਤੇ ਦੋਸ਼ੀਆਂ ਨੂੰ ਬਚਾਉਣ ਲਈ ਦਸਤਾਵੇਜ਼ਾਂ ਨੂੰ ਖੁਰਦ-ਬੁਰਦ ਕਰਨ ਦਾ ਦੋਸ਼ੀ ਦੱਸਿਆ ਹੈ। ਚੀਫ਼ ਫਾਰੈਸਟਰ ਨੇ ਐਸ ਪੀ ਸਮੇਤ ਜੰਗਲਾਤ ਵਿਭਾਗ ਦੇ ਕੁਝ ਅਧਿਕਾਰੀਆਂ ਦੇ ਖ਼ਿਲਾਫ਼ ਵੀ ਕਾਰਵਾਈ ਦੀ ਸਿਫ਼ਾਰਿਸ਼ ਕੀਤੀ ਹੈ।

ਪੰਜਾਬ ਦੇ ਜੰਗਲਾਤ ਵਿਭਾਗ ਵਿੱਚ ਜ਼ਿਲ੍ਹਾ ਮੋਹਾਲੀ ਵਿੱਚ ਹਿਮਾਚਲ ਪ੍ਰਦੇਸ਼ ਦੀਆਂ ਵਾਦੀਆਂ ਦੇ ਕੋਲ ਬਣੇ ਫਾਰਮ ਹਾਊਸ ਦੀ ਅਲਾਟਮੈਂਟ ਦਾ ਵਿਵਾਦ ਵੀ ਚੱਲ ਰਿਹਾ ਹੈ। ਇਸ ਨਾਲ ਰੁੱਖਾਂ ਦੀ ਕਟਾਈ ਦਾ ਕੇਸ ਭਖ ਪਿਆ ਹੈ। ਇਸ ਕੇਸ ਵਿੱਚ ਜੰਗਲਾਤ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਹੋ ਰਹੀ ਦੇਰੀ ਬਾਰੇ ਪੰਜਾਬ ਦੇ ਮੁੱਖ ਵਣਪਾਲ (ਹਿਲਸ) ਨੇ ਵਿਜੀਲੈਂਸ ਬਿਊਰੋ ਨੂੰ ਸਰਕਾਰੀ ਚਿੱਠੀ ਲਿਖ ਕੇ ਪਿਛਲੇ ਦਿਨੀਂ ਰੁੱਖਾਂ ਦੀ ਕਟਾਈ ਦੇ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਇਸ ਤੋਂ ਪਹਿਲਾਂ ਵੀ ਇਸ ਕੇਸ ਦੀ ਜਾਂਚ ਐਸ ਪੀ ਆਸ਼ੀਸ਼ ਕਪੂਰ ਨੇ ਕੀਤੀ ਸੀ, ਜੋ ਅੱਜਕੱਲ੍ਹ ਵਿਜੀਲੈਂਸ ਬਿਊਰੋ ਦੇ ਏ ਆਈ ਜੀ ਹਨ। ਇਸ ਚਿੱਠੀ ਵਿੱਚ ਦੋਸ਼ ਲਾਇਆ ਗਿਆ ਹੈ ਕਿ ਆਸ਼ੀਸ਼ ਕਪੂਰ ਨੇ ਰੁੱਖਾਂ ਦੀ ਨਾਜਾਇਜ਼ ਕਟਾਈ ਦਾ ਕੋਈ ਕੇਸ ਦਰਜ ਨਹੀਂ ਸੀ ਕੀਤਾ, ਸਗੋਂ ਜੰਗਲਾਤ ਦੇ ਠੇਕੇਦਾਰਾਂ ਦੇ ਬਿਆਨ ਨੂੰ ਵੀ ਤੋੜ ਮਰੋੜ ਕੇ ਪੇਸ਼ ਕੀਤਾ ਸੀ।

ਜੰਗਲਾਤ ਅਧਿਕਾਰੀ ਵੱਲੋਂ ਲਾਏ ਗਏ ਦੋਸ਼ਾਂ ਅਨੁਸਾਰ ਜਾਂਚ ਵਿੱਚ ਇਸ ਨੂੰ ਵਿਭਾਗੀ ਬੇਨਿਯਮੀਕਿਹਾ ਗਿਆ ਸੀ, ਜਦੋਂ ਪਰਮਿਟਾਂ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਵਣ ਮੰਡਲ ਅਫ਼ਸਰ ਅਮਨਪ੍ਰੀਤ ਸਿੰਘ ਨੇ ਮੰਤਰੀਆਂ ਨੂੰ ਪੈਸੇ ਭੇਜੇ ਸਨ। ਇਸ ਦੇ ਬਦਲੇ ਅਮਨਪ੍ਰੀਤ ਸਿੰਘ ਜੰਗਲਾਤ ਡਵੀਜ਼ਨ ਅਫਸਰ ਨੇ ਆਸ਼ੀਸ਼ ਕਪੂਰ ਦੇ ਨਵੇਂ ਬਣੇ ਮਕਾਨ ਲਈ ਇੱਕ ਟਿੰਬਰ ਸਟੋਰ ਤੋਂ ਗੈਰ-ਕਾਨੂੰਨੀ ਢੰਗ ਨਾਲ ਲੱਕੜ ਖਰੀਦੀ ਤੇ ਭੇਜੀ ਸੀ। ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਕਾਰਵਾਈ ਕਰਨ ਦੀ ਥਾਂ ਇਸ ਨੂੰ ਵਿਭਾਗੀ ਕਾਰਵਾਈ ਕਹਿ ਕੇ ਮੋੜ ਦੇ ਦਿੱਤਾ ਸੀ। ਚਿੱਠੀ ਅਨੁਸਾਰ ਆਸ਼ੀਸ਼ ਕਪੂਰ ਨੇ ਕਾਨੂੰਨਾਂ ਦੀ ਵੱਡੇ ਪੱਧਰ ਉੱਤੇ ਉਲੰਘਣਾ ਕਰ ਕੇ ਵੱਡੀ ਰਕਮ ਦਾ ਗਬਨ ਕੀਤਾ ਹੈ। ਇਹ ਕੇਸ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਨਜਿਠਿਆ ਜਾਣਾ ਸੀ। ਅੱਗੋਂ ਇਸ ਕੇਸ ਵਿੱਚ ਵਣ ਮੰਡਲ ਅਫ਼ਸਰ, ਆਸ਼ੀਸ਼ ਕਪੂਰ ਅਤੇ ਇੰਸਪੈਕਟਰ ਧਰਮਪਾਲ ਦੇ ਖ਼ਿਲਾਫ਼ ਕੇਸ ਦਰਜ ਕੀਤਾ ਜਾਣਾ ਹੈ। ਇਸ ਕੇਸ ਵਿੱਚ ਕਲੀਨ ਚਿੱਟ ਵੀ ਜਾਰੀ ਕੀਤੀ ਗਈ ਸੀ। ਚਿੱਠੀ ਵਿੱਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਜਿਸ ਠੇਕੇਦਾਰ ਦਾ ਨਾਂ ਵੱਜਦਾ ਹੈ, ਉਸ ਦੀਆਂ ਕੁਝ ਫੋਟੋ ਵੀ ਅਧਿਕਾਰੀਆਂ ਨੂੰ ਭੇਜੀਆਂ ਸਨ, ਪਰ ਉਨ੍ਹਾਂ ਦਸਤਾਵੇਜ਼ਾਂ ਨੂੰ ਵੀ ਆਸ਼ੀਸ਼ ਕਪੂਰ ਵੱਲੋਂ ਗਾਇਬ ਕਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਇਸ ਘਪਲੇ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਦੋ ਅਤੇ 6 ਜੂਨ ਨੂੰ ਦੋ ਵੱਖ-ਵੱਖ ਕੇਸ ਦਰਜ ਕੀਤੇ ਗਏ ਹਨ ਅਤੇ ਇਸ ਸਬੰਧੀ ਵੀ ਜਾਂਚ ਕੀਤੀ ਜਾ ਰਹੀ ਹੈ ਪਰ ਇਸ ਵਿੱਚ ਵਿਜੀਲੈਂਸ ਅਧਿਕਾਰੀ ਦਾ ਨਾਂ ਸਾਹਮਣੇ ਆਉਣ ਨਾਲ ਕੇਸ ਦੀ ਗੰਭੀਰਤਾ ਹੋਰ ਵੀ ਵਧ ਗਈ ਹੈ।



ਬਿਸ਼ਨੋਈ ਤੇ ਬਰਾੜ ਦੇ ਨਾਮ ਉੱਤੇ ਰੰਗਦਾਰੀ ਮੰਗਦੇ ਦੋ ਗ੍ਰਿਫ਼ਤਾਰ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਪੰਜਾਬ ਦੇ ਇੱਕ ਕਾਰੋਬਾਰੀ ਤੋਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਮ ਉੱਤੇਰੰਗਦਾਰੀ ਮੰਗਣ ਵਾਲੇ ਦੋ ਬਦਮਾਸ਼ਾਂ ਨੂੰ ਸਪੈਸ਼ਲ ਸੈਲ ਦੇ ਆਈ ਐਫ ਐਸ ਓ ਯੂਨਿਟ ਨੇ ਫੜਿਆ ਹੈ। ਇਨ੍ਹਾਂ ਨੂੰ ਸਾਈਬਰ ਪੁਲਸ ਸਟੇਸ਼ਨ ਲੁਧਿਆਣਾ ਦੇ ਜਬਰੀ ਵਸੂਲੀ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ 12 ਜੂਨ ਨੂੰ ਪੰਜਾਬ ਪੁਲਸ ਨੇ ਸੰਪਰਕ ਕੀਤਾ ਤੇ ਦੋ ਲੋੜੀਂਦੇ ਵਿਅਕਤੀਆਂ ਦਾ ਪਤਾ ਲਾਉਣ ਵਿੱਚ ਮਦਦ ਮੰਗੀ ਸੀ। ਇਹ ਕੇਸ ਲੁਧਿਆਣੇ ਦੇ ਇੱਕ ਨਾਗਰਿਕ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਸੀ, ਜਿਸ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਮੋਬਾਇਲ ਨੰਬਰ ਉੱਤੇ ਚਾਰ ਜੂਨ ਤੋਂ ਅਣਪਛਾਤੇ ਅੰਤਰਰਾਸ਼ਟਰੀ ਅਤੇ ਭਾਰਤੀ ਫ਼ੋਨ ਨੰਬਰਾਂ ਤੋਂ ਧਮਕੀਆਂ ਮਿਲੀਆਂ ਹਨ। ਕਾਲ ਕਰਨ ਵਾਲਿਆਂ ਨੇ ਖੁਦ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਿਰੋਹ ਵੱਲੋਂ ਦੱਸਿਆ ਅਤੇ 10 ਲੱਖ ਰੁਪਏ ਦੀ ਰੰਗਦਾਰੀ ਦੇਣ ਦੀ ਧਮਕੀ ਦਿੱਤੀ ਸੀ। ਉਨ੍ਹਾਂ ਨੇ ਇਹ ਧਮਕੀ ਵੀ ਦਿੱਤੀ ਸੀ ਕਿ ਪੈਸਾ ਨਾ ਮਿਲਣ ਉੱਤੇ ਸਿੱਧੂ ਮੂਸੇਵਾਲਾ ਵਰਗੇ ਹਾਲ ਕਰ ਦਿੱਤਾ ਜਾਵੇਗਾ।ਦੋਸ਼ੀਆਂ ਨੇ ਫਿਰੌਤੀ ਦੀ ਰਾਸ਼ੀ ਜਮ੍ਹਾ ਕਰਨ ਲਈ ਇੱਕ ਬੈਂਕ ਖਾਤਾ ਦਿੱਤਾ ਸੀ। ਪੰਜਾਬ ਪੁਲਸ ਨੇਦੱਸਿਆ ਸੀ ਕਿ ਫੋਨ ਨੰਬਰਾਂ ਵਿੱਚ ਇੱਕ ਦੀ ਲੋਕੇਸ਼ਨ ਦਿੱਲੀ ਦੀ ਹੈ ਅਤੇ ਉਹ ਵਾਰ-ਵਾਰ ਆਪਣਾ ਟਿਕਾਣਾ ਬਦਲ ਰਿਹਾ ਹੈ।ਇਸ ਪਿੱਛੋਂ ਬਣੀ ਟੀਮ ਨੇ ਹਰਿਆਣੇ ਦੇ ਸੈਕਟਰ 22 ਗੁਰੂਗ੍ਰਾਮ ਵਿੱਚ ਮੋਬਾਈਲ ਫ਼ੋਨ ਨੰਬਰ ਦਾ ਪਤਾ ਲਾ ਕੇ ਓਥੋਂ ਐਸ ਸਿੰਘ (29) ਵਾਸੀ ਬਿਲਾਸਪੁਰ, ਛੱਤੀਸਗੜ੍ਹ ਅਤੇ ਏ ਏ ਖਾਨ (24) ਵਾਸੀ ਬਿਲਾਸਪੁਰ, ਛੱਤੀਸਗੜ੍ਹ ਨੂੰ ਜਾ ਫੜਿਆ। ਐਸ ਸਿੰਘ ਕੋਲੋਂ ਸ਼ਿਕਾਇਤਕਰਤਾ ਨੂੰ ਧਮਕੀ ਦੇਣ ਵਾਲਾ ਮੋਬਾਇਲ ਫ਼ੋਨ ਵੀ ਮਿਲ ਗਿਆ ਹੈ।ਪਤਾ ਲੱਗਿਆ ਹੈ ਕਿ ਮੋਬਾਈਲ ਫੋਨ ਨੰਬਰ ਏ ਏ ਖਾਨ ਦੇ ਨਾਮ ਉਤੇ ਸੀ। ਪੁੱਛਗਿੱਛ ਉੱਤੇ ਐਸ ਸਿੰਘ ਨੇ ਦੱਸਿਆ ਕਿ ਜਨਵਰੀ 2022 ਵਿੱਚ ਉਹ ਇੱਕ ਰਾਜਾ ਵਾਸੀ ਗੋਪਾਲਗੰਜ, ਬਿਹਾਰ ਨੂੰ ਮਿਲਿਆ, ਜਿਸ ਨੇ ਉਸ ਨੂੰ ਬੈਂਕ ਖਾਤਿਆਂ ਅਤੇ ਏ ਟੀਐਮ ਕਾਰਡ ਦੀ ਵਿਵਸਥਾ ਦਾ ਕੰਮ ਸੌਂਪਿਆ। ਐਸ ਸਿੰਘ ਨੇ ਰਾਜਾ ਨੂੰ ਲੱਗਭਗ 25 ਬੈਂਕ ਖਾਤਿਆਂ ਦੀਆਂ ਡਿਟੇਲਸ ਦਿੱਤੀਆਂ ਸੀ। ਉਨ੍ਹਾਂ ਨੂੰ ਹਰੇਕ ਬੈਂਕ ਖਾਤੇ, ਏ ਟੀ ਐਮ ਕਾਰਡ ਦੇ ਲਈ 25 ਹਜ਼ਾਰ ਰੁਪਏ ਮਿਲਦੇ ਸੀ।

ਕਾਨਪੁਰ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿੱਚ ਚਾਰ ਗ੍ਰਿਫ਼ਤਾਰ

* 38 ਸਾਲ ਬਾਅਦ ਕਾਰਵਾਈ ਹੋਣ ਲੱਗੀ

ਕਾਨਪੁਰ, 16 ਜੂਨ (ਪੋਸਟ ਬਿਊਰੋ)- 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਕਾਨਪੁਰ ਦੇ ਘਾਟਮਪੁਰ ਇਲਾਕੇ ਤੋਂ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਨੇ ਦੰਗਿਆਂ ਦੌਰਾਨ ਸਿੱਖਾਂ ਨੂੰ ਜ਼ਿੰਦਾ ਸਾੜਿਆ ਅਤੇ ਗੋਲੀਆਂ ਮਾਰੀਆਂ ਸਨ।

ਐਸ ਆਈ ਟੀ ਦੇ ਮੁੱਖੀ ਡੀ ਆਈ ਜੀ ਬਲੇਂਦੂ ਭੂਸ਼ਣ ਨੇ ਦੱਸਿਆ ਕਿ ਇਸ ਵਿੱਚ ਜਲਦੀ ਹੋਰ ਗ੍ਰਿਫ਼ਤਾਰੀਆਂ ਵੀ ਹੋਣਗੀਆਂ। ਉਨ੍ਹਾਂ ਦੱਸਿਆ ਕਿ ਕਾਨਪੁਰਦੇ ਦੰਗਿਆਂ ਦੌਰਾਨ ਭੀੜ ਨੇ ਨਿਰਾਲਾ ਨਗਰ ਦੀ ਇੱਕ ਇਮਾਰਤ ਉੱਤੇ ਹਮਲਾ ਕੀਤਾ ਸੀ, ਜਿੱਥੇ ਇੱਕ ਦਰਜਨ ਤੋਂ ਵੱਧ ਸਿੱਖ ਪਰਵਾਰ ਰਹਿੰਦੇ ਸਨ। ਉਨ੍ਹਾਂ ਮੁਤਾਬਕ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਘਾਟਮਪੁਰ ਵਾਸੀ ਸਫੀਉੱਲਾ ਖਾਨ (64), ਜਲਾਲਾ ਘਟਾਮਪੁਰ ਵਾਸੀ ਯੋਗੇਂਦਰ ਸਿੰਘ (65), ਵੇਂਦਾ ਪਿੰਡ ਘਾਟਮਪੁਰ ਦਾ ਵਿਜੇ ਨਰਾਇਣ ਸਿੰਘ (62) ਤੇ ਇਸੇ ਪਿੰਡ ਦੇ ਅਬਦੁਲ ਰਹਿਮਾਨ (65) ਵਜੋਂ ਹੋਈ ਹੈ। ਐਸ ਆਈ ਟੀ ਮੁਤਾਬਕ ਦੰਗਿਆਂ ਵਿੱਚ ਸ਼ਾਮਲ ਹੋਰ ਮੁਲਜ਼ਮ ਅਜੇ ਜਾਂਚ ਦੇ ਘੇਰੇ ਵਿੱਚ ਹਨ ਅਤੇ ਪੁਲਸ ਨੇ ਚਾਰ ਦੋਸ਼ੀਆਂ ਨੂੰ 38 ਸਾਲ ਬਾਅਦ ਗ੍ਰਿਫ਼ਤਾਰ ਕੀਤਾ ਹੈ। ਐਸ ਆਈ ਟੀ ਨੇ ਆਪਣੀ ਜਾਂਚ ਵਿੱਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ 94 ਮੁਲਜ਼ਮਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚੋਂ 74 ਲੋਕ ਜ਼ਿੰਦਾ ਹਨ। ਡੀ ਆਈ ਜੀ ਬਲੇਂਦੂ ਭੂਸ਼ਣ ਨੇ ਕਿਹਾ ਕਿ ਇਹ 38 ਸਾਲ ਪੁਰਾਣਾ ਕੇਸ ਹੋਣ ਕਾਰਨ ਐਸ ਆਈ ਟੀ ਨੂੰ ਮੁਲਜ਼ਮਾਂ ਨੂੰ ਫੜਨ ਵਿੱਚ ਮੁਸ਼ਕਲ ਆਈ ਹੈ। ਉਨ੍ਹਾਂ ਕਿਹਾ ਕਿ ਅਸੀਂ ਤਿੰਨ ਸਾਲਾਂ ਤੋਂ ਜਾਂਚ ਅਤੇ ਜਾਣਕਾਰੀ ਇਕੱਠੀ ਕਰ ਰਹੇ ਹਾਂ। ਜਾਂਚ ਦੇ ਆਧਾਰ ਉੱਤੇ 70 ਤੋਂ ਵੱਧ ਲੋਕਾਂ ਦੀ ਪਛਾਣ ਕੀਤੀ ਸੀ, ਜਿਨ੍ਹਾਂ ਵਿੱਚੋਂ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਰਨਣ ਯੋਗ ਹੈ ਕਿ ਕਾਨਪੁਰ ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ 127 ਸਿੱਖਾਂ ਦੀ ਹੱਤਿਆ ਹੋਈ ਸੀ। ਓਦੋਂ ਕਾਨਪੁਰ ਨਗਰ ਵਿੱਚ ਹੱਤਿਆ, ਲੁੱਟ ਅਤੇ ਡਕੈਤੀ ਆਦਿ ਧਾਰਾਵਾਂ ਹੇਠ 40 ਕੇਸ ਦਰਜ ਹੋਏ ਸਨ। ਪੁਲਸ ਨੇ ਇਨ੍ਹਾਂ ਵਿੱਚੋਂ 29 ਕੇਸਾਂ ਦੀ ਅੰਤਿਮ ਰਿਪੋਰਟ ਦੇ ਦਿੱਤੀ ਸੀ। 27 ਮਈ 2019 ਨੂੰ ਇਸ ਕੇਸ ਵਿੱਚ ਸੂਬਾ ਸਰਕਾਰ ਨੇ ਐਸ ਆਈ ਟੀ ਬਣਾਈ ਸੀ। ਵਿਸ਼ੇਸ਼ ਜਾਂਚ ਟੀਮ ਨੇ ਵੱਖ-ਵੱਖ ਸੂਬਿਆਂ ਵਿੱਚ ਰਹਿ ਰਹੇ ਪੀੜਤ ਪਰਵਾਰਾਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਬਿਆਨ ਦਰਜ ਕੀਤੇ ਅਤੇ ਦਸਤਾਵੇਜ਼ ਇਕੱਠੇ ਕੀਤੇ।

ਨੂਪੁਰ ਸ਼ਰਮਾ ਦੇ ਸਮਰਥਕਾਂ ਖਿਲਾਫ ਪ੍ਰਦਰਸ਼ਨ ਕਰਨ ਵਾਲਿਆਂ ਉੱਤੇ ਕੇਸ ਦਰਜ

ਠਾਣੇ, 16 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਭਿਵੰਡੀ ਪੁਲਸ ਨੇ ਭਾਜਪਾ ਆਗੂ ਨੂਪੁਰ ਸ਼ਰਮਾ ਦੇ ਸਮਰਥਕਾਂ ਖਿਲਾਫ ਰੋਸ ਮੁਜ਼ਾਹਰਾ ਕਰਨ ਲਈ ਇਕੱਠੇ ਹੋਏ 200 ਤੋਂ ਵੱਧ ਲੋਕਾਂ ਖਿਲਾਫ ਕੇਸ ਦਰਜ ਕੀਤੇ ਹਨ। ਪੁਲਸ ਮੁਤਾਬਕ ਇਹ ਸਾਰੇ ਲੋਕ ਗੈਰ ਕਾਨੂੰਨੀ ਢੰਗ ਨਾਲ ਇਕੱਠੇ ਹੋਏ ਸਨ।

ਵਰਨਣ ਯੋਗ ਹੈ ਕਿ ਪੈਗੰਬਰ ਮੁਹੰਮਦ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਦੇ ਦੋਸ਼ ਵਿੱਚ ਭਾਜਪਾ ਨੇ ਨੂਪੁਰ ਨੂੰ ਪਿੱਛੇ ਜਿਹੇ ਪਾਰਟੀ ਵਿੱਚੋਂ ਸਸਪੈਂਡ ਕਰ ਦਿੱਤਾ ਸੀ। ਮਹਾਰਾਸ਼ਟਰ ਦੇ ਭਿਵੰਡੀ ਸ਼ਹਿਰ ਵਿੱਚ 12 ਜੂਨ ਨੂੰ ਇੱਕ ਥਾਂ ਉੱਤੇ ਕਈ ਲੋਕ ਇਕੱਠੇ ਹੋ ਗਏ ਸਨ, ਜਿਸ ਨਾਲ ਸਥਿਤੀ ਤਣਾਅਪੂਰਨ ਬਣ ਗਈ ਸੀ। ਪੁਲਸ ਨੇ ਦੱਸਿਆ ਕਿ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਮੁਕੇਸ਼ ਬਾਬੂਰਾਮ ਚਵਾਨ ਤੇ ਸਾਦ ਅੰਸਾਰੀ ਦੇ ਘਰ ਤਕ ਮਾਰਚ ਕੀਤਾ ਤੇ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਦੇ ਨੂਪੁਰ ਸ਼ਰਮਾ ਦੇ ਸਮਰਥਨ ਵਿੱਚ ਪਾਈ ਪੋਸਟ ਦਾ ਵਿਰੋਧ ਕੀਤਾ। ਕੁਝ ਮੁਜ਼ਾਹਰਾਕਾਰੀਆਂ ਨੇ ਅੰਸਾਰੀ ਉਤੇ ਹਮਲਾ ਵੀ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਭਿਵੰਡੀ ਦੇ ਭੋਈਵਾੜਾ ਥਾਣੇ ਵਿੱਚ 150 ਜਣਿਆਂ ਖਿਲਾਫ ਤੇ ਨਾਰਪੋਲੀ ਥਾਣੇ ਵਿੱਚ 65 ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਆਈ ਪੀ ਸੀ ਦੀਆਂ ਧਾਰਾਵਾਂ 141, 143, 322, 323, 504 ਤੇ 506 ਤਹਿਤ ਦਰਜ ਕੀਤੇ ਗਏ ਹਨ। ਇਸ ਮਾਮਲੇ ਵਿੱਚ ਹਾਲੇ ਤਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

ਪੈਰਾਗਲਾਈਡਰ ਹਾਦਸੇ ਵਿੱਚ ਪਾਇਲਟ ਤੇ ਸੈਲਾਨੀ ਦੀ ਮੌਤ

ਕੁੱਲੂ, 16 ਜੂਨ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਕੁੱਲੂ ਜ਼ਿਲ੍ਹੇ ਦੀ ਭੋਡੀ ਵਿੱਚ ਪੈਰਾਗਲਾਈਡਰ ਦਾ ਹਾਦਸਾਹੋਣ ਨਾਲ ਅੰਬਾਲਾ ਕੈਂਟ, ਹਰਿਆਣਾ ਵਾਸੀ ਸੈਲਾਨੀ ਆਦਿੱਤਿਆ ਸ਼ਰਮਾ ਅਤੇ ਕੁੱਲੂ ਵਾਸੀ ਪਾਇਲਟ ਕ੍ਰਿਸ਼ਨ ਗੋਪਾਲ ਦੀ ਮੌਤ ਹੋ ਗਈ। ਪਾਇਲਟ ਦੇ ਟੇਕ ਆਫ ਪੁਆਇੰਟ ਪਿੱਛੋਂ ਪੈਰਾਗਲਾਈਡਰ ਬੇਕਾਬੂ ਹੋ ਗਿਆ ਸੀ। ਮਿਲੀ ਜਾਣਕਾਰੀ ਮੁਤਾਬਕ ਆਦਿੱਤਿਆ ਆਪਣੇ ਪਰਵਾਰਕ ਮੈਂਬਰਾਂ ਨਾਲ 11 ਜੂਨ ਨੂੰ ਕੁੱਲੂ ਘੁੰਮਣ ਆਇਆ ਸੀ। ਕੱਲ੍ਹ ਉਸ ਨੇ ਪੈਰਾਗਲਾਈਡਿੰਗ ਕਰਨ ਲਈ ਕ੍ਰਿਸ਼ਨ ਗੋਪਾਲ ਨਾਲ ਉਡਾਣ ਭਰੀ। ਉਨ੍ਹਾਂ ਭੋਡੀ ਵਿੱਚ ਉਤਰਨਾ ਸੀ। ਤੇਜ਼ ਹਵਾ ਕਾਰਨ ਪਾਇਲਟ ਦਾ ਕੰਟਰੋਲ ਪੈਰਾਗਲਾਈਡਰ ਉੱਤੇ ਨਹੀਂ ਰਿਹਾ ਅਤੇ ਦੋਵੇਂ ਇਕੱਠਿਆਂ ਹੇਠਾਂ ਆ ਡਿੱਗੇ। ਆਦਿੱਤਿਆ ਦੇ ਪਰਵਾਰਕ ਮੈਂਬਰ ਅਤੇ ਸਥਾਨਕ ਲੋਕ ਉਨ੍ਹਾਂ ਨੂੰ ਖੇਤਰੀ ਹਸਪਤਾਲ ਕੁੱਲੂ ਲੈ ਗਏ, ਜਿੱਥੇ ਡਾਕਟਰਾਂ ਨੇ ਆਦਿੱਤਿਆ ਨੂੰ ਮ੍ਰਿਤਕ ਐਲਾਨ ਦਿੱਤਾ। ਉਥੇ ਪਾਇਲਟ ਕ੍ਰਿਸ਼ਨ ਗੋਪਾਲ ਗੰਭੀਰ ਜ਼ਖਮੀ ਸੀ। ਥੋੜ੍ਹੀ ਦੇਰ ਬਾਅਦ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ। ਕੁੱਲੂ ਦੇ ਪੁਲਸ ਸੁਪਰਡੈਂਟ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਚੱਲ ਰਹੀ ਹੈ। ਸੈਰ ਸਪਾਟਾ ਵਿਭਾਗ ਨੇ ਇਸ ਦੀ ਜਾਂਚ ਲਈ ਤਕਨੀਕੀ ਕਮੇਟੀ ਬਣਾਈ ਕੀਤਾ ਹੈ।

ਕਿਰਨ ਬੇਦੀ ਦੇ ਬਿਆਨ ਕਾਰਨ ਸਿੱਖ ਭਾਈਚਾਰੇ ਵਿੱਚ ਰੋਸ

* ਬਾਅਦ ਵਿੱਚ ਕਿਰਨ ਬੇਦੀ ਨੇ ਮੁਆਫੀ ਮੰਗ ਲਈ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਇੱਕ ਜਨਤਕ ਪ੍ਰੋਗਰਾਮ ਵਿੱਚ ਸਿੱਖਾਂ ਬਾਰੇ ਮਜ਼ਾਕੀਆ ਟਿੱਪਣੀ ਕਰਨ ਉੱਤੇ ਪੁੱਡੂਚੇਰੀ ਦੀ ਸਾਬਕਾ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਦੇ ਖਿਲਾਫ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਪੈਦਾ ਹੋ ਗਈ ਹੈ। ਵਿਵਾਦ ਵਧਣ ਉੱਤੇਕਰਨ ਬੇਦੀ ਨੇ ਇੰਟਰਨੈਟ ਉੱਤੇ ਮੁਆਫੀ ਮੰਗੀ ਅਤੇ ਕਿਹਾ ਹੈ ਕਿ ਉਹ ਆਪਣੇ ਧਰਮ ਵਿੱਚ ਬਹੁਤ ਆਸਥਾ ਰੱਖਦੇ ਹਨ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਭਗਤ ਹਨ।

ਚੇਨਈ ਵਿੱਚ ਇੱਕ ਕਿਤਾਬ ਰਿਲੀਜ਼ ਸਮਾਗਮਕਿਰਨ ਬੇਦੀ ਨੇ ਸਿੱਖਾਂ ਬਾਰੇ ਇੱਕ ਭੱਦੀ ਟਿੱਪਣੀ ਕੀਤੀ ਸੀ। ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਿਰਨ ਬੇਦੀ ਨੂੰ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਸਨਮਾਨਤ ਪਦਵੀਆਂ ਉੱਤੇ ਰਹਿਣ ਵਾਲੀ ਕਿਰਨ ਬੇਦੀ ਨੂੰ ਇਹ ਸਮਝ ਨਹੀਂ ਆਈ ਕਿ ਉਹ ਕਿਨ੍ਹਾਂ ਦੇਖਿਲਾਫ ਬਿਆਨਬਾਜ਼ੀ ਕਰ ਰਹੀ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਭਾਰਤ ਦੀਆਂ ਔਰਤਾਂ ਨੂੰ ਵੇਚਣ ਲਈ ਬਾਜ਼ਾਰ ਲੱਗਦਾ ਸੀ, ਓਦੋਂ ਸਿੱਖ ਉਨ੍ਹਾਂ ਨੂੰ ਬਚਾਉਂਦੇ ਸਨ। ਇੱਕ ਔਰਤ ਵੱਲੋਂ ਸਿੱਖਾਂ ਦਾ ਮਜ਼ਾਕ ਉਡਾਉਣਾ ਅਫਸੋਸ ਦੀ ਗੱਲ ਹੈ। ਉਸ ਦੀ ਟਿੱਪਣੀ ਨਾਲ ਸਿੱਖ ਭਾਈਚਾਰੇ ਨੂੰ ਡੂੰਘੀ ਸੱਟ ਲੱਗੀ ਹੈ।

'ਜੱਗ ਆਸਰਾ ਗੁਰੂ ਓਟ' (ਜਾਗੋ ਪਾਰਟੀ) ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਵੀ ਕਿਹਾ ਕਿ 12 ਵੱਜਣ ਬਾਰੇ ਸਿੱਖਾਂ ਦਾ ਮਜ਼ਾਕ ਪਹਿਲੀ ਵਾਰੀ ਨਹੀਂ ਉਡਾਇਆ ਗਿਆ, ਏਦਾਂ ਕਰਨ ਵਾਲਿਆਂ ਨੂੰ ਯਾਦ ਰੱਖਣ ਚਾਹੀਦਾ ਹੈ ਕਿ ਇਹੀ ਸਿੱਖ ਹਿੰਦੂ ਲੜਕੀਆਂ ਅਤੇ ਔਰਤਾਂ ਨੂੰ ਮੁਗ਼ਲਾਂ ਤੋਂ ਬਚਾ ਕੇ ਉਨ੍ਹਾਂ ਦੇ ਘਰ ਪਹੁੰਚਾਉਂਦੇ ਸਨ। ਦੂਜੇ ਪਾਸੇ ਕਿਰਨ ਬੇਦੀ ਨੇ ਟਵੀਟ ਕਰ ਕੇ ਕਿਹਾ ਹੈ ਕਿ ਮੈਂ ਗੁਰੂ ਨਾਨਕ ਦੇਵ ਜੀ ਦੀ ਭਗਤ ਹਾਂ, ਮੈਂ ਜੋ ਵੀ ਕਿਹਾ, ਉਸ ਨੂੰ ਗਲਤ ਨਾ ਸਮਝਿਆ ਜਾਵੇ, ਮੈਂ ਇਸ ਲਈ ਮੁਆਫੀ ਮੰਗਦੀ ਹਾਂ। ਮੈਂ ਸੇਵਾ ਤੇ ਰਹਿਮ ਵਿੱਚ ਭਰੋਸਾ ਰੱਖਦੀ ਹਾਂ।'

ਰੌਂਗ ਸਾਈਡ ਤੋਂ ਆਏ ਟਰੱਕ ਨਾਲ ਕਾਰ ਟਕਰਾਈ, ਤਿੰਨ ਮੌਤਾਂ

ਸੋਨੀਪਤ, 16 ਜੂਨ (ਪੋਸਟ ਬਿਊਰੋ)- ਜੀ ਟੀ ਰੋਡ ਭਿਗਾਨ ਟੋਲ ਨੇੜੇ ਇੱਕ ਟਰੱਕ ਚਾਲਕ ਦੀ ਲਾਪਰਵਾਹੀ ਨਾਲ ਤਿੰਨ ਦੋਸਤਾਂ ਦੀ ਜਾਨ ਚਲੀ ਗਈ ਅਤੇ ਇੱਕ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ। ਮ੍ਰਿਤਕਾਂ ਵਿੱਚ ਦੋ ਨਰਸਿੰਗ ਸਟਾਫ ਅਫਸਰ ਵੀ ਸ਼ਾਮਲ ਹਨ। ਰਾਤ 1 ਵੱਜ ਕੇ 10 ਮਿੰਟ ਉੱਤੇ ਟਰੱਕ ਨਾਲ ਵੱਜ ਕੇ ਨੌਜਵਾਨਾਂ ਦੀ ਕਾਰ ਡਿਵਾਈਡਰ ਨਾਲ ਵੱਜੀ। ਇਸ ਹਾਦਸੇ ਪਿੱਛੋਂ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਕੇ ਉੱਤੇਮੌਤ ਹੋ ਗਈ, ਇੱਕ ਦੀ ਹਾਲਤ ਗੰਭੀਰ ਹੈ।

ਕੁਲਦੀਪ ਦਹੀਆ ਪੁੱਤਰ ਰਾਮ ਕੁਮਾਰ ਮਾਂ ਸ਼ਕਤੀ ਅਪਾਰਟਮੈਂਟ, ਪੱਛਮੀ ਵਿਹਾਰ ਦਿੱਲੀ ਨੇ ਮੂਰਥਲ ਦੀ ਪੁਲਸ ਨੂੰ ਦੱਸਿਆ ਕਿ ਰਾਤ ਕਰੀਬ 12 ਵੱਜ ਕੇ 10 ਮਿੰਟ ਉੱਤੇ ਉਸ ਦਾ ਭਾਣਜਾ ਗੌਰਵ ਪੁੱਤਰ ਬਲਬੀਰ ਸੈਕਟਰ 24 ਰੋਹਿਣੀ ਦਿੱਲੀ ਆਪਣੇ ਦੋਸਤ ਜਤਿੰਦਰ ਕੁਮਾਰ ਪੁੱਤਰ ਰੋਹਤਾਸ਼, ਅੰਕਿਤ ਪੁੱਤਰ ਸੁਰਿੰਦਰ ਤੇ ਗੌਰਵ ਪੁੱਤਰ ਰਮੇਸ਼ ਪਿੰਡ ਨਾਂਗਲ ਠਾਕਰਾਨ ਦਿੱਲੀ ਨਾਲ ਮੂਰਥਲ ਢਾਬੇ ਉੱਤੇ ਖਾਣਾ ਖਾਣ ਆਏ ਸਨ। ਕਾਰ ਉਸ ਦੇ ਭਾਣਜੇ ਗੌਰਵ ਦੀ ਸੀ। ਖਾਣਾ ਖਾਣ ਦੇ ਬਾਅਦ ਭਾਣਜਾ ਗੌਰਵ ਕਾਰ ਭਿਗਾਨ ਟੋਲ ਟੈਕਸ ਜੀ ਟੀ ਰੋਡ ਤੋਂ ਦਿੱਲੀ ਵੱਲ ਮੋੜਨ ਲੱਗਾ। ਉਹ ਉਸ ਸਮੇਂ ਆਪਣੀ ਗੱਡੀ ਵਿੱਚ ਉਨ੍ਹਾਂ ਪਿੱਛੇ ਜਾ ਰਿਹਾ ਸੀ। ਉਸ ਦੀਆਂ ਅੱਖਾਂ ਮੂਹਰੇ ਇੱਕ ਟਰੱਕ ਸੜਕ ਦੇ ਖੱਬੇ ਪਾਸੇ ਤੋਂ ਗਲਤ ਦਿਸ਼ਾ ਤੋਂ ਲਾਪਰਵਾਹੀ ਤੇ ਤੇਜ਼ ਸਪੀਡ ਨਾਲ ਆਇਆ ਅਤੇ ਅਚਾਨਕ ਜੀ ਟੀ ਰੋਡ ਉੱਤੇ ਲਿਆ ਕੇ ਦਿੱਲੀ ਵੱਲ ਮੋੜਨ ਲੱਗਾ। ਇਸ ਦੌਰਾਨ ਟਰੱਕ ਦਾ ਅਗਲਾ ਹਿੱਸਾ ਭਾਣਜੇ ਦੀ ਕਾਰ ਨੂੰ ਲੱਗਾ, ਜਿਸ ਕਾਰਨ ਕਾਰ ਡਿਵਾਈਡਰ ਨਾਲ ਟਕਰਾ ਗਈ।

ਮਹਿੰਦਰਾ ਐਂਡ ਮਹਿੰਦਰਾ ਮੋਹਾਲੀ ਵਿੱਚ ਨਵਾਂ ਪਲਾਂਟ ਲਾਵੇਗੀ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਮਹਿੰਦਰਾ ਐਂਡ ਮਹਿੰਦਰਾ ਮੋਹਾਲੀ ਵਿੱਚ ਨਵਾਂ ਟਰੈਕਟਰ ਪਲਾਂਟ ਲਾਵੇਗੀ। ਟਰੈਕਟਰ ਬਣਾਉਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਵੱਲੋਂ ਪਿਛਲੇ ਦਹਾਕੇ ਵਿੱਚਲੱਗਣ ਵਾਲਾ ਇਹ ਪਹਿਲਾ ਪਲਾਂਟ ਹੋਵੇਗਾ। ਕੰਪਨੀ ਨੇ ਘਰੇਲੂ ਮੰਗ ਤੋਂ ਉਤਸ਼ਾਹਿਤ ਹੋ ਕੇ ਨਵੇਂ ਪਲਾਂਟ ਦੀ ਯੋਜਨਾ ਬਣਾਈ ਹੈ।ਪਹਿਲੇ ਪੜਾਅ ਵਿੱਚ ਪਲਾਂਟ ਦੀ ਸਮਰੱਥਾ ਸਾਲਾਨਾ 30,000 ਟਰੈਕਟਰਾਂ ਦੇ ਉਤਪਾਦਨ ਦੀ ਹੋਵੇਗੀ।

ਮਹਿੰਦਰਾ ਐਂਡ ਮਹਿੰਦਰਾ ਨੇ 2012 ਵਿੱਚ ਤੇਲੰਗਾਨਾ ਦੇ ਜ਼ਹੀਰਾਬਾਦ ਵਿੱਚ ਇੱਕ ਪਲਾਂਟ ਲਾਇਆ ਸੀ। ਦੁਨੀਆ ਦੇ ਸਭ ਤੋਂ ਵੱਡੇ ਟਰੈਕਟਰ ਬਾਜ਼ਾਰ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਮੰਗ ਵਧ ਰਹੀ ਹੈ, ਜਦ ਕਿ 2022 ਵਿੱਚ ਇੱਥੇ ਵਾਧੇ ਦੀ ਰਫ਼ਤਾਰ ਸੁਸਤ ਪੈ ਗਈ ਸੀ।ਕੰਪਨੀ ਦੇ ਮੁਖੀ ਹੇਮੰਤ ਸਿੱਕਾ ਨੇ ਮੀਡੀਆ ਨੂੰ ਦੱਸਿਆ ਕਿ ਬੀਤੇ ਦੋ ਮਹੀਨਿਆਂ ਵਿੱਚ ਅਸੀਂ ਉਦਯੋਗ ਵਿੱਚ ਤੇਜ਼ ਵਾਧਾ ਦਰਜ ਕੀਤਾ ਹੈ। ਅਸੀਂ ਸਮਰੱਥਾ ਬਿਹਤਰ ਕਰਨ ਲਈ ਮੋਹਾਲੀ ਵਿੱਚ ਇੱਕ ਨਵਾਂ ਪਲਾਂਟ ਲਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਪਲਾਂਟ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਉੱਤੇ 400 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।ਮੋਹਾਲੀ ਪਲਾਂਟ ਤੋਂ ਸਾਨੂੰ ਇਸ ਸਾਲ ਦੇ ਅਖੀਰ ਤਕ ਪਹਿਲਾ ਟਰੈਕਟਰ ਮਿਲਣ ਦੀ ਉਮੀਦ ਹੈ। ਇਹ ਪਲਾਂਟ ਸਵਰਾਜ ਟਰੈਕਟਰਜ਼ ਦੀ ਫੈਕਟਰੀ ਤੋਂ 35 ਕਿਲੋਮੀਟਰ ਦੂਰ ਹੋਵੇਗਾ।ਸਿੱਕਾ ਨੇ ਕਿਹਾ ਕਿ ਮਹਾਰਾਸ਼ਟਰ, ਗੁਜਰਾਤ ਤੇ ਤੇਲੰਗਨਾ ਵਿੱਚ ਮਹਿੰਦਰਾ ਐਂਡ ਮਹਿੰ-ਦਰਾ ਦੇ ਪਲਾਂਟ 90 ਫ਼ੀਸਦੀ ਸਮਰੱਥਾ ਵਰਤੋਂ ਨਾਲ ਆਪ੍ਰੇਟਿੰਗ ਵਿੱਚ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪਲਾਂਟਾਂ ਵਿੱਚ ਸਮਰੱਥਾ ਵਿਸਥਾਰ ਦੀ ਕੋਈ ਗੁੰਜਾਇਸ਼ ਨਹੀਂ ਹੈ।ਸਿੱਕਾ ਨੇ ਕਿਹਾ ਕਿ ਨਵੇਂ ਪਲਾਂਟ ਤੋਂ ਸਿਰਫ਼ ਘਰੇਲੂ ਮੰਗ ਲਈ ਸਪਲਾਈ ਕੀਤੀ ਜਾਵੇਗੀ ਅਤੇ ਜ਼ਹੀਰਾਬਾਦ ਤੇ ਨਾਗਪੁਰ ਪਲਾਂਟਾਂ ਤੋਂ ਐਕਸਪੋਰਟ ਕੀਤੀ ਜਾਵੇਗੀ। ਨਵੇਂ ਪਲਾਂਟ ਵਿੱਚ ਨਿਵੇਸ਼ ਦੀ ਪਹਿਲ ਅਜਿਹੇ ਸਮੇਂ ਵਿੱਚ ਕੀਤੀ ਗਈ ਹੈ ਜਦੋਂ ਵਿੱਤੀ ਸਾਲ 2022 ਵਿੱਚ ਕੰਪਨੀ ਦੀ ਬਾਜ਼ਾਰ 'ਚ ਹਿੱਸੇਦਾਰੀ ਸਾਲਾਨਾ ਆਧਾਰ ਉੱਤੇ 38.2 ਫ਼ੀਸਦੀ ਤੋਂ 40 ਫ਼ੀਸਦੀ ਹੋ ਗਈ ਹੈ।

ਪ੍ਰੇਮ ਅੰਨ੍ਹਾ ਹੁੰਦੈ ਤੇ ਵਾਰਸਾਂ ਤੇ ਸਮਾਜ ਦੇ ਪਿਆਰ ਤੋਂ ਵੱਧ ਡੂੰਘਾ ਹੁੰਦੈ: ਹਾਈ ਕੋਰਟ

ਬੰਗਲੌਰ, 16 ਜੂਨ (ਪੋਸਟ ਬਿਊਰੋ)- ਕਰਨਾਟਕ ਹਾਈ ਕੋਰਟ ਨੇ ਘਰੋਂ ਭੱਜ ਕੇ ਆਪਣੇ ਪ੍ਰੇਮੀ ਨਾਲ ਵਿਆਹ ਕਰਨ ਵਾਲੀ ਲੜਕੀ ਨੂੰ ਪਤੀ ਨਾਲ ਰਹਿਣ ਦੀ ਇਜਾਜ਼ਤ ਦੇ ਦਿੱਤੀ, ਪ੍ਰੰਤੂ ਨਾਲ ਸਾਵਧਾਨ ਕੀਤਾ ਕਿ ਉਸ ਨੇ ਆਪਣੇ ਮਾਂ-ਬਾਪ ਦੇ ਨਾਲ ਜੋ ਕੀਤਾ ਹੈ, ਕੱਲ੍ਹ ਨੂੰ ਉਸ ਦੇ ਬੱਚੇ ਵੀ ਉਸ ਨਾਲ ਉਹੋ ਜਿਹਾ ਵਿਹਾਰ ਕਰ ਸਕਦੇ ਹਨ।

ਲੜਕੀ ਦੇ ਪਿਤਾ ਟੀ ਐਨ ਨਾਗਰਾਜੂ ਨੇ ਅਦਾਲਤ ਨੂੰਅਰਜ਼ੀ ਪੇਸ਼ ਕਰ ਕੇ ਕਿਹਾ ਸੀ ਕਿ ਉਸ ਦੀ ਧੀ ਨਿਸਰਗ ਇੰਜੀਨੀਅਰਿੰਗ ਦੀ ਵਿਦਿਆਰਥਣ ਹੈ ਅਤੇ ਆਪਣੇ ਕਾਲਜ ਦੇ ਹੋਸਟਲਤੋਂ ਗਾਇਬ ਹੋ ਗਈ ਹੈ ਤੇ ਨਿਖਿਲ ਉਰਫ ਅਭੀ ਨਾਂਅ ਦਾ ਡਰਾਈਵਰ ਉਸ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ ਹੈ। ਦੋਵਾਂ ਨੇ 13 ਮਈ ਨੂੰ ਇੱਕ ਮੰਦਰ ਵਿੱਚ ਵਿਆਹ ਕਰ ਲਿਆ ਅਤੇ ਓਦੋਂ ਤੋਂ ਇਕੱਠੇ ਰਹਿ ਰਹੇ ਹਨ। ਉਹ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਤੇ ਮਾਪਿਆਂ ਕੋਲ ਵਾਪਸ ਨਹੀਂ ਜਾਣਾ ਚਾਹੁੰਦੀ। ਦੋਵਾਂ ਦਾ ਬਿਆਨ ਦਰਜ ਕਰਨ ਸਮੇਂ ਅਦਾਲਤ ਨੇ ਮਾਤਾ-ਪਿਤਾ ਤੇ ਉਨ੍ਹਾਂ ਦੀ ਬੇਟੀ ਨੂੰ ਕੁਝ ਸਲਾਹ ਦਿੱਤੀ। ਬੈਂਚ ਨੇ ਮਾਪਿਆਂ ਨੂੰ ਕਿਹਾ ਕਿ ਸਾਡੇ ਇਤਿਹਾਸ ਵਿੱਚ ਇਹ ਮਿਸਾਲਾਂ ਹਨ, ਜਦ ਮਾਤਾ-ਪਿਤਾ ਨੇ ਬੱਚਿਆਂ ਲਈ ਜਾਨ ਕੁਰਬਾਨ ਕਰ ਦਿੱਤੀ ਤੇ ਬੱਚਿਆਂ ਨੇ ਮਾਤਾ-ਪਿਤਾ ਲਈ ਆਪਣਾ ਜੀਵਨ ਬਲੀਦਾਨ ਕਰ ਦਿੱਤਾ।ਬੈਂਚ ਨੇ ਕਿਹਾ ਕਿ ਜੇ ਦੋਵਾਂ ਵਿੱਚ ਪ੍ਰੇਮ ਅਤੇ ਸਨੇਹ ਹੈ ਤਾਂ ਪਰਵਾਰ ਵਿੱਚ ਵਿਵਾਦ ਨਹੀਂ ਹੋ ਸਕਦਾ ਹੈ। ਇਸ ਦੇ ਨਾਲ ਆਪਣੇ ਅਧਿਕਾਰਾਂ ਦੀ ਰਾਖੀ ਲਈ ਬੱਚਿਆਂ ਦੇ ਮਾਤਾ-ਪਿਤਾ ਦੇ ਖਿਲਾਫ ਜਾਂ ਮਾਪਿਆਂ ਦੇ ਬੱਚਿਆਂ ਖਿਲਾਫ ਅਦਾਲਤ ਜਾਣ ਦਾ ਸਵਾਲ ਨਹੀਂ ਪੈਦਾ ਹੁੰਦਾ। ਬੈਂਚ ਨੇ ਆਪਣੇ ਤਾਜ਼ਾ ਫੈਸਲੇ ਵਿੱਚ ਕਿਹਾ ਕਿ ਮੌਜੂਦਾ ਕੇਸ ਦੇ ਅਜੀਬ ਤੱਥ ਅਤੇ ਹਾਲਾਤ ਸਪੱਸ਼ਟ ਕਰਦੇ ਹਨ ਕਿ ਪ੍ਰੇਮ ਅੰਨ੍ਹਾ ਹੁੰਦਾ ਹੈ ਅਤੇ ਮਾਤਾ-ਪਿਤਾ, ਪਰਵਾਰ ਦੇ ਮੈਂਬਰਾਂ ਅਤੇ ਸਮਾਜ ਦੇ ਪਿਆਰ ਅਤੇ ਸਨੇਹ ਦੇ ਮੁਕਾਬਲੇ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹਥਿਆਰ ਹੁੰਦਾ ਹੈ। ਕੋਰਟ ਨੇ ਨਿਸਰਗ ਨੂੰ ਸਾਵਧਾਨ ਕੀਤਾ ਤੇ ਕਿਹਾ ਕਿ ਬੱਚਿਆਂ ਨੂੰ ਇਹ ਜਾਨਣ ਦਾ ਸਮਾਂ ਆ ਗਿਆ ਹੈ ਕਿ ਜੀਵਨ ਵਿੱਚ ਪ੍ਰਤੀਕਿਰਿਆ, ਪ੍ਰਤੀਧਵਨੀ ਅਤੇ ਪ੍ਰਤੀਬਿੰਬ ਸ਼ਾਮਲ ਹਨ। ਉਹ ਆਪਣੇ ਮਾਤਾ-ਪਿਤਾ ਨਾਲ ਜੋ ਕਰ ਰਹੇ ਹਨ, ਕੱਲ੍ਹ ਉਨ੍ਹਾਂ ਨਾਲ ਵੀ ਹੋਵੇਗਾ।

ਐਕਸਪ੍ਰੈਸ ਵੇਅ ਜ਼ਮੀਨ ਮਾਮਲੇ ਵਿਚ ਹਰਿਆਣਾ ਦੇ ਪਿੰਡ ਚੌਟਾਲਾ ਵਿੱਚ ਕਰੋੜਾਂ ਰੁਪਏ ਦਾ ਉਸਾਰੀ ਐਵਾਰਡ ਘਪਲਾ

* ਮਾਲ ਅਫਸਰ ਵੱਲੋਂ 10 ਕਿਸਾਨਾਂ ਨੂੰ 1.52 ਕਰੋੜ ਦੀ ਵਸੂਲੀ ਦਾ ਨੋਟਿਸ

ਡੱਬਵਾਲੀ, 16 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ-ਜਾਮਨਗਰ ਐਕਸਪ੍ਰੈਸ ਵੇਅ ਦੇ ਉਸਾਰੀ ਐਵਾਰਡ ਦੇਪਰਦੇ ਵਿੱਚ ਪਿੰਡ ਚੌਟਾਲਾ ਵਿੱਚ ਕੁਝ ਕਿਸਾਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕਰ ਕੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਚੂਨਾ ਲਾਉਣ ਦਾ ਇੱਕ ਵੱਡਾ ਘਪਲਾ ਸਾਹਮਣੇ ਆਇਆ ਹੈ। ਇਸ ਕਰਕੇ ਜ਼ਿਲ੍ਹਾ ਰੈਵੇਨਿਊ ਅਫਸਰ ਨੇ ਤਹਿਸੀਲਦਾਰ ਦੀ ਅਗਵਾਈ ਹੇਠ ਟੀਮ ਬਣਾ ਕੇ ਪਿੰਡ ਚੌਟਾਲਾ ਦੇ 10 ਕਿਸਾਨਾਂ ਤੋਂ 1.52 ਕਰੋੜ ਰੁਪਏ ਦੀ ਵਸੂਲੀ ਕਰਨ ਦੇ ਹੁਕਮ ਦਿੱਤੇ ਅਤੇ ਉਨ੍ਹਾਂ ਨੂੰ ਪੈਸੇ ਜਮ੍ਹਾਂ ਕਰਵਾਉਣ ਲਈ ਨੋਟਿਸ ਭੇਜ ਕੇ ਤਲਬ ਕਰ ਲਿਆ ਹੈ।

ਇਸ ਸੰਬੰਧ ਵਿੱਚ ਸਰਕਾਰੀ ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਇਸ ਵਕਾਰੀ ਸੜਕੀ ਪ੍ਰੋਜੈਕਟ ਵਿੱਚ ਬਾਗਬਾਨੀ ਵਿਭਾਗ, ਜਲ ਸਪਲਾਈ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਤੇ ਪਿੰਡ ਚੌਟਾਲਾ ਹੀ ਨਹੀਂ, ਕਈ ਪਿੰਡਾਂ ਦੇ ਲੋਕਾਂ ਨੇ ਮੋਟੀ ਰਕਮ ਲੈ ਕੇ ਉਸਾਰੀ ਐਵਾਰਡਾਂ ਨੂੰ ਗਲਤ ਢੰਗ ਨਾਲ ਵਰਤਿਆ ਹੈ।ਉਸਾਰੀ ਐਵਾਰਡ ਵਿੱਚ ਢਾਈ ਏਕੜ ਜ਼ਮੀਨ ਉੱਤੇ 560 ਕਿੰਨੂ ਦੇ ਰੁੱਖ ਦਿਖਾ ਕੇ ਸੁੱਕੇ ਰੁੱਖਾਂ ਦਾ ਮੁਆਵਜ਼ਾ ਵੀ ਦੇ ਦਿੱਤਾ ਗਿਆ, ਪਰ ਤਕਨੀਕੀ ਤੌਰ ਉੱਤੇ ਦੋ ਏਕੜ ਵਿੱਚ ਇੰਨੇ ਕਿੰਨੂ ਦੇ ਰੁੱਖ ਲੱਗ ਨਹੀਂ ਸਕਦੇ। ਰਾਜਿੰਦਰ ਪੁੱਤਰ ਦਵਾਰਕਾ ਪ੍ਰਸਾਦ ਦੀ ਢਾਣੀ ਐਕਸਪ੍ਰੈਸ ਵੇਅ ਵਿੱਚ ਆ ਗਈ ਅਤੇ ਨੈਸ਼ਨਲ ਹਾਈਵੇ ਅਥਾਰਟੀ (ਐਨ ਐਚ ਏ ਆਈ) ਨੇਉਸ ਦਾ ਸਰਕਾਰੀ ਰਸਤਾ ਵੀ ਐਕੁਆਇਰ ਕਰ ਲਿਆ, ਉਸ ਕੋਲ ਰਿਸ਼ਵਤ ਦੇਣ ਲਈ ਪੈਸੇ ਨਾ ਹੋਣ ਕਾਰਨ ਦੋ ਸਾਲ ਧੱਕੇ ਖਾਣ ਪਿੱਛੋਂ ਮੁਆਵਜ਼ੇ ਵਜੋਂ ਸਿਰਫ ਦੋ ਲੱਖ ਰੁਪਏ ਹੀ ਦਿੱਤੇ ਗਏ। ਇਸ ਦੇ ਬਾਅਦ ਜ਼ਿਲ੍ਹਾ ਰੈਵੇਨਿਊ ਅਧਿਕਾਰੀ ਨੂੰ ਉਹ ਪੈਸੇ ਨੂੰ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਾਉਣ ਲਈ ਨੋਟਿਸ ਭੇਜਿਆ ਹੈ। ਇੱਕ ਹੋਰ ਕਿਸਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਬਣਦਾ ਐਵਾਰਡ ਨਹੀਂ ਮਿਲਿਆ। ਇਸ ਦੇ ਉਲਟ ਪ੍ਰਸ਼ਾਸਨ ਨੇ ਉਨ੍ਹਾਂ ਤੋਂ ਪੈਸੇ ਵਾਪਸ ਮੰਗ ਲਏ ਹਨ, ਜਿਸ ਦਾ ਉਹ ਆਪਣੇ ਵਕੀਲ ਰਾਹੀਂ ਜਵਾਬ ਦੇਣਗੇ।

ਸ਼ਿਕਾਇਤਕਰਤਾ ਰਾਜੇਸ਼ ਬਿਸ਼ਨੋਈ, ਰਾਜਿੰਦਰ ਕੁਮਾਰ ਵਾਸੀ ਚੌਟਾਲਾ ਅਤੇ ਦਇਆ ਰਾਮ ਉਲਾਣੀਆ ਨੇ ਦੋਸ਼ ਲਾਇਆ ਕਿ ਭਾਰਤਮਾਲਾ ਪ੍ਰੋਜੈਕਟ ਤੋਂ ਕਰੀਬ ਦੋ ਸੌ ਫੁੱਟ ਦੂਰ ਇੱਕ ਕਿਸਾਨ ਦੀ ਜ਼ਮੀਨ ਐਕੁਆਇਰ ਨਹੀਂ ਹੋਈ, ਪਰ ਉਸ ਨੂੰ ਕਰੀਬ ਅੱਠ ਲੱਖ ਰੁਪਏ ਦਾ ਉਸਾਰੀ ਐਵਾਰਡ ਮਿਲ ਗਿਆ। ਕਿਸਾਨ ਆਗੂ ਦਇਆ ਰਾਮ ਉਲਾਣੀਆਂ, ਰਾਕੇਸ਼ ਫਗੋੜੀਆ, ਅਨਿਲ ਸਰੇਲੀਆ, ਰਾਜੇਸ਼ ਬਿਸ਼ਨੋਈ, ਰਾਜਿੰਦਰ ਸ਼ਰਮਾ ਅਤੇ ਹੋਰਨਾਂ ਨੇ ਦੱਸਿਆ ਕਿ ਨੌਂ ਪਿੰਡਾਂ ਦੇ ਕਿਸਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਮਿਲ ਕੇ ਉਸਾਰੀ ਐਵਾਰਡ ਵਿੱਚ ਹੋਏ ਕਰੋੜਾਂ ਦੇ ਘਪਲੇ ਦੀ ਜਾਂਚ ਮੰਗਣਗੇ।

5 ਜੀ ਸਪੈਕਟਰਮ ਦੀ ਨਿਲਾਮੀ ਨੂੰ ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰੀ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਵਿੱਚ ਪੰਜਵੀਂ ਪੀੜ੍ਹੀ ਦੀਆਂ ਟੈਲੀਕਾਮ ਸੇਵਾਵਾਂ ਸ਼ੁਰੂ ਕਰਨ ਲਈ ਅਹਿਮ ਫ਼ੈਸਲਾ ਲਿਆ ਹੈ। ਮੋਦੀ ਕੈਬਨਿਟ ਨੇ 5ਜੀ ਸਪੈਕਟਰਮ ਦੀ ਨਿਲਾਮੀ ਨੂੰ ਮਨਜ਼ੂਰੀ ਦੇ ਦਿੱਤੀ ਹੈ।ਮਾਹਰਾਂ ਮੁਤਾਬਕ ਜੇ ਸਭ ਕੁਝ ਠੀਕ ਰਿਹਾ ਤਾਂ ਇਸ ਸਾਲ ਦੀਵਾਲੀ ਤਕ ਦੇਸ਼ ਵਾਸੀਆਂ ਨੂੰ 5ਜੀ ਟੈਲੀਕਾਮ ਸੇਵਾਵਾਂ ਦਾ ਤੋਹਫ਼ਾ ਮਿਲ ਸਕਦਾ ਹੈ। ਇਨ੍ਹਾਂ ਸੇਵਾਵਾਂ ਨੂੰ 20 ਸਾਲਾਂ ਤਕ ਚਲਾਉਣ ਲਈ ਸਰਕਾਰ ਜੁਲਾਈ ਦੇ ਅੰਤ ਤਕ ਕੁਲ 72097.85 ਮੈਗਾਹਰਟਜ਼ ਸਪੈਕਟਰਮ ਦੀ ਨਿਲਾਮੀ ਕਰੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੱਲ੍ਹ ਹੋਈ ਮੰਤਰੀ ਮੰਡਲ ਦੀ ਬੈਠਕ ਵਿੱਚਟੈਲੀਕਾਮ ਵਿਭਾਗ ਦੇ ਸਪੈਕਟਰਮ ਨਿਲਾਮੀ ਨੂੰ ਮਨਜ਼ੂਰੀ ਦਿੱਤੀ ਗਈ। ਨਿਲਾਮੀ ਵਿੱਚ ਸਫ਼ਲ ਬੋਲੀਕਾਰਾਂ ਨੂੰ ਦੇਸ਼ ਦੇ ਲੋਕਾਂ ਤੇ ਕੰਪਨੀਆਂ ਨੂੰ 5ਜੀ ਟੈਲੀਕਾਮ ਸੇਵਾਵਾਂ ਦੇਣ ਲਈ ਲਾਇਸੰਸੀ ਸਪੈਕਟਰਮ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 5ਜੀ ਸਪੈਕਟਰਮ ਦੀ ਨਿਲਾਮੀ ਨੂੰ ਮਨਜ਼ੂਰੀ ਦਿੱਤੀ ਸੀ। ਦੇਸ਼ ਦੀਆਂ ਟੈਲੀਕਾਮ ਕੰਪਨੀਆਂ ਲੰਮੇ ਸਮੇਂ ਤੋਂ 5ਜੀ ਸਪੈਕਟਰਮ ਦੀ ਨਿਲਾਮੀ ਦੀ ਉਡੀਕ ਕਰ ਰਹੀਆਂ ਹਨ। ਨਿਲਾਮੀ ਤੋਂ ਪੰਜ ਲੱਖ ਕਰੋੜ ਰੁਪਏ ਮਿਲਣ ਦੀ ਆਸ ਨਾਲ ਦੇਸ਼ ਵਿੱਚ ਨਵੀਂ ਟੈਲੀਕਾਮ ਕ੍ਰਾਂਤੀ ਸ਼ੁਰੂ ਹੋਈ ਹੈ। ਟੈਲੀਕਾਮ ਮੰਤਰਾਲਾ ਇਸ ਹਫ਼ਤੇ ਇੱਛੁਕ ਟੈਲੀਕਾਮ ਕੰਪਨੀਆਂ ਤੋਂ ਅਰਜ਼ੀਆਂ ਮੰਗੇਗਾ। ਇਸਦੀ ਪ੍ਰਕਿਰਿਆ ਜੁਲਾਈ ਦੇ ਅੰਤ ਤਕ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਲਈ ਸਪੈਕਟਟਰਮ ਦੀ ਕੁਲ ਲਾਗਤ ਪੰਜ ਲੱਖ ਕਰੋੜ ਰੁਪਏ ਰੱਖੀ ਗਈ ਹੈ ਅਤੇ ਇਸ ਵਿੱਚ ਸਰਕਾਰ 9 ਸਪੈਕਟਰਮਾਂ ਦੀ ਨਿਲਾਮੀ ਕਰੇਗੀ। ਇਹ ਨਿਲਾਮੀ 20 ਸਾਲਾਂ ਲਈ ਹੋਵੇਗੀ।ਇਸ ਨਿਲਾਮੀ ਵਿੱਚ ਟੈਲੀਕਾਮ ਕੰਪਨੀਆਂ 600 ਤੋਂ 1800 ਮੈਗਾਹਰਟਜ਼ ਬੈਂਡ ਅਤੇ 2100, 2300, 2500 ਮੈਗਾਹਰਟਜ਼ ਬੈਂਡ ਦੀ ਨਿਲਾਮੀ ਲਈ ਅਪਲਾਈ ਕਰਨਗੀਆਂ।

ਚੀਨ ਨੇ ਚੰਦ ਉਤੇ ਪਾਣੀ ਦਾ ਸਰੋਤ ਜਾ ਲੱਭਿਆ

ਬੀਜਿੰਗ, 16 ਜੂਨ (ਪੋਸਟ ਬਿਊਰੋ)- ਚੀਨ ਨੇ ਲੂਨਰ ਲੈਂਡਰ ਚਾਂਗਈ-5 ਨੇ ਚੰਦ ਦੀ ਸਤ੍ਹਾ ਉੱਤੇ ਪਾਣੀ ਦੇ ਸਰੋਤ ਦਾ ਪਤਾ ਲਾਇਆ ਹੈ। ਇਸ ਤੋਂ ਪਹਿਲਾਂ ਉਸ ਨੇ ਚੰਦ ਉੱਤੇ ਪਾਣੀ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਸੀ। ਸਾਲ 2020 ਵਿੱਚ ਚਾਂਗਈ-5 ਨੇ 11 ਬੇਸਾਲਟ ਚਟਾਨਾਂ ਤੇ ਮਿੱਟੀ ਵਿੱਚ ਪਾਣੀ ਦੀਆਂ ਤਰੰਗਾਂ ਦੀ ਪੁਸ਼ਟੀ ਕੀਤੀ ਸੀ। ਸਾਲ 2021 ਵਿੱਚ ਪ੍ਰਯੋਗਸ਼ਾਲਾ ਵਿੱਚ ਵਿਸ਼ਲੇਸ਼ਣ ਦੌਰਾਨ ਚੰਦ ਉੱਤੇ ਪਾਣੀ ਦੀ ਮੌਜੂਦਗੀ ਦਾ ਪਤਾ ਲੱਗਾ ਸੀ। ਇਸੇ ਸਾਲ ਲੈਂਡਰ ਆਪਣੇ ਨਾਲ ਚੰਦ ਤੋਂ ਅੱਠ ਨਮੂਨੇ ਲੈ ਕੇ ਪ੍ਰਿਥਵੀ ਉੱਤੇ ਮੁੜਿਆ ਸੀ। ਅੱਗੋਂ ਚਾਂਗਈ-5 ਦੀ ਟੀਮ ਨੇ ਪਾਣੀ ਦੇ ਸਰੋਤਾਂ ਦਾ ਪਤਾ ਲਾ ਲਿਆ ਹੈ। ਖੋਜ ਨਤੀਜਾ ਨੇਚ ਕਮਿਊਨੀਕੇਸ਼ਨ ਨਾਂਅ ਦੀ ਮੈਗਜ਼ੀਨ ਵਿੱਚ ਛਪਿਆ ਹੈ।ਚਾਈਨੀਜ਼ ਅਕੈਡਮੀ ਆਫ ਸਾਇੰਸ ਦੀ ਨੈਸ਼ਨਲ ਐਸਟ੍ਰੋਨਾਮੀਕਲ ਆਬਜਰਵੇਰੀਜ਼ (ਐਨ ਏ ਓ ਸੀ) ਦੇ ਅਨੁਸਾਰ ਦੁਨੀਆ ਵਿੱਚ ਪਹਿਲੀ ਵਾਰ ਚੰਦ ਤੋਂ ਲਿਆਂਦੇ ਨਮੂਨਿਆਂ ਤੇ ਸਪੈਕਟ੍ਰਲ ਅੰਕੜਿਆਂ ਦੀ ਸਾਂਝੀ ਜਾਂਚ ਕੀਤੀ ਗਈ ਹੈ, ਤਾਂ ਕਿ ਪਾਣੀ ਦੀ ਹੋਂਦ, ਸਰੂਪ ਤੇ ਮਾਤਰਾ ਦਾ ਪਤਾ ਲਾਇਆ ਜਾ ਸਕੇ। ਇਸ ਵਿੱਚ ਚਾਂਗਈ-5 ਦੇ ਲੈਂਡਿੰਗ ਜ਼ੋਨ ਵਿੱਚ ਪਾਣੀ ਦੇ ਸਰੋਤਾਂ ਤੇ ਉਸ ਦੇ ਵਿਤਰਣ ਦੀਆਂ ਵਿਸ਼ੇਸ਼ਤਾਵਾਂ ਦਾ ਸਹੀ ਤਰ੍ਹਾਂ ਪਤਾ ਲੱਗਦਾ ਹੈ। ਇਹ ਰਿਮੋਟ ਸੈਂਸਿੰਗ ਸਰਵੇਖਣ ਵਿੱਚ ਮਿਲੇ ਪਾਣੀ ਦੇ ਸੰਕੇਤਾਂ ਨੂੰ ਠੋਸ ਆਧਾਰ ਪੇਸ਼ ਕਰਦਾ ਹੈ।ਚਾਂਗਈ-5 ਚੰਦ ਉੱਤੇ ਨਦੀ ਜਾਂ ਝਰਨੇ ਦਾ ਨਿਰੀਖਣ ਨਹੀਂ ਕਰਦਾ, ਬਲਕਿ ਉਹ ਚੰਦ ਦੀ ਸਤ੍ਹਾ ਉੱਤੇ ਉਪਲਬਧ ਚੱਟਾਨਾਂ ਅਤੇ ਮਿੱਟੀ ਪ੍ਰਤੀ 10 ਲੱਖ ਹਿੱਸੇ ਤੇ 30 ਹਾਈਡ੍ਰੋਕਸਾਈਲ (ਰਾਸਾਇਣਕ ਸਮੂਹ) ਦੀ ਪਛਾਣ ਕਰਦਾ ਹੈ। ਨਮੂਨੇ ਉਸ ਸਮੇਂ ਲਏ ਗਏ ਸਨ, ਜਦ ਚੰਦ ਉੱਤੇ ਦਿਨ ਦਾ ਤਾਪਮਾਨ 200 ਡਿਗਰੀ ਫਾਰੇਨਹਾਈਟ ਸੀ। ਯਾਨੀ ਚੰਦ ਦੀ ਸਤ੍ਹਾ ਸਭ ਤੋਂ ਜ਼ਿਆਦਾ ਸੁੱਕੀ ਹੋਵੇਗੀ।

ਖੇਤੀ ਐਕਸਪੋਰਟ ਵਿੱਚ ਭਾਰਤ ਦਾ ਗਲਬਾ ਵਧਿਆ ਦੇਖ ਕੇ ਵਿਕਸਿਤ ਦੇਸ਼ ਲਾਮਬੰਦ

ਜਨੇਵਾ, 16 ਜੂਨ (ਪੋਸਟ ਬਿਊਰੋ)- ਖੇਤੀ ਉਪਜ ਦੀ ਐਕਸਪੋਰਟ ਦੇ ਖੇਤਰ ਵਿੱਚ ਭਾਰਤ ਦਾ ਵਧਦਾ ਗਲਬਾ ਵਿਕਸਿਤ ਦੇਸ਼ ਸਹਿਣ ਨਹੀਂ ਕਰ ਰਹੇ। ਉਨ੍ਹਾਂ ਨੂੰ ਇਸ ਗੱਲ ਦਾ ਡਰ ਸਤਾ ਰਿਹਾ ਹੈ ਕਿ ਇਸ ਨਾਲ ਸੰਸਾਰ ਪੱਧਰ ਉੱਤੇ ਅੰਨ ਦੀ ਸਪਲਾਈ ਵਧ ਜਾਵੇਗੀ ਤੇ ਕੁਝ ਦੇਸ਼ਾਂ ਦੀਆਂ ਕੰਪਨੀਆਂ ਮਨਮਰਜ਼ੀ ਨਾਲ ਅੰਨ ਦੀ ਕੀਮਤ ਨਹੀਂ ਵਸੂਲ ਸਕਣਗੀਆਂ। ਇਹੀ ਵਜ੍ਹਾ ਹੈ ਕਿ ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ) ਦੇ ਮੰਤਰੀ ਪੱਧਰੀ ਸੰਮੇਲਨ ਵਿੱਚ ਭਾਰਤ ਵੱਲੋਂ ਗੌਰਮਿੰਟ ਟੂ ਗੌਰਮਿੰਟ ਪੱਧਰ ਉੱਤੇ ਅੰਨ ਭੰਡਾਰ ਦੀ ਰਜ਼ਾਮੰਦੀ ਨਹੀਂ ਬਣ ਸਕੀ। ਭਾਰਤ ਨੇ ਸਰਕਾਰੀ ਭੰਡਾਰ ਵਿੱਚੋਂ ਗੌਰਮਿੰਟ ਟੂ ਗੌਰਮਿੰਟ ਐਕਸਪੋਰਟ ਕਰਨ ਦੀ ਇਜਾਜ਼ਤ ਦੇਣ ਦਾ ਮਤਾ ਰੱਖਿਆ ਸੀ।

ਡਬਲਯੂ ਟੀ ਓ ਦੀ ਬੈਠਕ ਵਿੱਚ ਹਿੱਸਾ ਲੈਣ ਆਏ ਮਾਹਰਾਂ ਮੁਤਾਬਕ ਸੰਸਾਰ ਪੱਧਰ ਉੱਤੇ ਖੁਰਾਕੀ ਉਤਪਾਦਾਂ ਦੀ ਐਕਸਪੋਰਟ ਵਿੱਚ ਭਾਰਤ ਦੀ

ਹਿੱਸੇਦਾਰੀ ਵਧ ਰਹੀ ਹੈ, ਜੋ ਅੰਨ ਭੰਡਾਰ ਦੇ ਕਾਰੋਬਾਰ ਦਾ ਭਾਰੀ ਮੁਨਾਫਾ ਕਮਾਉਣ ਵਾਲੇ ਦੇਸ਼ਾਂ ਦੀਆਂ ਕੰਪਨੀਆਂ ਨੂੰ ਰਾਸ ਨਹੀਂ ਆ ਰਿਹਾ। ਪਿਛਲੇ ਤਿੰਨ-ਚਾਰ ਸਾਲਾਂ ਵਿੱਚ ਭਾਰਤੀ ਚਾਵਲ, ਖੰਡ ਤੇ ਕਣਕ ਵਰਗੇ ਖੁਰਾਕੀ ਪਦਾਰਥਾਂ ਦੀ ਐਕਸਪੋਰਟ ਵਿੱਚ ਵਾਧਾ ਹੋਇਆ ਹੈ।ਯੂ ਐੱਨ ਦੇ ਖੇਤੀ ਵਿਭਾਗ ਦੇ ਅੰਕੜਿਆਂ ਮੁਤਾਬਕ ਸਾਲ 2018-19 ਵਿੱਚ ਚਾਵਲ ਦੀ ਸੰਸਾਰਐਕਸਪੋਰਟ ਵਿੱਚ ਭਾਰਤ ਦਾ ਹਿੱਸਾ 22 ਫੀਸਦੀ ਸੀ ਜਿਹੜਾ ਸਾਲ 2021-22 ਵਿੱਚ ਚਾਲੀ ਫੀਸਦੀ ਹੋ ਗਿਆ। ਸਾਲ 2019-20 ਵਿੱਚ ਸੰਸਾਰ ਪੱਧਰ ਉੱਤੇ ਕਣਕ ਦੀ ਐਕਸਪੋਰਟ ਵਿੱਚ ਭਾਰਤ ਦਾ ਹਿੱਸਾ 0.3 ਫੀਸਦੀ ਪਿਛਲੇ ਸਾਲ ਵਿੱਚ ਪੰਜ ਫੀਸਦੀ ਤਕ ਪੁੱਜ ਗਿਆ। ਸੰਸਾਰ ਪੱਧਰ ਉੱਤੇ ਖੰਡ ਦੀ ਐਕਸਪੋਰਟ ਵਿੱਚ ਭਾਰਤ ਦਾ ਹਿੱਸਾ 11 ਫੀਸਦੀ ਤਕ ਪੁੱਜ ਚੁੱਕਾ ਹੈ ਜਿਹੜਾ ਵਿੱਤੀ ਸਾਲ 2017-18 ਵਿੱਚ ਸਿਰਫ 3.4 ਫੀਸਦੀ ਸੀ।

ਭਾਰਤ ਦੇ ਵਧਦੇ ਖੁਰਾਕੀ ਪਦਾਰਥਾਂ ਦੀ ਐਕਸਪੋਰਟ ਕਾਰਨ ਸਾਲ 2019 ਵਿੱਚ ਆਸਟਰੇਲੀਆ, ਬਰਾਜ਼ੀਲ ਤੇ ਗੁਆਟੇਮਾਲਾ ਨੇ ਡਬਲਯੂ ਟੀ ਓ ਵਿੱਚ ਇਸ ਦੀ ਸ਼ਿਕਾਇਤ ਕੀਤੀ ਸੀ ਕਿ ਭਾਰਤ ਖੁਰਾਕੀ ਪਦਾਰਥਾਂ ਦੀ ਐਕਸਪੋਰਟ ਵਧਾਉਣ ਲਈ ਆਪਣੇ ਕਿਸਾਨਾਂ ਨੂੰ ਵੱਧ ਸਬਸਿਡੀ ਦੇਂਦਾ ਹੈ ਤੇ ਭਾਰਤ ਡਬਲਯੂ ਟੀ ਓ ਦੀ ਐਕਸਪੋਰਟਦੇ ਸਬਸਿਡੀ ਨਿਯਮ ਖਿਲਾਫ ਜਾ ਕੇ ਕੰਮ ਕਰਦਾ ਹੈ। ਓਦੋਂ ਅਮਰੀਕਾ ਨੇ ਵੀ ਭਾਰਤ ਤੋਂ ਪੁੱਛਿਆ ਸੀ ਕਿ ਭਾਰਤ ਸਰਕਾਰੀ ਭੰਡਾਰ ਵਿੱਚੋਂ ਤਾਂ ਐਕਸਪੋਰਟ ਨਹੀਂ ਕਰ ਰਿਹਾ। ਸੰਮੇਲਨ ਵਿੱਚ ਹਿੱਸਾ ਲੈਣ ਆਏ ਅਧਿਕਾਰੀਆਂ ਮੁਤਾਬਕ ਦੁਨੀਆ ਦੇ ਕੁਝ ਦੇਸ਼ਾਂ ਦੀਆਂ ਕੰਪਨੀਆਂ ਆਲਮੀ ਪੱਧਰ ਉੱਤੇ ਅੰਨ ਭੰਡਾਰ ਦੇ ਸੰਕਟ ਨੂੰ ਖਤਮ ਨਹੀਂ ਹੋਣ ਦੇਣਾ ਚਾਹੁੰਦੀ।

ਪੈਗੰਬਰ ਮੁਹੰਮਦ ਬਾਰੇ ਟਿੱਪਣੀਆਂ ਦਾ ਮਾਮਲਾ:

ਯੂ ਐਨ ਵੱਲੋਂ ਭਾਰਤ ਵਿੱਚ ਹਿੰਸਾ ਰੋਕਣ ਦੀ ਅਪੀਲ

ਯੂ ਐੱਨ ਓ, 16 ਜੂਨ (ਪੋਸਟ ਬਿਊਰੋ)- ਯੂ ਐੱਨ ਦੇ ਸੈਕਟਰੀ ਜਨਰਲ ਅੰਤੋਨੀਓ ਗੁਟੇਰੇਜ਼ ਦੇ ਤਰਜਮਾਨ ਨੇ ਪੈਗੰਬਰ ਮੁਹੰਮਦ ਬਾਰੇ ਇਤਰਾਜ਼ਯੋਗ ਟਿੱਪਣੀਆਂ ਤੋਂ ਬਾਅਦ ਭਾਰਤ ਵਿੱਚ ਜਾਰੀ ਵਿਰੋਧ ਪ੍ਰਦਰਸ਼ਨਾਂਕਾਰਨ ਹਰ ਤਰ੍ਹਾਂ ਦੀ ਹਿੰਸਾ ਰੋਕਣ ਦੀ ਅਪੀਲ ਕੀਤੀ ਹੈ। ਯੂ ਐੱਨ ਦੇ ਮੁਖੀ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਇੱਕ ਮੀਡੀਆ ਸੰਮੇਲਨ ਵਿੱਚ ਕਿਹਾ ਕਿ ਗੁਟੇਰੇਜ਼ ਨੇ ਧਰਮ ਦੇ ਸੰਪੂਰਨ ਸਨਮਾਨ ਦੀ ਗੱਲ ਕੀਤੀ ਹੈ।

ਪੈਗੰਬਰ ਮੁਹੰਮਦ ਬਾਰੇ ਇਤਰਾਜ਼ਯੋਗ ਟਿੱਪਣੀਆਂ ਮਗਰੋਂ ਭਾਰਤ ਵਿੱਚ ਹੋਈ ਹਿੰਸਾ ਬਾਰੇ ਯੂ ਐੱਨ ਦੇ ਸਟੈਂਡ ਬਾਰੇ ਪੁੱਛੇ ਜਾਣ ਉੱਤੇ ਦੁਜਾਰਿਕ ਨੇ ਕਿਹਾ, ''ਸਾਡਾ ਰੁਖ਼ ਧਰਮ ਦੇ ਸੰਪੂਰਨ ਆਦਰ ਦੀ ਗੱਲ ਕਰਦਾ ਹੈ, ਇਹ ਕਿਸੇ ਵੀ ਤਰ੍ਹਾਂ ਦੇ ਨਫਰਤੀ ਭਾਸ਼ਣ ਤੇ ਭੜਕਾਊ ਬਿਆਨਬਾਜ਼ੀ ਦੇ ਖਿਲਾਫ ਹੈ, ਕਿਸੇ ਵੀ ਤਰ੍ਹਾਂ ਦੀ ਹਿੰਸਾ, ਖਾਸ ਕਰ ਕੇ ਧਾਰਮਿਕ ਵਖਰੇਵਿਆਂ ਅਤੇ ਨਫਰਤ ਉਤੇ ਆਧਾਰਤ ਹਿੰਸਾ ਨੂੰ ਰੋਕਣ ਦਾ ਪੱਖ ਪੂਰਦਾ ਹੈ।''

ਵਰਨਣ ਯੋਗ ਹੈ ਕਿ ਭਾਜਪਾ ਨੇ ਪੈਗੰਬਰ ਮੁਹੰਮਦ ਬਾਰੇ ਇਤਰਾਜ਼ਯੋਗ ਟਿੱਪਣੀਆਂ ਕਰਨ ਲਈ ਪੰਜ ਜੂਨ ਨੂੰ ਆਪਣੀ ਕੌਮੀ ਤਰਜਮਾਨ ਨੂਪੁਰ ਸ਼ਰਮਾ ਨੂੰ ਸਸਪੈਂਡ ਕਰ ਦਿੱਤਾ ਅਤੇ ਦਿੱਲੀ ਭਾਜਪਾ ਦੀ ਮੀਡੀਆ ਇਕਾਈ ਦੇ ਮੁਖੀ ਨਵੀਨ ਕੁਮਾਰ ਨੂੰ ਪਾਰਟੀ ਤੋਂ ਕੱਢ ਦਿੱਤਾ ਸੀ। ਇਨ੍ਹਾਂ ਟਿੱਪਣੀਆਂ ਖਿਲਾਫ ਮੁਸਲਿਮ ਸੰਗਠਨਾਂ ਵੱਲੋਂ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਭਾਜਪਾ ਨੇ ਬਿਆਨ ਜਾਰੀ ਕਰ ਕੇ ਘੱਟਗਿਣਤੀਆਂ ਦੀਆਂ ਚਿੰਤਾਵਾਂ ਦੂਰ ਕਰਨ ਦਾ ਯਤਨ ਕੀਤਾ ਹੈ ਤੇ ਖੁਦ ਨੂੰ ਬੁਲਾਰਿਆਂ ਦੀਆਂ ਟਿੱਪਣੀਆਂ ਤੋਂ ਵੱਖ ਕਰ ਲਿਆ ਹੈ। ਭਾਜਪਾ ਨੇ ਕਿਹਾ ਕਿ ਪਾਰਟੀ ਸਾਰੇ ਧਰਮਾਂ ਦਾ ਸਨਮਾਨ ਕਰਦੀ ਹੈ ਤੇ ਕਿਸੇ ਵੀ ਧਾਰਮਿਕ ਸ਼ਖਸੀਅਤ ਦੇ ਨਿਰਾਦਰ ਦੀ ਸਖਤੀ ਨਾਲ ਨਿੰਦਾ ਕਰਦੀ ਹੈ। ਵਿਦੇਸ਼ ਮੰਤਰਾਲੇ ਨੇ ਵੀ ਬਿਆਨ ਜਾਰੀ ਕੀਤਾ ਹੈ ਕਿ ਭਾਰਤ ਸਾਰੇ ਧਰਮਾਂ ਦਾ ਦਿਲੋਂ ਸਨਮਾਨ ਕਰਦਾ ਹੈ।

ਉਤਰੀ ਕੋਰੀਆ ਵੱਲੋਂ ਫਾਇਰਿੰਗ ਵੇਲੇ ਦੱਖਣੀ ਕੋਰੀਅਨ ਰਾਸ਼ਟਰਪਤੀ ਫਿਲਮ ਦੇਖਣ ਵਿੱਚ ਮਸਤ

ਸਿਓਲ, 16 ਜੂਨ (ਪੋਸਟ ਬਿਊਰੋ)- ਉਤਰੀ ਕੋਰੀਆ ਵੱਲੋਂ ਕੱਲ੍ਹ ਸਵੇਰੇ ਰਾਕੇਟ ਲਾਂਚਰ ਨਾਲ ਗੋਲੀਆਂ ਚਲਾਈਆਂ ਗਈਆਂ। ਉਤਰ ਕੋਰੀਆ ਦੀ ਇਸ ਹਰਕਤ ਦੇ ਕੁਝ ਘੰਟੇ ਬਾਅਦ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂੰ ਸੁਕ-ਯੋਲ ਅਤੇ ਫਸਟ ਲੇਡੀ ਕਿਮ ਕੇਓਨ-ਹੀ ਨੇ ਰਾਜਧਾਨੀ ਸਿਓਲ ਦੇਇਕ ਥੀਏਟਰ ਵਿੱਚ ਕਾਨ ਪੁਰਸਕਾਰ ਜੇਤੂ ਫਿਲਮ 'ਬ੍ਰੋਕਰ' ਦੇਖੀ। ਗੋਲੀਬਾਰੀ ਦੇ ਦਿਨ ਰਾਸ਼ਟਰਪਤੀ ਦੇ ਫਿਲਮ ਦੇਖਣਤੋਂ ਦੱਖਣੀ ਕੋਰੀਆ ਵਿੱਚ ਹੰਗਾਮਾ ਹੋ ਗਿਆ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਰਾਸ਼ਰਪਤੀ ਲਈ ਅਜਿਹੇ ਸਮੇਂ ਵਿੱਚ ਫਿਲਮ ਦੇਖਣਾ ਠੀਕ ਨਹੀਂ ਮੰਨਿਆ ਜਾਵੇਗਾ, ਜਦੋਂ ਉਤਰੀ ਕੋਰੀਆ ਨੇ ਕੁਝ ਘੰਟੇ ਪਹਿਲਾਂ ਗੋਲੀਆਂ ਚਲਾਈਆਂ ਸਨ। ਹੰਗਾਮੇ ਨੂੰ ਠੰਢਾ ਕਰਨ ਲਈ ਰਾਸ਼ਟਰਪਤੀ ਨੂੰ ਸਪੱਸ਼ਟੀਕਰਨ ਦੇਣਾ ਪਿਆ।ਕੱਲ੍ਹ ਆਪਣੇ ਦਫ਼ਤਰ ਪੁੱਜੇ ਰਾਸ਼ਟਰਪਤੀ ਸੁਕ-ਯੋਲ ਨੇ ਕਿਹਾ ਕਿ ਉਨ੍ਹਾਂ ਨੇ ਫਸਟ ਲੇਡੀ ਨਾਲ ਫਿਲਮ ਦੇਖ ਕੇ ਕੁਝ ਗਲਤ ਨਹੀਂ ਕੀਤਾ। ਉਤਰ ਕੋਰੀਆ ਦੀ ਗੋਲੀਬਾਰੀ ਬਾਰੇ ਸਾਡੀ ਸਰਕਾਰ ਨੇ ਉਹੀ ਕਦਮ ਚੁੱਕਿਆ, ਜਿਸਦੀ ਲੋੜ ਸੀ। ਕੱਲ੍ਹ ਸਵੇਰੇ 8.07 ਵਜੇ ਤੋਂ 11.03 ਦਰਮਿਆਨ ਗੋਲੀਬਾਰੀ ਦਾ ਪਤਾ ਲੱਗਾ ਸੀ।

ਅਮਰੀਕਾ ਵਿੱਚ ਗਰਭਪਾਤ ਦੇ ਮਾਮਲੇ ਪਹਿਲਾਂ ਤੋਂ ਵਧੇ

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਗਰਭਪਾਤ ਕਰਾਉਣ ਦੇ ਕੇਸਾਂ ਦਾ ਵਾਧਾ ਹੋਇਆ ਹੈ। ਲੰਬੇ ਸਮੇਂ ਤਕ ਕੇਸ ਘੱਟ ਹੋਣ ਦੇ ਬਾਅਦ ਗਰਭਪਾਤ ਦੇ ਕੇਸਾਂ ਦੀ ਗਿਣਤੀ ਵਿੱਚ 2017 ਦੀ ਤੁਲਨਾ ਵਿੱਚ 2020 ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਕੱਲ੍ਹ ਜਾਰੀ ਆਧਿਕਾਰਤ ਅੰਕੜਿਆਂ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ।

ਗਰਭਪਾਤ ਦੇ ਅਧਿਕਾਰਾਂ ਦਾ ਸਮਰਥਨ ਕਰਦੇ ਇੱਕ ਖੋਜ ਗਰੁੱਪ, 'ਗੁਟੂਮਾਕਰ ਇੰਸਟੀਚਿਊਟ' ਦੀ ਰਿਪੋਰਟ ਅਨੁਸਾਰ 2020 ਵਿੱਚ ਅਮਰੀਕਾ ਵਿੱਚ 9,30,000 ਤੋਂ ਵੱਧ ਗਰਭਪਾਤ ਦੇ ਕੇਸ ਪਤਾ ਲੱਗੇ ਹਨ, ਜਦਕਿ ਇਹ ਅੰਕੜਾ 2017 ਵਿੱਚ ਕਰੀਬ 8,62,000 ਸੀ। ਸਾਲ 2017 ਵਿੱਚ ਰਾਸ਼ਟਰੀ ਪੱਧਰ ਉੱਤੇ ਗਰਭਪਾਤ ਦੇ ਅੰਕੜੇ 1973 ਦੇ ਅਮਰੀਕੀ ਉਚ ਅਦਾਲਤ ਦੇ ਫੈਸਲੇ ਦੇ ਬਾਅਦ ਸਭ ਤੋਂ ਘੱਟ ਸਨ।ਅਦਾਲਤ ਨੇ 1973 ਦੇ ਆਪਣੇ ਫੈਸਲੇ ਵਿੱਚ ਦੇਸ਼ ਭਰ ਵਿੱਚ ਗਰਭਪਾਤ ਦੀ ਪ੍ਰਕਿਰਿਆ ਨੂੰ ਜਾਇਜ਼ ਬਣਾ ਦਿੱਤਾ ਸੀ। ਰਿਪੋਰਟ ਅਨੁਸਾਰ 2020 ਵਿੱਚ ਹਰ ਪੰਜ ਗਰਭਵਤੀ ਔਰਤਾਂ ਵਿੱਚੋਂ ਇੱਕ ਨੇ ਗਰਭਪਾਤ ਕਰਾਇਆ। ਇਹ ਅੰਕੜੇ ਓਦੋਂ ਵਧ ਰਹੇ ਹਨ, ਜਦੋਂ ਹਾਈ ਕੋਰਟ 1973 ਦੇ ਫੈਸਲੇ ਨੂੰ ਪਲਟਣ ਦੀ ਤਿਆਰੀ ਵਿੱਚ ਹੈ। ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੇ ਸਿਹਤ ਕਾਨੂੰਨ ਅਤੇ ਨੀਤੀ ਦੀ ਪ੍ਰੋਫੈਸਰ ਸਾਰਾ ਰੋਸੇਨਬਾਮ ਨੇ ਕਿਹਾ ਕਿ ਗਰਭਪਾਤ ਕਰਾਉਣ ਵਾਲੀਆਂ ਔਰਤਾਂ ਦੀ ਗਿਣਤੀ ਇੱਕ ਲੋੜ ਨੂੰ ਦਰਸਾਉਂਦੀ ਹੈ ਅਤੇ 'ਇਸ ਗੱਲ ਉਤੇ ਧਿਆਨ ਕੇਂਦਰਤ ਕਰਦੀ ਹੈ ਕਿ ਅਦਾਲਤ ਦਾ ਫੈਸਲਾ ਇੱਕ ਹੋਰ ਮਹਤੱਵਪੂਰਨ ਨੁਕਤੇ ਵੱਲ ਪਹੁੰਚ ਕੇ ਕਿੰਨਾ ਮਾਰੂ ਹੋ ਸਕਦਾ ਹੈ।' ਗੁਟੂਮਾਕਰ ਇੰਸਟੀਚਿਊਟ ਦੇ ਅਨੁਸਾਰ 2020 ਵਿੱਚ ਮਿਲੇ ਕੇਸਾਂ ਵਿੱਚੋਂ 54 ਫੀਸਦੀ ਔਰਤਾਂ ਨੇ ਗਰਭਪਾਤ ਦੇ ਲਈ ਦਵਾਈਆਂ ਦਾ ਸਹਾਰਾ ਲਿਆ।

ਕੋਰੋਨਾ ਵੈਕਸੀਨੇਸ਼ਨ ਵਿਰੋਧੀ ਗੁਪਤ ਸੰਗਠਨ ਵੀ ਬਣੇ ਹੋਏ ਨੇ

ਵੇਲਿੰਗਟਨ, 16 ਜੂਨ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਵੱਲੋਂ ਕੋਰੋਨਾ ਮਹਾਮਾਰੀ ਦੌਰਾਨ ਲਾਏ ਗਏ ਸਖਤ ਲਾਕਡਾਊਨ ਅਤੇ ਪਾਬੰਦੀਆਂ ਕਾਰਨ ਉਨ੍ਹਾਂ ਨੂੰ ਤਿੰਨ ਸਾਲ ਦੌਰਾਨ ਲਗਭਗ 100 ਤੋਂ ਜ਼ਿਆਦਾ ਧਮਕੀਆਂ ਮਿਲੀਆਂ ਹਨ। ਬੀਤੇ ਦਿਨੀਂ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਜ਼ਰੂਰੀ ਦਾ ਬਿਆਨ ਤੇ ਉਸ ਪਿੱਛੋਂ ਲਾਈਆਂ ਪਾਬੰਦੀਆਂ ਖਿਲਾਫ ਪਾਰਲੀਮੈਂਟ ਦੇ ਬਾਹਰ ਜੰਮ ਕੇ ਪ੍ਰਦਰਸ਼ਨ ਕਰਦੇ ਹੋਏ ਲੋਕ ਸੜਕਾਂ ਉੱਤੇ ਆ ਗਏ ਸਨ। ਇਸ ਦੇ ਬਾਅਦ ਤੋਂ ਉਨ੍ਹਾਂ ਖਿਲਾਫ ਹਿੰਸਕ ਟਿੱਪਣੀਆਂ ਪਹਿਲਾਂ ਤੋਂ ਵਧ ਗਈਆਂ ਹਨ।

ਅਧਿਕਾਰਤ ਨਿਯਮਾਂ ਦੇ ਤਹਿਤ ਜਾਰੀ ਕੀਤੇ ਗਏ ਨਵੇਂ ਡਾਟਾ ਅਨੁਸਾਰ ਪ੍ਰਧਾਨ ਮੰਤਰੀ ਜੇਸਿੰਡਾ ਨੂੰ 2019 ਵਿੱਚ 18 ਵਾਰ ਧਮਕੀਆਂ, 2020 ਵਿੱਚ 32 ਵਾਰ ਅਤੇ 2021 ਵਿੱਚ ਪੰਜਾਹ ਵਾਰ ਧਮਕੀਆਂ ਮਿਲੀਆਂ ਸਨ। ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਦੇ ਖਿਲਾਫ ਵੈਕਸੀਨੇਸ਼ਨ ਵਿਰੋਧੀ ਗਰੁੱਪਾਂ ਵੱਲੋਂ ਰੋਜ਼ਾਨਾ ਸੜਕਾਂ ਉੱਤੇ ਅਪਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜੇਸਿੰਡਾ ਦੇ ਵੈਕਸੀਨੇਸ਼ਨਵਿਰੋਧੀ ਕਈ ਗੁਪਤ ਸੰਗਠਨ ਵੀ ਬਣ ਗਏ ਹਨ। ਫਰਵਰੀ ਵਿੱਚ ਪਾਰਲੀਮੈਂਟ ਦੇ ਬਾਹਰ ਚੱਲਦੇ ਪ੍ਰਦਰਸ਼ਨ ਦੌਰਾਨ ਸੜਕ ਰੋਕ ਕੇ ਹਿੰਸਾਤਮਕ ਦੰਗਾ ਕਰਨ ਤੇ ਪੁਲਸ ਦੇ ਵਿਰੋਧ ਕਰਨ ਉੱਤੇਪਾਰਲੀਮੈਂਟ ਮੈਦਾਨ ਵਿੱਚ ਅੱਗ ਲਾਉਣ ਵਰਗੀਆਂ ਘਟਨਾਵਾਂ ਵੀ ਹੋ ਚੁੱਕੀਆਂ ਹਨ। ਓਧਰ 15 ਮਾਰਚ ਨੂੰ ਹੋਈ ਮਾਸ ਸ਼ੂਟਿੰਗ ਨੂੰ ਵੀ ਇਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਵਿੱਚ ਦੋ ਪੁਰਸ਼ਾਂ ਨੂੰ ਵਾਰ-ਵਾਰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਾਲ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਗੰਨ ਕਲਚਰ ਰੋਕਣ ਲਈ ਪਾਰਲੀਮੈਂਟ ਵਿੱਚ ਵਿਚਾਰ ਦੌਰਾਨ ਅਮਰੀਕਾ ਵਿੱਚ ਫਿਰ ਫਾਇਰਿੰਗ

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ)- ਇੱਕ ਪਾਸੇ ਅਮਰੀਕੀ ਪਾਰਲੀਮੈਂਟ<ਗੰਨ ਕਲਚਰ ਦੇ ਵਿਰੁੱਧ ਸਖ਼ਤ ਉਪਾਵਾਂ ਉੱਤੇਵਿਚਾਰ ਕਰ ਰਹੀ ਹੈ, ਦੂਜੇ ਪਾਸੇ ਦੇਸ਼ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ 16 ਜ਼ਖ਼ਮੀ ਹੋ

ਪੰਜਵੀਂ ਸਲਾਨਾ ਐਂਨਲਾਈਟ ਕਿੱਡਜ਼ ਰਨ ਫ਼ਾਰ ਐਜੂਕੇਸ਼ਨ 7 ਅਗਸਤ ਨੂੰ

ਬਰੈਂਪਟਨ, (ਡਾ.ਝੰਡ) - 'ਐਂਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਦੇ ਸੰਚਾਲਕ ਨਰਿੰਦਰਪਾਲ ਬੈਂਸ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੰਜਵੀਂ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅਗਸਤ ਦਿਨ ਐਤਵਾਰ ਨੂੰ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਸਵੇਰੇ 9.00 ਵਜੇ ਕਰਵਾਈ ਜਾ ਰਹੀ ਹੈ ਜਿਸ ਦੇ ਲਈ ਰਜਿਸਟ੍ਰੇਸ਼ਨ 'ਔਨ-ਲਾਈਨ' ਆਰੰਭ ਹੋ ਚੁੱਕੀ ਹੈ ਜੋ ਇਸ ਸੰਸਥਾ ਦੀ ਵੈੱਬਸਾਈਟ 'ਤੇ ਜਾ ਕੇ ਕਰਵਾਈ ਜਾ ਸਕਦੀ ਹੈ। ਕੇਵਲ ਨੌਜੁਆਨ ਹੀ ਨਹੀਂ, ਸਗੋਂ ਹਰੇਕ ਉਮਰ ਵਰਗ ਦੇ ਵਿਅੱਕਤੀਆਂ ਵਿਚ ਇਸ ਰਜਿਸਟ੍ਰੇਸ਼ਨ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਸ ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ 2018 ਵਿਚ ਪਹਿਲੀ ਵਾਰ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਗਿਆ। ਇਸ ਦੌੜ ਨੂੰ ਸਾਰੀਆਂ ਕਮਿਊਨਿਟੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵਾੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਵਰਨਣ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵਾੱਕਰ ਸ਼ਾਮਲ ਹੋਏ। ਇੱਥੇ 'ਐਂਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਖੇਡ-ਜਗਤ ਨਾਲ ਜੁੜੀਆਂ ਪੰਜਾਬੀ ਕਮਿਊਨਿਟੀ ਦੀਆਂ ਅਹਿਮ ਸ਼ਖ਼ਸੀਅਤਾਂ ਬਰੈਂਪਟਨ ਦੇ ਸੱਭ ਤੋਂ ਸੀਨੀਅਰ ਐਥਲੀਟ ਪ੍ਰਿੰ. ਵਤਨ ਸਿੰਘ ਗਿੱਲ, ਉੱਘੇ ਖੇਡ-ਲੇਖਕ

ਪ੍ਰਿੰ. ਸਰਵਣ ਸਿੰਘ, ਖੇਡ-ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਮੈਰਾਥਨ ਦੌੜਾਕ ਸੰਜੂ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ ਸੀ।

2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਾ ਕਰਵਾਈ ਜਾ ਸਕੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜ ਕੇ ਤੀਸਰੀ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਵਰਚੂਅਲ ਅਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿੱਡ-ਦੌੜ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਦੌੜਾਕ ਚਿੰਗੁਆਕੂਜ਼ੀ ਪਾਰਕ, ਸਿੱਖ ਸਪਿਰਿਚੂਅਲ ਸੈਂਟਰ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਅਤੇ ਈਟੋਬੀਕੋ ਦੇ ਇਕ ਪਾਰਕ ਤੋਂ ਥੋੜ੍ਹੀ-ਥੋੜ੍ਹੀ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜੇ ਸਨ ਅਤੇ ਬਾਕੀਆਂ ਨੇ ਆਪਣੇ ਘਰਾਂ ਦੇ ਨੇੜਲੇ ਪਾਰਕਾਂ ਤੇ ਵਾੱਕਵੇਅਜ਼ 'ਤੇ ਦੌੜਦਿਆਂ ਹੋਇਆਂ ਕੇ ਆਪਣੇ ਆਪ ਨੂੰ ਫ਼ੋਨਾਂ 'ਤੇ ਆਨ-ਲਾਈਨ 'ਲਾਈਵ' ਕੀਤਾ ਸੀ। ਇਸ ਤਰ੍ਹਾਂ ਇਹ 'ਚੌਥੀ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਆਪਣੀ ਕਿਸਮ ਦੀ ਵੱਖਰੀ ਯਾਦਗਾਰੀ ਦੌੜ ਬਣ ਗਈ ਜਿਸ ਵਿਚ ਕਨੇਡਾ ਦੇ ਸ਼ਹਿਰਾਂ ਸਕਾਰਬਰੋ, ਸਰੀ, ਕੈਲਗਰੀ ਤੇ ਐਡਮਿੰਟਨ ਤੋਂ ਇਲਾਵਾ ਅਮਰੀਕਾ, ਇੰਗਲੈਂਡ ਅਤੇ ਭਾਰਤ ਤੋਂ ਕਈ ਦੌੜਾਕਾਂ ਨੇ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਵੱਖਰੇ ਤਜਰਬੇ ਤੋਂ ਉਤਸ਼ਾਹਿਤ ਹੋ ਕੇ ਇਸ ਸੰਸਥਾਂ ਦੇ ਪ੍ਰਬੰਧਕੀ ਬੋਰਡ ਨੇ ਅੱਗੋਂ ਹਰ ਸਾਲ ਕਰਵਾਈ ਜਾਣ ਵਾਲੀ ਇਸ ਰੀਅਲ ਦੌੜ ਦੇ ਨਾਲ਼ ਨਾਲ਼ ਵਰਚੂਅਲ ਦੌੜ ਵੀ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਬਰੈਂਪਟਨ ਤੇ ਮਿਸੀਸਾਗਾ ਸ਼ਹਿਰਾਂ ਤੋਂ ਇਲਾਵਾ ਕੈਨੇਡਾ ਦੇ ਹੋਰ ਸ਼ਹਿਰਾਂ ਅਤੇ ਵਿਦੇਸ਼ਾਂ ਤੋਂ ਵੀ ਦੌੜਾਕ ਇਸ ਦੌੜ ਵਿਚ ਆਪਣੀ ਵਰਚੂਅਲ ਸ਼ਮੂਲੀਅਤ ਕਰ ਸਕਣ।

ਹੁਣ ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ 'ਪੰਜਵੀਂ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅਗੱਸਤ ਨੂੰ ਸਵੇਰੇ 9.00 ਵਜੇ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਬਣੇ 'ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਕਰਵਾਈ ਜਾ ਰਹੀ ਹੈ ਜਿਸ ਵਿਚ ਪਹਿਲਾਂ ਵਾਂਗ ਦੌੜਾਕਾਂ ਅਤੇ ਵਾੱਕਰਾਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੀ ਆਸ ਕੀਤੀ ਜਾ ਰਹੀ ਹੈ। ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਪਹਿਲਾਂ ਵਾਂਗ ਹੀ ਪੂਰਾ ਸਹਿਯੋਗ ਮਿਲ ਰਿਹਾ ਹੈ ਅਤੇ ਹੋਰ ਕਈ ਖੇਡ-ਕਲੱਬਾਂ ਤੇ ਸੰਸਥਾਵਾਂ ਦੇ ਮੈਂਬਰ ਵੀ ਇਸ ਦੌੜ ਵਿਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਤੋਂ ਇਲਾਵਾ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੋਣ ਦੀ ਉਮੀਦ ਹੈ। ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਸਹਾਇਤਾ ਕਰਨ ਲਈ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਦੌੜ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਫਿਰੌਤੀਬਾਜ਼ ਨੇ ਫੜੇ ਜਾਣ ਉੱਤੇ ਪੁਲਸ ਮੁਲਾਜ਼ਮ ਉੱਤੇ ਗੋਲੀ ਚਲਾਈ

ਬੰਗਾ, 16 ਜੂਨ (ਪੋਸਟ ਬਿਊਰੋ)- ਗੜਸ਼ੰਕਰ ਰੋਡ ਉੱਤੇ ਫਿਰੌਤੀ ਲੈਣ ਆਏ ਇੱਕ ਵਿਅਕਤੀ ਨੂੰ ਜਦੋਂ ਪੁਲਸ ਨੇ ਕਾਬੂ ਕਰ ਲਿਆ ਤਾਂ ਉਸ ਨੇ ਪੁਲਸ ਤੋਂ ਛੁੱਟਣ ਲਈ ਪਿਸਤੌਲ ਤੋਂ ਗੋਲੀ ਚਲਾ ਦਿੱਤੀ ਜਿਸ ਨਾਲ ਇੱਕ ਪੁਲਸ ਵਾਲਾ ਜ਼ਖਮੀ ਹੋ ਗਿਆ, ਪਰ ਉਸ ਨੇ ਦੋਸ਼ੀ ਨੂੰ ਫੜੀ ਰੱਖਿਆ ਤੇ ਫਿਰ ਹੋਰ ਪੁਲਸ ਵਾਲਿਆਂ ਨੇ ਗ੍ਰਿਫ਼ਤਾਰ ਕਰ ਲਿਆ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਨੌਰਾ ਦੇ ਇੱਕ ਵਿਅਕਤੀ ਤੋਂ ਕੁਝ ਦਿਨ ਪਹਿਲਾਂ ਕਿਸੇ ਨੇ ਲੱਖਾਂ ਰੁਪਏ ਫਿਰੌਤੀ ਮੰਗੀ ਸੀ ਜਿਸ ਬਾਰੇ ਵਿੱਚ ਬੰਗਾ ਸਦਰ ਪੁਲਸ ਨੂੰ ਸੂਚਨਾ ਮਿਲ ਗਈ। ਇਸ ਨੂੰ ਲੈ ਕੇ ਬੰਗਾ ਸਦਰ ਥਾਣਾ ਪੁਲਸ ਨੇ ਨੌਰਾ ਦੇ ਵਿਅਕਤੀ ਉੱਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਉਧਰ ਫਿਰੌਤੀ ਮੰਗਣ ਵਾਲੇ ਵਿਅਕਤੀ ਨੇ ਨੌਰਾ ਨਿਵਾਸੀ ਨੂੰ ਕੱਲ੍ਹ ਫਿਰੌਤੀ ਦੀ ਰਕਮ ਦੇਣ ਲਈ ਨੰਗਲ-ਗੜ੍ਹਸ਼ੰਕਰ ਰੋਡਦੇ ਇੱਕ ਢਾਬੇ ਉੱਤੇ ਬੁਲਾਇਆ ਅਤੇ ਉਥੇ ਰਕਮ ਦੇਣ ਨੂੰ ਕਿਹਾ ਜਿਸ ਬਾਰੇ ਪੁਲਸ ਨੇ ਵੀ ਕਾਰਵਾਈ ਸ਼ੁਰੂ ਕਰ ਦਿੱਤੀ। ਜਦੋਂ ਫਿਰੌਤੀ ਦੀ ਰਕਮ ਦੇਣ ਲਈ ਨੌਰਾ ਨਿਵਾਸੀ ਰਕਮ ਸਮੇਤ ਨਿਕਲਿਆ ਤਾਂ ਪੁਲਸ ਨੇ ਉਸਦਾ ਪਿੱਛਾ ਸ਼ੁਰੂ ਕਰ ਦਿੱਤਾ। ਜਦੋਂ ਫਿਰੌਤੀ ਦੇਣ ਵਾਲਾ ਵਿਅਕਤੀ ਦੱਸੇ ਹੋਏ ਢਾਬੇ ਉੱਤੇ ਰਕਮ ਛੱਡ ਕੇ ਨਿਕਲਿਆ ਤਾਂ ਫਿਰੌਤੀ ਦੀ ਰਕਮ ਲੈਣ ਵਾਲਾ ਵਿਅਕਤੀ ਉਥੇ ਆ ਗਿਆ।ਜਦੋਂ ਉਹ ਰਕਮ ਲੈ ਕੇ ਜਾਣ ਲੱਗਾ ਤਾਂ ਮਨਦੀਪ ਨਾਮੀ ਪੁਲਸ ਮੁਲਾਜ਼ਮ ਨੇ ਉਸ ਨੂੰ ਘੇਰ ਕੇ ਜਕੜ ਵਿੱਚ ਲੈ ਲਿਆ। ਫਿਰੌਤੀ ਮੰਗਣ ਵਾਲੇ ਵਿਅਕਤੀ ਨੇ ਆਪਣੇ ਆਪਨੂੰ ਛੁਡਾਉਣ ਲਈ ਪਿਸਤੌਲ ਨਾਲ ਉਸ ਉੱਤੇ ਗੋਲੀ ਚਲਾ ਦਿੱਤੀ ਜੋ ਮਨਦੀਪ ਦੀ ਲੱਤ ਵਿੱਚ ਲੱਗੀ ਪਰ ਉਸ ਨੇ ਉਸ ਨੂੰ ਨਹੀਂ ਛੱਡਿਆ ਅਤੇ ਉਸਨਾਲ ਆਏ ਹੋਰ ਪੁਲਸ ਵਾਲਿਆਂ ਨੇ ਉਸ ਨੂੰ ਫੜ ਲਿਆ। ਜ਼ਖ਼ਮੀ ਪੁਲਸ ਵਾਲੇ ਨੂੰ ਡੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ ਅਤੇ ਫਿਰੌਤੀ ਲੈਣ ਵਾਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਧਰਤੀ ਦੀ ਨਾਯਾਬ ਫਬੀਲੀ ਅਮਾਨਤ

ਕਸ਼ਮੀਰ (ਸ੍ਰੀਨਗਰ) ਫੈਲ ਬਾਂਕਾ ਹਿਰਗਾਮੀ ਅਤੇ ਲੋਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ)। ਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸਭਿਆਚਾਰ ਦੀ ਖੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿਥੇ ਖੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲਖਿਚਵੇਂ ਦਿਸ਼ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫੋਨ ਆਇਆ, ਕਿ 'ਕਸ਼ਮੀਰ ਚੌਲਨਾ ਏ। ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇ-ਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾ-ਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾ-ਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲਗਦੀ ਹੈ। ਗੁਰਦਾਸਪੁਰ ਦੇ ਆਸ ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ ਜਿੱਥੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੇ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ। ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੋਂਦ ਹੈ ਤੇ ਪਾਰ ਉਪੰਰ ਜੰਮੂਕਸ਼ਮੀਰ ਦੀ ਹੋਂਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਇਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆ ਹੀ ਕੁਝ ਮਿੰਟਾਂ ਦੇ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜੇ ਹੁੰਦੇ ਹਨ, ਜਿਥੇ ਲੋਕ ਚਾਹ ਪਾਣੀ ਨਾਸ਼ਤਾ ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ ਮਿੱਠੀ ਚੌਟਨੀ, ਮੂਲੀਕਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚਟਨੀ ਮੂੰਹ ਨੂੰ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੂਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ।

ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਨ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ ਉਹ ਫਿਰ ਖਾਲੀ ਨਹੀਂ ਜਾਂਦੀ ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾਂ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲਗਦੇ ਹਨ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੱਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੀਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖਾਣਾ ਖਾਣ ਤੋਂ ਬਾਅਦ ਰੀਪ ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।

ਅਸੀਂ ਘੁੰਮਣ ਫਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਕਿਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ ਪਾਸ ਜਾਂ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗਲ ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਾਚਾਰਿਆ ਮੰਦਿਰ, ਗੁਰਦੁਆਰੇ, ਗੁਲਮਰਗ, ਸੋਨ ਮਰਗ ਅਤੇ ਕਈ ਹੋਰ ਖੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਫੈਲ ਛਬੀਲਾ ਰੰਗ ਰੰਗੀਲਾ ਅਤੇ ਸੁੰ-ਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ। ਕਸ਼ਮੀਰ ਦੀ ਵਿਸ਼ਵ ਪ੍ਰਸਿਧ ਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖੁਸ਼ੀ ਦਾ ਖ਼ਜ਼ਾਨਾ। ਕੁਦਰਤ ਏਥੇ ਸਾਹਿਤ ਅੱਖਦੀ ਹੈ। ਸੁੰਦਰਤਾ ਦੇ ਵੱਖ ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਹੀ ਖੂਬਸੂਰਤ ਰੰਗਾਂ ਨੂੰ ਧਰਤੀ ਤੋਂ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸ਼ਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁਤ ਕੀਮਤੀ ਵਸਲਾਂ ਦੀ ਜਨਮਦਾਤੀ ਹੈ। ਆਯੁਰਵੇਦ ਦੀ ਮੂੜ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪਾਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ।

(ਕਸ਼ਮੀਰ ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖੂਬਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁਤ ਰੂਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖੂਬਸੂਰਤ ਮਰਮਸਪਰਸ਼ੀ ਵੱਖ ਵੱਖ ਵਿਧਾਵਾਂ ਵਿਚ ਦਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ। ਸਾਫ਼ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉੱਪਰ, ਝੀਲ ਦੇ ਨਾਲ ਨਾਲ ਮੁਗਲ ਬਾਗ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ। ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾ ਤਤਪਰ ਰਹਿੰਦੀ

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦਿਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ।

ਰਾਤ ਦੇ ਸਮੇਂ ਸ਼ਕਿਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੋਕ, ਗੁਲਫਾਮ ਲੋਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ।

ਇਸ ਝੀਲ ਵਿਚ ਵੈਜੀਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪੰਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡਲ ਝੀਲ ਦੇ ਨਜਦੀਕ ਪਰੀ ਮਹਿਲ ਅਤੇ ਸੈਂਟੌਰ ਹੋਟਲ ਸਾਫ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖੂਬਸੂਰਤ ਬਾਗ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਕਿਾਰ ਉਪਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਕਿਾਰ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੋਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਉਸ ਬੋਸ ਤਾਂ ਇਸ ਝੀਲ ਦੀ ਸੁੰ-ਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖੂਬਸੂਰਤ, ਸਾਜ ਜਾਂ ਨਾਲ ਸੰਵਰੇ, ਖੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜੋ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ। ਸੈਲਾਨੀ ਇਨ੍ਹਾਂ ਹਾਊਸ ਬੋਟਸ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਇਕ ਹਾਊਸ ਖੋਟ ਵਿਚ ਕਈ ਕਮਰੇ ਹੁੰਦੇ ਹਨ। ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ। ਇਕ ਹਾਊਸ ਬੇਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਕਿਾਰਾ ਭੇਜਦੇ ਹਨ ਜਿਸਦਾ ਕਿਰ-ਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਲ ਭੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੇ ਦੇ ਵੀ ਦਾ ਆਪਣਾ ਹੀ ਮਜ਼ਾ ਲੁਭਵ ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਕਿਾਰ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਕਿਾਰਿਆਂ ਵਿਚ ਹੀ ਸਾਮਾਨ ਮਿਲਦਾ ਹੈ ਜੋ ਤੈਰਦੇ ਸ਼ਕਿਾਰਿਆਂ ਵਿਚ ਵੇਚਿਆ ਜਾਂਦਾ ਹੈ।

ਭੁੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਛੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ ਟੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦਿਸਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਹੋਵੇ।

ਕਸ਼ਮੀਰ (ਸੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਰੀ, ਨਿਸ਼ਾਤ ਮਾਰੀ, ਸ਼ਾਲੀਮਾਰ ਬਾਗ, ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਔਲਾ ਪਤਰੀ ਬੇਤਾਬ ਵੈਲੀ ਪਹਾੜ, ਆੜੂ ਵੇਲੀ, ਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ ਹਜ਼ਰਤ ਮਸਜਿਦ, ਸ਼ੰਕਰਾਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂੰਮਾਨ ਮੰਦਿਰ, ਪਾਮਪੁਰ (ਕੇਸਰ ਵਾਲੀ ਜਮੀਨ), ਮਟਨ, ਜੇਸਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅਛਾਬਲ, ਯੂਸਮਰਗ, ਤੰਗ ਮਰਗ, ਅਵਾਂਤਪੁਰ, ਚੂੰਨ-ਕੁਨ, ਸੋਨਾ ਮਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ। ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ ਨਾ' ਦੇ ਨਾਮ ਨਾਲ ਪ੍ਰਸਿੱਧ ਹਨ। ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ।

ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ

ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸ਼ਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੂਲ ਦੇ ਰਾਜਾ

ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀ ਜਗਾ ਤਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸਦੇ ਵੰਸ਼ ਨੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ ਜੋ ਕਸ਼ਯਮ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ- ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਿੱਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੂੜ ਅਤੇ ਪੁੱਤਰੀ ਯਮੁਨਾ ਸੀ। ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ। ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ- ਨੀਲ, ਪਦਮ ਅਤੇ ਸਿੱਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲਗੇ ਅਤੇ ਇਸਨੂੰ ਸਤੀ ਸਰਸੇ (ਕਸ਼ਮੀਰ) ਦਾ ਇਲਾਕਾ ਦੇ ਕੇ ਅਲਗ ਕਰ ਦਿੱਤਾ।

ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੋਰਵਪੂਰਨ ਇਤਿਹਾਸ ਅਤੇ ਕੁਦਰਤੀ ਖੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਾਮ ਸਥਾਨ ਹੈ। ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੇ ਹੁਣਾਂ ਦਾ ਅਧਿਕਾਰ ਰਿਹਾ। ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸਨ ਰਿਹਾ।

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖ਼ਤ ਕੀਤੇ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫਲ ਵਿਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹਤਵਪੂਰ, ਅਦਭੁਤ ਸਥਾਨ ਹੈ। ਇਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ ਬਗੀਚੇ ਆਪਣੀ ਅਦਭੁਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲਦਾਖ ਸਥਿਤ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ।

ਕੁਦਰਤੀ ਖੂਬਸੂਰਤੀ ਨਾਲ ਮਾਲਾ ਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦਿਸ਼ਾਵਲੀਆਂ, ਅਦਭੁਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ ਨਾਲ ਲੱਥ ਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫਲ, ਫੁੱਲ, ਚਾਰ ਸੌ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸੂਫੀ ਸੰਤਾਂ ਦੀਆਂ ਅਨੇਕ ਪਵਿੱਤਰ ਦਰਗਾਹਾਂ, ਜੈਣ ਉਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ।

ਕਸ਼ਮੀਰ ਸ੍ਰੀਨਗਰ) ਨੂੰ ਵਿਸ਼ੇਸ਼ ਤੌਰ 'ਤੇ ਵਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪੰਰ ਕੁਦਰਤ ਦੀ ਏਨੀ ਬਖਸ਼ਸ਼ਿ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ ਖਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ ਵਿਸ਼ੇਸ਼ ਤੌਰ 'ਤੇ ਕਈ ਮੀਲ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ ਜਿੱਥੇ ਸਾਰੀ ਧਰਤੀ ਬਾਗਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੱਖ ਬਾਗ। ਹਰ ਤਰਾਂ ਦਾ ਵਰਟ ਹੁੰਦਾ ਹੈ।

. ਖ਼ਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਹ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾ ਮਾਲ ਕੀਤਾ ਹੈ ਕੁਦਰਤ ਨੇ ਸਾਰਾ ਇਲਾਕਾ ਬਿਲਕੁਲ ਪੱਧਰਾ ਹੈ।

. ਕਸ਼ਮੀਰ ਜਿੱਥੇ ਆਪਣੀ ਅਦਭੁਤ ਸੁੰ-ਦਰਤਾ ਨਾਲ ਮਾਲਾ ਮਾਲਾ ਹੈ। ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ। ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਇੱਥੇ ਅਜਕਲ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਹੀਂ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖਾਸ ਕਰਕੇ ਡਲ ਝੀਲ ਦੇ ਸ਼ਕਿਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ। ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਂਵੇਂ ਟਾਂਵੇਂ ਲੋਕ ਹੀ ਇੱਥੇ ਆਉਂਦੇ ਹਨ। ਬੇਸ਼ਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ। ਇਕ ਅਦਭੁਤ ਧਰਤੀ ਦਾ ਵੈਕੁੰਠ।

ਬਲਵਿੰਦਰ 'ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਮੋ : 9856-15109

ਦੋ ਸਾਲ ਦੇ ਅਰਸੇ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ' 28 ਅਗਸਤ ਨੂੰ

ਰਜਿਸਟ੍ਰੇਸ਼ਨ ਆਨਲਾਈਨ, ਈ-ਮੇਲ ਜਾਂ ਫ਼ੋਨ 'ਤੇ ਵੀ ਕਰਵਾਈ ਜਾ ਸਕਦੀ ਹੈ

ਬਰੈਂਪਟਨ, (ਡਾ. ਝੰਡ) - ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਦੇ ਫੈਲਣ ਦੇ ਕਾਰਨ ਦੋ ਸਾਲ ਦੇ ਲੰਮੇਂ ਅਰਸੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ' ਐਤਵਾਰ 28 ਅਗਸਤ ਨੂੰ ਕਰਵਾਈ ਜਾ ਰਹੀ ਹੈ ਅਤੇ ਇਸ ਦੇ ਲਈ ਰਜਿਸਟ੍ਰੇਸ਼ਨ ਆਰੰਭ ਹੋ ਗਈ ਹੈ। ਇਸ ਸਬੰਧੀ ਜਾਣਕਾਰੀ mail@ggscf.com ਜਾਂ 416-564-3939 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਜੂਨ ਮਹੀਨੇ ਦੇ ਅਖ਼ੀਰ ਤੱਕ ਰਜਿਸਟ੍ਰੇਸ਼ਨ ਕਰਵਾਉਣ ਵਾਲਿਆਂ ਲਈ ਰਜਿਸਟ੍ਰੇਸ਼ਨ ਫ਼ੀਸ 20 ਡਾਲਰ ਹੈ, ਜੁਲਾਈ ਵਿਚ ਇਹ 25 ਡਾਲਰ ਅਤੇ ਅਗਸਤ ਵਿਚ 30 ਡਾਲਰ ਹੋ ਜਾਵੇਗੀ। ਜੇਕਰ ਕਿਸੇ ਵਿਅੱਕਤੀ ਨੂੰ ਔਨ-ਲਾਈਨ ਰਜਿਸਟ੍ਰੇਸ਼ਨ ਕਰਵਾਉਣ ਵਿਚ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਪ੍ਰਬੰਧਕਾਂ ਨਾਲ ਇਸ ਦੇ ਬਾਰੇ ਫ਼ੋਨ ਜਾਂ ਈ-ਮੇਲ ਰਾਹੀਂ ਸੰਪਰਕ ਕਰ ਸਕਦਾ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਨ੍ਹਾਂ ਦੌੜਾਕਾਂ ਜਾਂ ਵਾੱਕਰਾਂ ਨੇ ਸਾਲ 2020 ਵਿਚ ਕਰੋਨਾ ਮਹਾਂਮਾਰੀ ਫੈਲ ਜਾਣ ਕਾਰਨ ਇਹ ਈਵੈਂਟ ਕੈਂਸਲ ਹੋਣ ਤੋਂ ਬਾਅਦ ਆਪਣੀ ਰਜਿਸਟ੍ਰੇਸ਼ਨ ਫ਼ੀਸ ਵਾਪਸ ਨਹੀਂ ਲਈ ਸੀ।, ਉਨ੍ਹਾਂ ਲਈ ਉਨ੍ਹਾਂ ਦੀ ਪੁਰਾਣੀ ਰਜਿਸਟ੍ਰੇਸ਼ਨ ਬਿਲਕੁਲ ਸਹੀ ਅਤੇ ਵਾਜਬ ਹੈ ਅਤੇ ਉਨ੍ਹਾਂ ਨੂੰ ਦੋਬਾਰਾ ਰਜਿਸਟ੍ਰੇਸ਼ਨ ਕਰਵਾਉਣ ਦੀ ਲੋੜ ਨਹੀਂ ਹੈ। ਇਸ ਸਬੰਧੀ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਈ-ਮੇਲ ਰਾਹੀਂ ਲੋੜੀਂਦੀ ਸੂਚਨਾ ਵੀ ਭੇਜ ਦਿੱਤੀ ਜਾਏਗੀ।

ਇਸ ਸਾਲ ਹੋਣ ਵਾਲੇ 'ਇੰਸਪੀਰੇਸ਼ਨਲ ਸਟੈੱਪਸ-2022' ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦਾ ਅਰੰਭ ਅਤੇ ਸਮਾਪਤੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਵਿਖੇ ਹੀ ਹੋਵੇਗੀ। ਇਸ ਮੈਰਾਥਨ ਦੌੜ ਦਾ ਮੁੱਖ-ਰੂਟ ਈਟੋਬੀਕੋਕ ਟਰੇਲ ਹੋਵੇਗਾ ਅਤੇ ਇਸ ਦੇ ਕੁਝ ਹਿੱਸੇ ਪੁਰਾਣੀਆਂ ਸੜਕਾਂ ਵਾਲੇ ਵੀ ਹੋਣਗੇ ਜਿਸ ਦੇ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਨਕਸ਼ੇ ਸਮੇਤ ਮੁਹੱਈਆ ਕੀਤੀ ਜਾਏਗੀ। ਰੂਟ ਦੀ ਇਹ ਤਬਦੀਲੀ ਫ਼ਿੰਚ ਐਵੀਨਿਊ 'ਤੇ ਹੋ ਰਹੀ ਉਸਾਰੀ ਦੇ ਕਾਰਨ ਕੀਤੀ ਗਈ ਹੈ, ਕਿਉਂਕਿ ਉੱਥੇ ਇਹ ਦੌੜ ਮੁਸ਼ਕਲਾਂ ਭਰਪੂਰ ਅਤੇ ਕਾਫ਼ੀ ਖ਼ਤਰਨਾਕ ਵੀ ਸਾਬਤ ਹੋ ਸਕਦੀ ਹੈ। ਇਸ ਮੈਰਾਥਨ ਦੀ ਦੂਸਰੀ ਵੱਡੀ ਤਬਦੀਲੀ ਇਹ ਹੈ ਕਿ ਸਮੇਂ ਦੀ ਕਿੱਲਤ ਕਾਰਨ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਨੂੰ ਟੀ-ਸ਼ਰਟਾਂ ਮੁਹੱਈਆ ਨਹੀਂ ਕੀਤੀਆਂ ਜਾ ਸਕਣਗੀਆਂ। ਉਂਜ ਵੀ ਇਸ ਦੌੜ ਵਿਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਦੌੜਾਕ ਵੱਖ-ਵੱਖ ਦੌੜ-ਕਲੱਬਾਂ ਅਤੇ ਅਜਿਹੇ ਖੇਡ-ਅਦਾਰਿਆਂ ਨਾਲ ਜੁੜੇ ਹੋਏ ਹਨ। ਉਹ ਆਪੋ-ਆਪਣੀਆਂ ਕਲੱਬਾਂ ਤੇ ਅਦਾਰਿਆਂ ਦੀਆਂ ਟੀ-ਸ਼ਰਟਾਂ ਜਾਂ ਮਨਮਰਜ਼ੀ ਦੀਆਂ ਹੋਰ ਟੀ-ਸ਼ਰਟਾਂ ਵੀ ਪਹਿਨ ਸਕਦੇ ਹਨ। ਦੌੜ ਦਾ ਇਹ ਰੂਟ ਹਾਫ਼-ਮੈਰਾਥਨ ਲਈ ਨਿਰਧਾਰਿਤ ਕੀਤਾ ਗਿਆ ਹੈ ਅਤੇ ਫੁੱਲ-ਮੈਰਾਥਨ ਦੌੜ ਲਗਾਉਣ ਵਾਲੇ ਦੌੜਾਕ ਏਸੇ ਰੂਟ ਉੱਪਰ ਹੀ ਦੋ ਚੱਕਰ ਲਗਾਉਣਗੇ।

ਹੋ ਸਕਦਾ ਹੈ ਕਿ ਟਰੇਲ ਦਾ ਇਹ ਰੂਟ ਕਈ ਦੌੜਾਕਾਂ ਨੂੰ ਵਧੇਰੇ ਪਸੰਦ ਆਵੇ, ਕਿਉਂਕਿ ਸੜਕ ਦੇ ਕਿਨਾਰੇ ਦੌੜਨ ਦੀਆਂ ਆਪਣੀਆਂ ਹੀ ਕਈ ਦਿੱਕਤਾਂ ਹਨ। ਇਸ ਦੇ ਬਾਰੇ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਦੀ ਪ੍ਰਤੀਕਿਰਿਆ ਲਈ ਜਾਏਗੀ ਅਤੇ ਉਸ ਅਨੁਸਾਰ ਹੀ ਅੱਗੋਂ ਲਈ ਦੌੜ ਦੇ ਰੂਟ ਦੀ ਚੋਣ ਕੀਤੀ ਜਾਏਗੀ। ਹਵਾ ਵਿਚ ਨਮੀ ਹੋਣ ਕਾਰਨ ਅਗਸਤ ਮਹੀਨੇ ਵਿਚ ਗਰਮੀ ਹੋਰ ਵੀ ਵਧੇਰੇ ਹੋਣ ਦੀ ਸੰਭਾਵਨਾ ਹੈ। ਇਸ ਲਈ ਇਸ ਤੋਂ ਬਚਾਅ ਲਈ ਦੌੜਾਕਾਂ ਅਤੇ ਵਾੱਕਰਾਂ ਨੂੰ ਸਨ-ਸਕਰੀਨ ਦੀ ਵਰਤੋਂ ਕਰਨੀ ਪਵੇਗੀ। ਰਸਤੇ ਵਿਚ ਵਾਟਰ-ਸਟੇਸ਼ਨਾਂ 'ਤੇ ਪ੍ਰਬੰਧਕਾਂ ਵੱਲੋਂ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾਏਗਾ। 'ਇੰਸਪੀਰੇਸ਼ਨਲ ਸਟੈੱਪਸ-2022 ਦੇ ਹੋਰ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਜਾਣਕਾਰੀ ਪ੍ਰਬੰਧਕਾਂ ਵੱਲੋਂ ਆਉਂਦੇ ਦਿਨਾਂ ਵਿਚ ਸਾਂਝੀ ਕੀਤੀ ਜਾਏਗੀ ਅਤੇ ਇਹ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਵੈੱਬਸਾਈਟ ਉੱਪਰ ਵੀ ਉਪਲੱਭਧ ਹੋਵੇਗੀ।

ਪਿਤਾ ਦਿਵਸ 'ਤੇ ਧਾਰਮਿਕ ਸਮਾਗਮ ਅਤੇ ਵਿਚਾਰ ਚਰਚਾ

(ਬਰੈਂਪਟਨ/ਬਾਸੀ ਹਰਚੰਦ) ਮੱਲ ਸਿੰਘ ਬਾਸੀ ਸੂਚਨਾ ਦਿੰਦੇ ਹਨ ਕਿ ਪਿਤਾਵਾਂ ਦੀ ਮਹੱਤਤਾ ਵਜੋਂ ਮਨਾਇਆ ਜਾਂਦਾ ਪਿਤਾ ਦਿਵਸ (ਫਾਦਰ ਡੇ) ਦੀ ਕੜੀ ਵਜੋਂ 19 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਜੋਤ ਪਰਕਾਸ਼ ਵਿਖੇ 2-00 ਵਜੇ ਤੋਂ 5-00 ਵਜੇ ਤੱਕ ਧਾਰਮਿਕ ਸਮਾਗਮ ਹੋਵੇਗਾ। ਜਿਸ ਵਿਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਅਤੇ ਗੁਰੂਬਾਣੀ ਦਾ ਕੀਰਤਨ ਹੋਵੇਗਾ। ਇਸ ਤੋਂ ਬਾਅਦ ਕੁੱਝ ਬੁਲਾਰਿਆਂ ਦੇ ਭਾਸ਼ਨ ਅਤੇ ਕਵਿਤਾਵਾਂ ਪੜ੍ਹੀਆਂ ਜਾਣਗੀਆਂ । ਇਸ ਸਮਾਗਮ ਵਿੱਚ ਸਾਮਲ ਹੋਣ ਲਈ ਬਜੁਰਗਾਂ ਸਮੇਤ ਸੱਭ ਸੰਗਤ ਨੂੰ ਖੁੱਲਾ ਸੱਦਾ ਦਿਤਾ ਜਾਂਦਾ ਹੈ । ਅੰਤ ਵਿੱਚ ਗੁਰੂ ਕਾ ਲੰਗਰ ਅਤੁਟ ਵਰਤੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਮੱਲ ਸਿੰਘ ਬਾਸੀ 437-980-7015

ਤਾਂਸ ਦਾ ਟੂਰਨਾਮੈਂਟ 18 ਜੂਨ ਨੂੰ

Friends Club ਵਲੋਂ ਦੂਜਾ ਸੀਪ ਟੂਰਨਾਮੈਂਟ 18 ਜੂਨ ਦਿਨ ਸ਼ਨੀਵਾਰ ਨੂੰ Blue Oak Park Brampton (11 Sugarcane Ct) ਵਿਖੇ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ , ਐਂਟਰੀਆਂ 12.30 ਤੋਂ 1 ਵਜੇ ਤਕ ਪੈਣਗੀਆਂ , ਐਂਟਰੀ ਫੀਸ 10 ਡਾਲਰ ਹੋਵੇਗੀ , ਪਹਿਲਾ ਇਨਾਮ 700 ਡਾਲਰ ,ਦੂਜਾ 500, ਤੀਜਾ 300, ਚੌਥਾ 200 ਡਾਲਰ ਹੋਵੇਗਾ ਅਤੇ ਟਰਾਫੀਆਂ ਵੀ ਦਿਤੀਆਂ ਜਾਣਗੀਆਂ , ਲੰਗਰ ਦਾ ਖਾਸ ਪ੍ਰਬੰਧ ਹੋਵੇਗਾ , ਸਾਰੇ ਖਿਡਾਰੀ ਤਾਂਸ ਆਪਣੀ ਲੈ ਕੇ ਆਉਣ ਜੀ , ਹੋਰ ਜਾਣਕਾਰੀ ਲਈ ਗੁਰਜੀਤ 647 330 7400, ਗੋਲਡੀ 647 649 4584 ਪਿੰਦੀ 647 614 0664 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Change of Name

I, Kartik, son of Ramesh Kumar, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777

ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰ

ਟੀ.ਪੀ.ਏ.ਆਰ. ਕਲੱਬ ਵੱਲੋਂ 'ਜਸਵਿੰਦਰ ਵੜੈਚ ਯਾਦਗਾਰੀ ਰਨ-ਕਮ-ਵਾਕ' ਦਾ ਸਫ਼ਲ ਆਯੋਜਨ

100 ਦੇ ਕਰੀਬ ਦੌੜਾਕ ਅਤੇ ਵਾਕਰ ਹੋਏ ਸ਼ਾਮਲ

ਕੈਲੇਡਨ, (ਡਾ. ਝੰਡ) - ਆਪਣੇ ਵਿੱਛੜੇ ਸਾਥੀ ਜਸਵਿੰਦਰ ਸਿੰਘ ਵੜੈਚ ਉਰਫ਼ 'ਜੱਸੀ ਵੜੈਚ' ਜੋ ਪਿਛਲੇ ਸਾਲ 21 ਅਕਤੂਬਰ 2021 ਦੇ ਮਨਹੂਸ ਦਿਨ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ ਨੂੰ ਸਮੱਰਪਿਤ ਲੰਘੇ ਐਤਵਾਰ 12 ਜੂਨ ਨੂੰ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ', 'ਐਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਅਤੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਸਾਂਝੇ ਤੌਰ 'ਤੇ ਕੈਲੇਡਨ ਟਰੇਲ 'ਤੇ (ਪੂਰਬ ਵਾਲੇ ਪਾਸੇ) 5 ਕਿਲੋਮੀਟਰ ਤੇ 10 ਕਿਲੋਮੀਟਰ ਰੱਨ-ਕਮ-ਵੱਕ ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਸਵੇਰੇ ਮੀਹ-ਕਣੀ ਵਾਲਾ ਮੌਸਮ ਹੋਣ ਦੇ ਬਾਵਜੂਦ ਕਲੱਬ ਦੇ ਲੱਗਭੱਗ 100 ਮੈਂਬਰ ਅਤੇ ਜਸਵਿੰਦਰ ਵੜੈਚ ਦੇ ਪਰਿਵਾਰ ਦੇ ਮੈਂਬਰ ਪੌਣੇ ਨੌਂ ਵਜੇ ਤੱਕ ਟਰੇਲ ਦੇ ਨੇੜੇ ਇਕ ਸ਼ੈੱਡ ਹੇਠਾਂ ਇਕੱਤਰ ਹੋ ਗਏ। ਉੱਥੇ ਪਰਿਵਾਰ ਦੇ ਮੈਂਬਰਾਂ ਵੱਲੋਂ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਏਨੇ ਨੂੰ 'ਕੈਨੇਡੀਅਨ ਪੰਜਾਬੀ ਪੋਸਟ' ਅਖ਼ਬਾਰ ਦੇ ਮੁੱਖ-ਸੰਪਾਦਕ ਜਗਦੀਸ਼ ਸਿੰਘ ਗਰੇਵਾਲ ਆਪਣੇ ਸਪੁੱਤਰ ਹਰਦੀਪ ਸਿੰਘ ਗਰੇਵਾਲ ਓਨਟਾਰੀਓ ਸੂਬਾਈ ਚੋਣ ਵਿਚ ਬਰੈਂਪਟਨ ਈਸਟ ਹਲਕੇ ਤੋਂ ਐਮ.ਪੀ.ਪੀ. ਚੁਣੇ ਜਾਣ ਦੀ ਖ਼ੁਸ਼ੀ ਸਾਂਝੀ ਕਰਨ ਲਈ ਫ਼ਰੂਟ ਦੇ ਕਈ ਡੱਬੇ ਅਤੇ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਦੇ ਸੰਚਾਲਕ ਪਰਮਜੀਤ ਸਿੰਘ ਢਿੱਲੋਂ ਕੌਫ਼ੀ ਦੀ ਵੱਡੀ ਸਾਰੀ ਕੇਤਲੀ ਲੈ ਕੇ ਉੱਥੇ ਪਹੁੰਚ ਗਏ।

ਚਾਹ-ਪਾਣੀ ਤੇ ਸਨੈਕਸ ਵਗ਼ੈਰਾ ਛਕਣ ਤੋਂ ਬਾਅਦ 'ਰੱਨ ਫ਼ਾਰ ਕਿੱਡਜ਼ ਐਜੂਕੇਸ਼ਨ' ਦੇ ਸੰਚਾਲਕ ਨਰਿੰਦਰਪਾਲ ਬੈਂਸ ਵੱਲੋਂ ਸਾਰੇ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਪਹੁੰਚਣ 'ਤੇ ਸੁਆਗਤ ਕੀਤਾ ਗਿਆ ਅਤੇ ਇਸ ਦੌੜ ਦੇ ਮਕਸਦ ਅਤੇ ਪ੍ਰੋਗਰਾਮ ਦੀ ਰੂਪ-ਰੇਖਾ ਦੱਸੀ ਗਈ। ਉਨ੍ਹਾਂ ਜਸਵਿੰਦਰ ਵੜੈਚ ਦੇ ਪਰਿਵਾਰ ਦੇ ਮੈਂਬਰਾਂ ਅਤੇ ਜਗਦੀਸ਼ ਗਰੇਵਾਲ ਦਾ ਪੌਸ਼ਟਿਕ ਬਰੇਕ-ਫ਼ਾਸਟ ਲਈ ਧੰਨਵਾਦ ਕੀਤਾ। ਇਸ ਮੌਕੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ, ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪਰਿਵਾਰ ਦੇ ਮੈਂਬਰਾਂ ਨੂੰ ਜਸਵਿੰਦਰ ਵੜੈਚ ਦੀ ਤਸਵੀਰ ਵਾਲੀ ਖ਼ੂਬਸੂਰਤ ਪਲੈਕ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਵੜੈਚ ਸਾਹਿਬ ਦੀ ਬੇਟੀ ਸੁਪਿੰਦਰ ਵੜੈਚ ਨੇ ਇਹ ਦੌੜ ਤੇ ਵੱਕ ਉਨ੍ਹਾਂ ਦੇ ਪਿਤਾ ਜੀ ਨੂੰ ਸਮੱਰਪਿਤ ਕਰਨ ਲਈ ਟੀ.ਪੀ.ਏ.ਆਰ. ਕਲੱਬ ਦੀ ਸਮੁੱਚੀ ਮੈਨੇਜਮੈਂਟ ਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਪਾ ਕੁਦਰਤ ਦੇ ਬੜੇ ਪ੍ਰੇਮੀ ਸਨ। ਗਰਮੀਆਂ ਦੇ ਮੌਸਮ ਵਿਚ ਹਰੇਕ ਵੀਕ-ਐਂਡ 'ਤੇ ਉਹ ਸਾਈਕਲ ਲੈ ਕੇ ਕਿਸੇ ਨਾ ਕਿਸੇ ਟਰੇਲ 'ਤੇ ਸਾਈਕਲਿੰਗ ਲਈ ਨਿਕਲ ਪੈਂਦੇ ਸਨ ਅਤੇ ਉਨ੍ਹਾਂ ਦੇ ਇਸ ਸ਼ੌਕ ਸਦਕਾ ਹੀ ਉਨ੍ਹਾਂ ਦੀ ਟੀ.ਪੀ.ਏ.ਆਰ. ਕਲੱਬ ਨਾਲ ਨੇੜਤਾ ਹੋ ਗਈ। ਇਸ ਕਲੱਬ ਨੇ ਇਹ ਦੌੜ ਉਨ੍ਹਾਂ ਦੇ ਨਾਂ 'ਤੇ ਆਯੋਜਿਤ ਕਰਕੇ ਉਨ੍ਹਾਂ ਨੂੰ ਬਹੁਤ ਹੀ ਵਧੀਆ ਤਰ੍ਹਾਂ ਯਾਦ ਕੀਤਾ ਹੈ ਜਿਸ ਦੇ ਲਈ ਉਨ੍ਹਾਂ ਦਾ ਸਾਰਾ ਪਰਿਵਾਰ ਕਲੱਬ ਦਾ ਧੰਨਵਾਦੀ ਹੈ।

ਸਾਰੇ ਗਰੁੱਪ ਦੀ ਤੇ ਹੋਰ ਕਈ ਤਸਵੀਰਾਂ ਲੈਣ ਤੋਂ ਬਾਅਦ ਠੀਕ ਸਾਢੇ ਨੌਂ ਵਜੇ ਸਾਰੇ ਦੌੜਾਕ ਅਤੇ ਵੱਕਰ ਕੈਲੇਡਨ ਟਰੇਲ ਦੀ ਪੂਰਬ ਦਿਸ਼ਾ ਵੱਲ ਚੱਲ ਪਏ। ਇਨ੍ਹਾਂ ਵਿਚ ਚਾਰ ਸਾਈਕਲ-ਸਵਾਰ ਵੀ ਸ਼ਾਮਲ ਸਨ। ਹਰੇਕ ਨੇ ਆਪਣੀ ਵਿਤ ਅਨੁਸਾਰ 5 ਕਿਲੋਮੀਟਰ, 10 ਕਿਲੋਮੀਟਰ ਅਤੇ ਕਈਆਂ ਨੇ ਇਸ ਤੋਂ ਵਧੇਰੇ ਵੀ ਦੌੜ ਲਗਾਈ ਜਾਂ ਪੈਦਲ ਚੱਲੇ। ਸਾਢੇ ਗਿਆਰਾਂ ਵਜੇ ਦੇ ਕਰੀਬ ਸਾਰੇ ਵਾਪਸ ਸ਼ੈੱਡ ਹੇਠ ਆ ਗਏ ਜਿੱਥੇ 'ਕੰਟਰੀਸਾਈਡ ਸਬਵੇਅ' ਦੇ ਮਾਲਕ ਕੁਲਵੰਤ ਗਰੇਵਾਲ ਵੱਲੋਂ ਲਿਆਂਦੇ ਗਏ ਤਾਜ਼ੇ-ਤਾਜ਼ੇ ਵੈਜੀ ਤੇ ਨਾਨ-ਵੈਜ ਸਬ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ ਸਾਰਿਆਂ ਨੇ ਮਿਲ ਕੇ ਉਨ੍ਹਾਂ ਦਾ ਅਨੰਦ ਮਾਣਿਆਂ ਅਤੇ ਫ਼ਰੂਟ ਤੇ ਜੂਸ ਵਗ਼ੈਰਾ ਦਾ ਸੇਵਨ ਕੀਤਾ। ਏਨੇ ਨੂੰ ਬਰੈਂਪਟਨ ਦੇ ਵਾਰਡ ਨੰਬਰ 9 ਅਤੇ 10 ਦੇ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ ਵੀ ਉੱਥੇ ਪਹੁੰਚ ਗਏ। ਸਾਰਿਆ ਵੱਲੋਂ ਉਨ੍ਹਾਂ ਦਾ ਉੱਥੇ ਆਉਣ 'ਤੇ ਭਰਵਾਂ ਸੁਆਗਤ ਕੀਤਾ ਗਿਆ ਕਿਉਂਕਿ ਉਹ ਟੀ.ਪੀ.ਏ.ਆਰ.ਕਲੱਬ ਦੀਆਂ ਸਰਗਰਮੀਆਂ ਵਿਚ ਚੋਖੀ ਦਿਲਚਸਪੀ ਰੱਖਦੇ ਹਨ। 11 ਅਕਤੂਬਰ 2021 ਨੂੰ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਈ ਵਿਸ਼ਵ-ਪੱਧਰੀ ਮੈਰਾਥਨ ਵਿਚ ਕਲੱਬ ਦੇ ਸਰਗਰਮ ਮੈਂਬਰ ਧਿਆਨ ਸਿੰਘ ਸੋਹਲ ਵੱਲੋਂ ਭਾਗ ਲੈਣ ਲਈ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਪਾਂਸਰ ਕਰਨ ਦਾ ਸ਼ੁਭ-ਕਦਮ ਗੁਰਪ੍ਰੀਤ ਢਿੱਲੋਂ ਹੁਰਾਂ ਵੱਲੋਂ ਹੀ ਉਠਾਇਆ ਗਿਆ ਸੀ ਅਤੇ ਹੁਣ 10 ਜੁਲਾਈ ਨੂੰ ਨਿਊਯੌਰਕ ਦੇ ਨੇੜੇ ਜੀਨੇਵਾ ਸ਼ਹਿਰ ਵਿਚ ਹੋਣ ਵਾਲੇ ਵੱਕਾਰੀ ਅੰਤਰ-ਰਾਸ਼ਟਰੀ 'ਹਾਫ਼-ਆਇਰਨਮੈਨ ਮੁਕਾਬਲੇ' ਵਿਚ ਭਾਗ ਲੈਣ ਜਾ ਰਹੇ ਕੁਲਦੀਪ ਗਰੇਵਾਲ ਅਤੇ ਹਰਜੀਤ ਸਿੰਘ ਨੂੰ ਵੀ ਸਿਟੀ ਕੌਂਸਲ ਵੱਲੋਂ ਸਪਾਂਸਰ ਕਰਵਾਉਣ ਦਾ ਸਿਹਰਾ ਵੀ ਉਨ੍ਹਾਂ ਨੂੰ ਹੀ ਜਾਂਦਾ ਹੈ।

ਇਸ ਦੌਰਾਨ ਨਰਿੰਦਰਪਾਲ ਬੈਂਸ ਵੱਲੋਂ 7 ਅਗਸਤ ਨੂੰ 'ਐਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਵੱਲੋਂ ਬਿਰੈਂਪਟਨ ਦੇ ਚਿੰਗੁਆਕੁਜ਼ੀ ਪਾਰਕ ਵਿਚ ਕਰਵਾਈ ਜਾ ਰਹੀ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜ ਤੇ ਵੱਕ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਸ ਦੇ ਨਾਲ ਹੀ 28 ਅਗਸਤ ਨੂੰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾ ਰਹੀ ਮੈਰਾਥਨ ਤੇ ਹਾਫ਼-ਮੈਰਾਥਨ 'ਇੰਸਪੀਰੇਸ਼ਨਲ ਸਟੈੱਪਸ-2022' ਬਾਰੇ ਜਾਣਕਾਰੀ ਪਰਮਜੀਤ ਸਿੰਘ ਢਿੱਲੋਂ ਵੱਲੋਂ ਸ਼ਾਂਝੀ ਕੀਤੀ ਗਈ। ਇਸ ਤਰ੍ਹਾਂ ਕਰੋਨਾ-ਕਾਲ ਦੇ ਦੋ ਸਾਲ ਤੋਂ ਵੀ ਵਧੀਕ ਦੁਖਦਾਈ ਸਮੇਂ ਤੋਂ ਛੁਟਕਾਰਾ ਪਾਉਣ ਤੋਂ ਬਾਅਦ ਟੀ.ਪੀ.ਏ.ਆਰ. ਕਲੱਬ ਵੱਲੋਂ ਜਸਵਿੰਦਰ ਸਿੰਘ ਵੜੈਚ ਦੀ ਯਾਦ ਵਿਚ ਕਰਵਾਇਆ ਗਿਆ ਦੌੜ ਤੇ ਵੱਕ ਦਾ ਇਹ ਸ਼ਾਨਦਾਰ ਈਵੈਂਟ ਯਾਦਗਾਰੀ ਹੋ ਨਿੱਬੜਿਆ। ਸ਼ਾਮ ਨੂੰ ਜੀ.ਟੀ.ਐਮ. ਦੇ ਕਰਤਾ-ਧਰਤਾ ਬਲਜਿੰਦਰ ਲੇਲਣਾ ਵੱਲੋਂ ਆਪਣੇ ਬੇਟੇ ਬਲਪ੍ਰੀਤ ਲੇਲਣਾ ਦੇ 8 ਅਪ੍ਰੈਲ ਨੂੰ ਹੋਏ ਵਿਆਹ ਦੀ ਖ਼ੁਸ਼ੀ ਦੋਸਤਾਂ ਨਾਲ ਸਾਂਝੀ ਕਰਨ ਲਈ 'ਹਾਈਲੈਂਡ ਆਟੋ ਰੀਪੇਅਰ ਸੈਂਟਰ' ਵਿਖੇ ਡਿਨਰ ਪਾਰਟੀ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਟੀ.ਪੀ.ਏ.ਆਰ ਕਲੱਬ ਦੇ ਕਈ ਮੈਂਬਰ ਸ਼ਾਮਲ ਹੋਏ।

ਤਰਕਸ਼ੀਲ ਸੁਸਾਇਟੀ ਦੀ ਮੀਟਿੰਗ ਵਿਚ ਸਾਇੰਸ ਅਧਾਰਤ ਲੈਕਚਰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦੀ ਬੀਤੇ ਐਤਵਾਰ ਮਰੋਕ ਲਾਅ ਆਫਿਸ ਵਿਚ ਹੋਈ ਜਨਰਲ ਬਾਡੀ ਮੀਟਿੰਗ ਵਿਚ ਤਰਕਸ਼ੀਲ ਵਿਚਾਰਾਂ ਦੇ ਪਸਾਰ ਨੂੰ ਜਾਰੀ ਰਖਦੇ ਹੋਏ, ਡਾ ਬਲਜਿੰਦਰ ਸੇਖੋਂ ਨੇ ਬਲੱਡ ਪ੍ਰੈਸ਼ਰ ਬਾਰੇ ਅਤੇ ਬਲਵਿੰਦਰ ਬਰਨਾਲਾ ਨੇ ਮਾਨਸਿਕ ਰੋਗਾਂ ਬਾਰੇ ਲੈਕਚਰ ਦਿੱਤੇ ਅਤੇ ਬਾਅਦ ਵਿਚ ਇਨ੍ਹਾਂ ਵਿਸ਼ਿਆਂ ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ।

ਡਾ ਬਲਜਿੰਦਰ ਸੇਖੋਂ ਨੇ ਅਪਣੇ ਲੈਕਚਰ ਵਿਚ ਬਲੱਡ ਪਰੈਸ਼ਰ ਦੇ ਵਿਸ਼ੇ ਤੇ ਸਾਇੰਸ ਅਧਾਰਤ ਜਾਣਕਾਰੀ ਦੇ ਨਾਲ ਨਾਲ ਅਪਣਾ ਨਿੱਜੀ ਤਜੱਰਬਾ ਸਾਂਝਾ ਕਰਦੇ ਹੋਏ ਕਿਹਾ ਕਿ ਆਮ ਡਾਕਟਰਾਂ ਵਲੋਂ ਖਾਸ ਕਰ ਪੰਜਾਬ ਵਿਚ ਕਿਸੇ ਨੂੰ ਬਲੱਡ ਪ੍ਰੈਸ਼ਰ ਦੀ ਦਵਾਈ ਸ਼ੁਰੂ ਕਰਨ ਵੇਲੇ ਕਹੇ ਸ਼ਬਦ ਕਿ ਇਸ ਨੂੰ ਰਹਿੰਦੀ ਉਮਰ ਤੱਕ ਖਾਣਾ ਹੀ ਖਾਣਾ ਹੈ, ਗਲਤ ਧਾਰਨਾ ਹੈ। ਬਲੱਡ ਪਰੈਸ਼ਰ ਨੂੰ ਬਹੁਕੌਮੀ ਕੰਪਨੀਆਂ ਅਪਣੇ ਮੁਨਾਫੇ ਖਾਤਰ ਉਮਰ ਭਰ ਦੀ ਬਿਮਾਰੀ ਦੱਸ ਕੇ ਕਰੋੜਾਂ ਡਾਲਰ ਕਮਾ ਰਹੀਆਂ ਹਨ। ਇਸ ਬਿਮਾਰੀ ਦਾ ਅਪਣੀ ਖੁਰਾਕ ਵਿਚ ਪੋਟਾਸ਼ੀਅਮ ਵਧਾ ਕੇ ਅਤੇ ਸੋਡੀਅਮ (ਆਮ ਲੂਣ) ਘਟਾ ਕੇ ਪੱਕਾ ਇਲਾਜ ਕੀਤਾ ਜਾ ਸਕਦਾ ਹੈ ਪਰ ਕਿਸੇ ਵੀ ਦਵਾਈ ਨੂੰ ਇੱਕ ਦਮ ਛਡਣਾ ਠੀਕ ਨਹੀਂ, ਇਹ ਹੌਲੀ ਹੌਲੀ ਅਪਣਾ ਬਲੱਡ ਪਰੈਸ਼ਰ ਮਿਣਦੇ ਹੋਏ ਛੱਡੀਆਂ ਜਾ ਸਕਦੀਆਂ ਹਨ। ਉਨ੍ਹਾਂ ਉਹ ਖਾਣ ਵਾਲੀਆਂ ਵਸਤਾਂ ਬਾਰੇ ਵੀ ਦੱਸਿਆ ਜਿਨ੍ਹਾਂ ਵਿਚ ਸੋਡੀਅਮ ਘੱਟ ਅਤੇ ਪੋਟਾਸ਼ੀਅਮ ਵੱਧ ਹੁੰਦਾ ਹੈ, ਜਿਵੇਂ ਕੇਲਾ, ਸੰਤਰਾ, ਐਵੋਕੈਡੋ, ਮੂੰਗਫਲੀ, ਖਜੂਰਾਂ,ਛੋਲੇ, ਰਾਜਮਾਂਹ ਆਦਿ। ਪਰ ਉਸ ਤੋਂ ਵੀ ਜਿਆਦਾ ਜਰੂਰੀ ਹੈ ਕਿ ਮਰੀਜ ਅਪਣੀਆਂ ਮਾਨਸਿੱਕ ਸੋਚਾਂ ਫਿਕਰਾਂ ਨੂੰ ਤਿਆਗੇ।

ਬਲਵਿੰਦਰ ਬਰਨਾਲਾ ਨੇ ਮਾਨਸਿਕ ਰੋਗਾਂ ਬਾਰੇ ਅਪਣੇ ਵਿਚਾਰ ਰੱਖਦਿਆਂ ਕਿਹਾ ਕਿ ਇਨ੍ਹਾਂ ਰੋਗਾਂ ਵਿਚ ਪ੍ਰਮੁੱਖ ਭੂਮਿਕਾ ਮਰੀਜ ਦਾ ਵਾਤਾਵਰਣ ਹੀ ਨਿਭਾਉਂਦਾ ਹੈ। ਜੇਕਰ ਕਿਸੇ ਦਾ ਪ੍ਰੀਵਾਰ ਸੁੱਖ ਸ਼ਾਂਤੀ ਵਿਚ ਜੀ ਰਿਹਾ ਹੈ ਤਾਂ ਆਮ ਤੌਰ ਤੇ ਇਹ ਮੁਸ਼ਕਿਲਾਂ ਨਹੀਂ ਆਉਂਦੀਆਂ ਪਰ ਜਦ ਪ੍ਰੀਵਾਰ ਵਿਚ ਤਣਾਓ ਆ ਜਾਵੇ ਤੱਦ ਹੀ ਕੁਝ ਵਿਅੱਕਤੀ ਇਨ੍ਹਾਂ ਕਠਿਨ ਸਥਿਤੀਆਂ ਦਾ ਟਾਕਰਾ ਨਹੀਂ ਕਰ ਸਕਦੇ ਅਤੇ ਮਾਨਸਿੱਕ ਰੋਗੀ ਬਣ ਜਾਂਦੇ ਹਨ। ਅਜਿਹੇਤਣਾਓ ਕਾਰਨ ਉਨ੍ਹਾਂ ਦੇ ਦਿਮਾਗ ਵਿਚਲੇ ਰਸਾਇਣਾਂ ਵਿਚ ਅਸੰਤੁਲਨ ਆ ਜਾਂਦਾ ਹੈ, ਜਿਸ ਨੂੰ ਠੀਕ ਕਰਨ ਵਿਚ ਕੁਝ ਦਵਾਈਆਂ ਵੀ ਸਹਾਇੱਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਠੀਕ ਤਰੀਕੇ ਨਾਲ, ਮਾਹਿਰ ਡਾਕਟਰ ਵਲੋਂ ਸਮੋਹਕ ਨੀਂਦ ਦੀ ਵਰਤੋਂ ਵੀ ਕਾਰਗਰ ਸਿੱਧ ਹੋ ਜਾਂਦੀ ਹੈ, ਪਰ ਕਿਸੇ ਅਣਜਾਣ ਵਲੋਂ ਇਸ ਦੀ ਵਰਤੋਂ ਨੁਕਸਾਨ ਵੀ ਕਰ ਸਕਦੀ ਹੈ। ਕਈ ਲੋਕ ਖੁਦ ਹੀ ਸਮੋਹਕ ਨੀਂਦ ਦੀ ਵਰਤੋਂ ਕਰਦਿਆ ਅਪਣੇ ਆਪ ਨੂੰ ਕਿਸੇ ਦੈਵੀ ਸ਼ਕਤੀ ਦਾ ਧਾਰਕ ਮੰਨ ਲੈਂਦੇ ਹਨ, ਇਹ ਵੀ ਖਤਰਨਾਕ ਸਿੱਧ ਹੋ ਸਕਦਾ ਹੈ।

ਮੀਟਿੰਗ ਵਿੱਚ ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ 10 ਜੁਲਾਈ ਨੂੰ ਕੀਤੇ ਜਾਣ ਵਾਲੇ ਵਿਸ਼ੇਸ਼ ਸੈਮੀਨਾਰ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਪ੍ਰੋਗਰਾਮ ਵਿਚ ਰਜਿਦਰ ਭਦੌੜ, ਜਿਨ੍ਹਾਂ ਨੂੰ ਪੰਜਾਬ ਵਿਚ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਮਨਾਂ ਵਿਚੋਂ ਸਰਲ ਸਪੱਸ਼ਟ ਸ਼ਬਦਾਂ ਵਿਚ ਭਰਮ ਤੋੜਨ ਦਾ ਲੰਬਾ ਤਜਰਬਾ ਹੈ ਅਤੇ ਸੁਰਜੀਤ ਦੌਧਰ ਜੋ ਅਪਣੇ ਨਵੇਕਲੇ ਰੌਚਿਕ ਢੰਗ ਨਾਲ ਵੱਡੇ ਇਕੱਠਾਂ ਵਿਚ ਹੱਥ ਰੇਖਾਵਾਂ ਅਤੇ ਗ੍ਰਿਹਾਂ ਤੇ ਅਧਾਰਤ ਜੋਤਿਸ਼ ਦੇ ਦਾਵਿਆਂ ਨੂੰ ਝੁਠਲਾਉਂਦੇ ਰਹੇ ਹਨ ਅਪਣੇ ਵਿਚਾਰ ਰੱਖਣਗੇ ਅਤੇ ਨਾਲ ਹੀ ਰਾਮ ਕੁਮਾਰ ਜੀ ਦੀ ਭਦੌੜ ਮੰਡਲੀ ਵਲੋਂ ,ਜਿਸ ਦਾ ਪੰਜਾਬ ਦੇ ਗਾਣ ਵਜਾਣ ਦੇ ਗੰਧਲੇ, ਲੋਕਾਂ ਨੂੰ ਅਸਲ ਮੁਦਿਆਂ ਤੋਂ ਭਟਕਾਉਣ ਵਾਲੇ ਮਾਹੌਲ ਵਿਚ, ਲੋਕਾਂ ਦੀ ਜਿੰਦਗੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਰਚਨਾਵਾਂ ਲੋਕਾਂ ਵਿਚ ਸੰਗੀਤ ਨਾਲ ਲਿਜਾਣ ਦਾ ਲੰਬਾ ਤਜਰਬਾ ਹੈ, ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।

ਪ੍ਰੋਗਰਾਮਾ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸੰਯੁਕਤ ਰਾਸ਼ਟਰ ਦੇ ਨਵ-ਨਿਯੁੱਕਤ ਡਿਜ਼ੀਟਲ ਸਫ਼ੀਰ - ਡਾ. ਅਮਨਦੀਪ ਸਿੰਘ ਗਿੱਲ

ਸਮੂਹ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਦੇ ਲਈ ਇਹ ਬਹੁਤ ਹੀ ਮਾਣ-ਭਰਪੂਰ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਅਤੇ ਸਕੱਤਰ-ਜਨਰਲ ਐਨਟੋਨੀਓ ਬੁਤਰਸ ਨੇ ਪੰਜਾਬੀ-ਮੂਲ ਦੇ ਸਾਇੰਸਦਾਨ-ਕੂਟਨੀਤਕ ਡਾ. ਅਮਨਦੀਪ ਸਿੰਘ ਗਿੱਲ ਨੂੰ ਆਪਣਾ ਤਕਨਾਲੋਜੀਕਲ-ਰਾਜਦੂਤ (ਐਨਵੁਆਇ ਔਨ ਤਕਨੌਲੋਜੀ) ਨਿਯੁੱਕਤ ਕੀਤਾ ਹੈ। ਡਾ. ਗਿੱਲ ਸੰਯੁਕਤ-ਰਾਸ਼ਟਰ ਮੁਖੀ ਦੇ ਡਿਜਿਟਲ ਕੋ-ਓਪਰੇਸ਼ਨ ਦੇ ਵਿਸ਼ਵ ਪ੍ਰੋਗਰਾਮਾਂ ਵਿੱਚ ਤਾਲਮੇਲ ਦੇ ਕੰਮਾਂ ਦੀ ਨਿਗਰਾਨੀ ਕਰਨਗੇ। ਅੱਜ ਜਦ ਸੰਸਾਰ ਆਰਟੀਫੀਸ਼ੀਅਲ ਇੰਟੈਲੀਜੈਂਸ, ਕੰਪਿਊਟਰਾਂ ਅਤੇ ਡਰੋਨਾਂ ਰਾਹੀਂ ਲੜੇ ਜਾਣ ਵਾਲ਼ੇ ਨਿਊਕਲਾਈ ਮਹਾਂ-ਯੁੱਧ ਦੇ ਕਿਨਾਰੇ ’ਤੇ ਖੜ੍ਹਾ ਹੈ ਤਾਂ ਇਸ ਅਹੁਦੇ ਦੀ ਮਹਾਨਤਾ ਅਤੇ ਜ਼ਿੰਮੇਵਾਰੀ ਬਹੁਤ ਹੀ ਵੱਧ ਗਈ ਹੈ। ਖਾਸ ਕਿਸਮ ਦੇ ਇਸ ਉੱਚ-ਅਹੁਦੇ ਲਈ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਨ ਵਾਲ਼ੇ ਉਹ ਸਾਰੇ ਸੰਸਾਰ ਦੇ ਚੋਣਵੇਂ ਵਿਗਿਆਨੀਆਂ ਵਿੱਚੋਂ ਹਨ ਜਿਹੜੇ ਖੁਦ ਇੱਕ ਪੇਸ਼ਾਵਰ ਕੂਟਨੀਤਕ ਵੀ ਹੋਣ। ਅਮਨਦੀਪ ਸਿੰਘ ਗਿੱਲ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ. ਟੈੱਕ. ਦੀ ਡਿਗਰੀ ਹਾਸਲ ਕੀਤੀ ਅਤੇ 1992 ’ਚ ਭਾਰਤੀ ਵਿਦੇਸ਼ ਸੇਵਾ (ਇੰਡੀਅਨ ਫੌਰਿਇਨ ਸਰਵਿਸ) ਵਿੱਚ ਦਾਖ਼ਲ ਹੋਏ। ਉਨ੍ਹਾਂ ਦਾ ਬਹੁਤਾ ਸੇਵਾ-ਕਾਲ ਸੰਯੁਕਤ-ਰਾਸ਼ਟਰ ਵਿੱਚ ਹੀ ਗੁਜਰਿਆ ਜਿਸ ਦੌਰਾਨ ਉਨ੍ਹਾਂ ਨੇ ਕਿੰਗਜ਼ ਕਾਲਜ ਲੰਡਨ ਤੋਂ ਨਿਊਕਲੀਅਰ ਸਾਇੰਸ ਵਿੱਚ ਪੀ.ਐੱਚ.ਡੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਪੜ੍ਹਾਈ ਦੀਆਂ ਕਿਸਮਾਂ ਅਤੇ ਹੋਰ ਪ੍ਰਾਪਤੀਆਂ ਨੂੰ ਸਮਝਣਾ ਸਾਡੇ ਵਰਗਿਆਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਸਬੰਧ ’ਚ ਸੰਯੁਕਤ ਰਾਸ਼ਟਰ ਵੱਲੋਂ ਉਨ੍ਹਾਂ ਦੀ ਨਿਯੁੱਕਤੀ ਵਕਤ ਜਾਰੀ ਕੀਤਾ ਬਿਆਨ ਪੜ੍ਹ ਲੈਣਾ ਹੀ ਕਾਫ਼ੀ ਹੋਵ-ੇਗਾ।

“ਵਿਸ਼ਵ ਦੇ ਚੋਟੀ ਦੇ ਡਿਜਿਟਲ ਤਕਨਾਲੋਜੀ ਮਾਹਿਰ ਹੋਣ ਸਦਕਾ ਉਹ ਇਸ ਅਹੁਦੇ ’ਤੇ ਆਪਣਾ ਵਿਸ਼ਾਲ ਅਤੇ ਬਹੁ-ਪੱਖੀ ਗਿਆਨ ਨਾਲ਼ ਲੈ ਕੇ ਆਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਉਨ੍ਹਾਂ ਕੋਲ਼ ਤੇਜ਼ੀ ਨਾਲ਼ ਬਦਲ ਰਹੀ ਇਸ ਤਕਨਾਲੋਜੀ ਦੀ ਜ਼ਿੰਮੇਵਾਰਾਨਾ ਅਤੇ ਸਰਬ-ਸਾਂਝੀਵਾਲਤਾ ਨਾਲ਼ ਸਦ-ਵਰਤੋਂ ਕਰਨ ਦੀ ਸਟੀਕ ਸੂਝ ਅਤੇ ਸਹਿਜ-ਭਾਵਨਾ ਹੈ।”

ਆਪਣੇ ਖੇਤਰ ਵਿੱਚ ਉਨ੍ਹਾਂ ਨੂੰ ਭਵਿੱਖ ਦੇ ਮਿ. ਨਰਿੰਦਰ ਸਿੰਘ ਕਪਾਨੀ (ਫਾਈਬਰ ਔਪਟਿਕਸ ਵਾਲ਼ੇ) ਕਿਹਾ ਜਾ ਸਕਦਾ ਹੈ।

- ਇੰਜ. ਈਸ਼ਰ ਸਿੰਘ

ਫ਼ੋਨ:647 640 2014

ਭਾਰਤ ਵਿਚ ਮੋਦੀ ਦੇ ਲੋਕ-ਵਿਰੋਧੀ ਹਮਲੇ ਦਾ ਟਾਕਰਾ ਵਿਸ਼ਾਲ ਏਕਤਾ ਨਾਲ ਹੀ ਕੀਤਾ ਜਾ ਸਕਦੈ : ਕਾਮਰੇਡ ਪਾਸਲਾ

ਕਿਸਾਨੀ ਸੰਕਟ ਨਾਲ ਨਜਿੱਠਣਾ ਸਮੇਂ ਦੀ ਲੋੜ ਹੈ : ਡਾ. ਗਿੱਲ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 12 ਜੂਨ ਨੂੰ ਬਰੈਂਪਟਨ ਦੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ ਵਿਚ ਪੰਜਾਬ ਹਿਤੈਸ਼ੀ ਗਰੁੱਪ ਵੱਲੋਂ ਰੈਵੋਲਿਊਸ਼ਨਰੀ ਮਾਰਕਸਿਸਟ ਪਾਰਟੀ ਆਫ਼ ਇੰਡੀਆ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਦੇ ਭਾਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਦਾ ਵਿਸ਼ਾ "ਭਾਰਤ ਦੀ ਵਰਤਮਾਨ ਸਥਿਤੀ ਅਤੇ ਖੱਬੀ ਧਿਰਦੀ ਭੂਮਿਕਾ" ਸੀ। ਸਰੋਤਿਆਂ ਨਾਲ ਕਾਮਰੇਡ ਪਾਸਲਾ ਦੀ ਜਾਣ-ਪਛਾਣ ਕਰਾਉਂਦਿਆਂ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਦੱਸਿਆ ਕਿ ਪੰਜਾਬ ਦੇ ਦੁਆਬਾ ਖ਼ੇਤਰ ਦੇ ਇਕ ਆਮ ਪਰਿਵਾਰ ਦੇ ਜੰਮ-ਪਲ ਪਾਸਲਾ ਇਕ ਹੋਣਹਾਰ ਤੇ ਸੂਝਵਾਨ ਵਿਦਿਆਰਥੀ ਸਨ ਅਤੇ ਉਹ ਆਪਣੇ ਕਾਲਜ ਦੇ ਦਿਨਾਂ ਵਿਚ ਹੀ ਖੱਬੇ-ਪੱਖੀ ਵਿਦਿਆਰਥੀ ਜੱਥੇਬੰਦੀ ਐੱਸ.ਐੱਫ਼.ਆਈ. ਨਾਲ ਜੁੜ ਗਏ ਅਤੇ ਫਿਰ ਮਜ਼ਦੂਰ ਜੱਥੇਬੰਦੀ 'ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼' ਦੇ ਕੁਲਵਰਤੀ ਆਗੂ ਵਜੋਂ ਵਿਚਰਦੇ ਹੋਏ ਇਸ ਦੇ ਸੂਬਾ ਸਕੱਤਰ ਬਣੇ। ਸਿਧਾਤਕ ਵੱਖਰੇਵਿਆਂ ਕਾਰਨ ਉਨ੍ਹਾਂ ਪਹਿਲਾਂ ਸੀ.ਪੀ.ਐੱਮ. ਅਤੇ ਫਿਰ ਆਰ.ਐੱਮ.ਪੀ.ਆਈ. ਦਾ ਗਠਨ ਕੀਤਾ।

ਕਾਮਰੇਡ ਪਾਸਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਰਤ ਦਾ ਆਰਥਿਕ ਸੰਕਟ ਦਿਨ-ਬਦਿਨ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ ਅਤੇ ਇਸ ਵੇਲੇ ਦੇਸ਼ ਵਿਚ ਨਾ ਕੇਵਲ ਖੱਬੀ ਧਿਰ ਦੀ ਮਜ਼ਬੂਤੀ ਦੀ ਜ਼ਰੂਰਤ ਹੈ, ਸਗੋਂ ਦੇਸ਼ ਦੇ ਜਮਹੂਰੀ ਅਤੇ ਸੈਕੂਲਰ ਲੋਕਾਂ ਦਾ ਏਕਾ ਸਮੇਂ ਦੀ ਲੋੜ ਹੈ। ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਵਿਚ ਖੱਬੇ-ਪੱਖੀ ਧਿਰਾਂ ਕੋਲੋਂ ਕਈ ਗ਼ਲਤੀਆਂ ਹੋਈਆਂ ਹਨ, ਜਿਵੇਂ ਕਿ ਦਲਿਤਾਂ ਤੇ ਔਰਤਾਂ ਦੀ ਲਾਮਬੰਦੀ ਵਿਚ ਭਾਰੀ ਕੋਤਾਹੀ ਹੋਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਲੜੇ ਗਏ ਕਿਸਾਨੀ ਘੋਲ ਨੇ ਲੋਕਾਂ ਨੂੰ ਕਈ ਹਾਂ-ਪੱਖੀ ਸਬਕ ਦਿੱਤੇ ਹਨ। ਲੋਕਾਂ ਵਿਚ ਏਕਤਾ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਮੌਜੂਦਾ ਸਰਕਾਰ ਵੱਲੋਂ ਜਿਸ ਤਰ੍ਹਾਂ ਆਰਥਿਕ ਸੰਕਟ ਦਾ ਭਾਰ ਲੋਕਾਂ 'ਤੇ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਚੂਮਰ ਕੱਢਿਆ ਜਾ ਰਿਹਾ ਹੈ, ਲੋਕਾਂ ਦਾ ਏਕਾ ਸਮੇਂ ਦੀ ਬੜੀ ਵੱਡੀ ਲੋੜ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਇਸ ਦਸ਼ਾ ਵਿਚ ਯਤਨਸ਼ੀਲ ਹੈ ਅਤੇ ਇਸ ਦੇ ਸਾਰਥਿਕ ਸਿੱਟੇ ਨਿਕਲਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਉਨ੍ਹਾਂ ਪਰਵਾਸੀ ਵੀਰਾਂ-ਭੈਣਾਂ ਨੂੰ ਵੀ ਤਾਕੀਦ ਕੀਤੀ ਕਿ ਉਹ ਦੇਸ਼ ਦੀ ਖੱਬੀ ਧਿਰ ਨੂੰ ਇਸਦੇ ਲਈ ਅਪੀਲ ਕਰਨ।

ਇਸ ਮੌਕੇ ਵਿਸ਼ਵ-ਪ੍ਰਸਿੱਧ ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਭਾਰਤ ਦੀ ਵਰਤਮਾਨ ਕਿਸਾਨੀ ਦੀ ਹਾਲਤ ਬਿਆਨ ਕਰਦੇ ਹੋਏ ਦੱਸਿਆ ਕਿ ਦੇਸ਼ ਦੇ 86% ਕਿਸਾਨਾਂ ਦੀ ਮਾਲਕੀ 10 ਏਕੜ ਤੋਂ ਘੱਟ ਹੈ ਅਤੇ ਖੇਤੀ ਇਸ ਸਮੇਂ ਲਾਹੇਵੰਦਾ ਧੰਦਾ ਨਹੀਂ ਹੈ, ਭਾਵ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਨ ਨਾਲ ਕਿਸਾਨ ਦਾ ਗੁਜ਼ਾਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਦੀ ਵਰਤਮਾਨ ਮੋਦੀ ਸਰਕਾਰ ਖੇਤੀ ਸੰਕਟ ਦਾ ਹੱਲ ਲੱਭਣ ਦੀ ਥਾਂ ਕਾਰਪੋਰੇਟ-ਪੱਖੀ ਨੀਤੀ ਅਪਨਾਅ ਕੇ ਦੇਸ਼ ਦਾ ਫ਼ਿਰਕਾਪ੍ਰਸਤ ਧਰੁੱਵੀਕਰਣ ਕਰ ਵਿਚ ਜੁੱਟੀ ਹੋਈ ਹੈ ਜਿਸਦਾ ਜੁਆਬ ਅਪਪਲੇ ਸਮੇਂ ਵਿਚ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਤੇ ਮਜ਼ਦੂਰ ਜੱਥੇਬੰਦੀਆਂ ਨੇ ਮਿਲ਼ ਕੇ ਬਾਖ਼ੂਬੀ ਦਿੱਤਾ ਹੈ ਅਤੇ ਅੱਗੋਂ ਵੀ ਇੰਜ ਹੀ ਮਿਲ਼ ਕੇ ਦਿੱਤਾ ਜਾ ਸਕਦਾ ਹੈ। ਇਸ ਮੌਕੇ ਐਡਮਿੰਟਨ ਤੋਂ ਐੱਨ.ਡੀ.ਪੀ. ਦੇ ਐੱਮ.ਐੱਲ.ਏ. ਜਸਵੀਰ ਦਿਓਲ ਨੇ ਵੀ ਆਪਣੇ ਕਈ ਤਜਰਬੇ ਹਾਜ਼ਰੀਨ ਨਾਲ ਸਾਂਝੇ ਕੀਤੇ। ਸਰੋਤਿਆਂ ਵੱਲੋਂ ਕੀਤੇ ਗਏ ਸੁਆਲਾਂ ਦੇ ਜਵਾਬ ਮੁੱਖ-ਵਕਤਾ ਕਾਮਰੇਡ ਪਾਸਲਾ ਵੱਲੋਂ ਤਸੱਲੀ ਪੂਰਵਕ ਦਿੱਤੇ ਗਏ। ਬਹੁਤੇ ਸੁਆਲਾਂ ਵਿਚ ਖੱਬੀ ਧਿਰ ਦੀ ਏਕਤਾ ਦੀ ਭਾਵਨਾ ਦੀ ਝਲਕ ਦਿਖਾਈ ਦੇ ਰਹੀ ਸੀ।

ਦੋ ਘੰਟੇ ਤੋਂ ਵਧੀਕ ਚੱਲੇ ਇਸ ਪ੍ਰੋਗਰਾਮ ਵਿਚ ਪੀ ਟੀ ਐੱਨ 24 ਦੇ ਜੱਸ ਬਰਾੜ ਤੇ ਜਗਸੀਰ ਸ਼ਰਮਾ, ਟੀ.ਵੀ. ਪੰਜਾਬੀ ਦੇ ਹਰਜੀਤ ਗਿੱਲ, 'ਰੇਡੀਓ ਨਗਾਰਾ' ਦੇ ਚਰਨਜੀਤ ਬਰਾੜ, ਔਰਤਾਂ ਦੀ ਕੌਮਾਂਤਰੀ ਜੱਥੇਬੰਦੀ 'ਦਿਸ਼ਾ' ਵੱਲੋਂ ਡਾ. ਕੰਵਲਜੀਤ ਢਿੱਲੋਂ, ਸੁਰਜੀਤ ਟੋਰਾਂਟੋ, ਸਰਬਜੀਤ ਕਾਹਲੋਂ, ਅਮਨ ਹੁੰਦਲ, ਬਲਵੀਰ ਕੌਰ ਮੱਲ੍ਹੀ, ਕਾਮਰੇਡ ਲਾਲ ਸਿੰਘ ਢਿੱਲੋਂ, ਲਾਲ ਸਿੰਘ ਬੈਂਸ, ਬਲਜੀਤ ਬੈਂਸ, ਗੁਰ-ਚਰਨ ਸਿੰਘ ਜਿਊਣਵਾਲਾ, ਪ੍ਰਿੰਸੀਪਲ ਸੁਖਚੈਨ ਸਿੰਘ , ਪ੍ਰੀਤਮ ਸਿੰਘ ਢੀਂਡਸਾ, ਵਕੀਲ ਸੁਖਵਿੰਦਰ ਸਿੰਘ ਕਾਹਲੋਂ, ਪ੍ਰਦੀਪ ਜੋਧਾਂ ਅਤੇ ਹੈਪੀ ਹਰਕੰਵਲ ਸਿੰਘ ਸਮੇਤ ਹੋਰ ਕਈ ਜਾਗਰੂਕ ਸ਼ਹਿਰੀ ਸ਼ਾਮਲ ਹੋਏ ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਕਾਮਰੇਡ ਮੰਗਤ ਰਾਮ ਪਾਸਲਾ, ਡਾ. ਸੁੱਚਾ ਸਿੰਘ ਗਿੱਲ, ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਜਸਵੀਰ ਦਿਓਲ ਸ਼ਾਮਲ ਸਨ। ਮੰਚ-ਸੰਚਾਲਨ ਦੀ ਭੂਮਿਕਾ ਹਰਿੰਦਰ ਹੁੰਦਲ ਵੱਲੋਂ ਬਾਖ਼ੂਬੀ ਨਿਭਾਈ ਗਈ। ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਹਰਬੰਸ ਸਿੰਘ ਮੱਲ੍ਹੀ ਵੱਲੋਂ ਕੀਤਾ ਗਿਆ ਜੋ ਪ੍ਰਸਿੱਧ ਕਬੱਡੀ ਖਿਡਾਰੀ ਤੋਚੀ ਕਾਲਾ ਸੰਘਿਆ ਨੂੰ ਆਪਣੇ ਨਾਲ ਲਿਆਏ ਸਨ।

ਸੀਨੀਅਰ ਸਿਟੀਜ਼ਨ ਬਲੈਕ ਓਕ ਕਲੱਬ ਵਲੋਂ ਮਨਾਇਆ ਵਿਸਾਖੀ ਸਮਾਗਮ

ਬਰੈਂਪਟਨ, 16 ਜੂਨ: ਸੀਨੀਅਰ ਸਿਟੀਜ਼ਨ ਬਲੈਕ ਓਕ ਕਲੱਬ ਵਲੋਂ ਹਰ ਸਾਲ ਦੀ ਤਰਾਂ ਕਲੱਬ ਦੇ ਪ੍ਰਧਾਨ ਸ੍ਰੀ ਆਤਮਾਂ ਸਿੰਘ ਬਰਾੜ ਦੀ ਅਗਵਾਈ ਵਿਚ ਬਲਿਉ ਓਕ ਪਾਰਕ ਵਿਖੇ ਵਿਸ਼ਾਖੀ ਸਮਾਗਮ ਮਨਾਇਆ ਗਿਆ ਜਿਸ ਵਿਚ ਕਲੱਬ ਦੇ ਦਰਜ਼ਾ-ਬ-ਦਰਜ਼ਾ ਅਹੁਦੇਦਾਰਾਂ, ਵੱਡੀ ਗਿਣਤੀ ਮੈਬਰਾਂ ਅਤੇ ਕਲੱਬ ਦੇ ਸਦੇ ਤੇ ਪਹੁੰਚੇ ਮਹਿਮਾਨਾਂ ਵਲੋਂ ਸ਼ਿਰਕਤ ਕੀਤੀ ਗਈ। ਸਟੇਜ਼ ਸਕੱਤਰ ਦੀ ਜਿਮੇਵਾਰੀ ਸ੍ਰੀ ਸਿਕੰਦਰ ਸਿੰਘ ਝੱਜ ਨੂੰ ਸੌਂਪੀ ਗਈ। ਸਕੱਤਰ ਵਲੋਂ ਮੰਚ ਤੇ ਹਾਜਰੀਨ ਅਤੇ ਸਮਾਗਮ ਵਿਚ ਸ਼ਾਮਲ ਸਭ ਨੂੰ ਮਾਨ ਸਤਿਕਾਰ ਸਹਿਤ ਜੀ ਆਇਆਂ ਆਖਿਆ ਗਿਆ।

ਕਾਰਵਾਈ ਦੇ ਸ਼ੁਰੂ ਵਿਚ ਸਵਰਗੀ ਸ੍ਰੀ ਰਣਜੀਤ ਸਿੰਘ ਤੱਖਰ ਜੋ ਕਲੱਬ ਦੇ ਲਮਾਂ ਸਮਾਂ ਸ੍ਰਪ੍ਰਸਤ ਰਹੇ ਸਨ ਉਹਨਾਂ ਦੀ ਆਤਮਿਕ ਸ਼ਾਂਤੀ ਵਾਸਤੇ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿੱਚ ਸ੍ਰ: ਸਿਕੰਦਰ ਸਿੰਘ ਸਕੱਤਰ ਵਲੋਂ ਵਿਸਾਖੀ ਦਿਵਸ ਦੀ ਮਹਾਨਤਾ ਬਾਰੇ ਵਰਨਣ ਕੀਤਾ ਗਿਆ। ਸ. ਬੂਟਾ ਸਿੰਘ ਧਾਲੀਵਾਲ, ਭਰਪੂਰ ਸਿੰਘ ਚਾਹਲ, ਜਸਵੰਤ ਸਿੰਘ ਬੂਲਾਰਾ ਵਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸ. ਹਰਜ਼ੀਤ ਸਿੰਘ ਮੇਹਲੋਂ ਅਤੇ ਸ. ਹਰਨੇਕ ਸਿੰਘ ਗਿੱਲ ਵਲੋਂ ਵਿਸਾਖੀ ਦੇ ਇਤਹਾਸ ਬਾਰੇ ਪੂਰਨ ਤੌਰ ਤੇ ਜਾਣੂ ਕਰਵਾਇਆ ਗਿਆ। ਉਚੇਚੇ ਤੌਰ ਤੇ ਪਹੁੰਚੇ ਸ੍ਰੀ ਹਰਕੀਰਤ ਸਿੰਘ ਸਿਟੀ ਕਾਉਂਸਲਰ, ਗਰਾਹਮ ਗਰੇਗਰ ਜਿਨਾਂ ਵਲੋਂ ਪ੍ਰਵਿੰਸ ਦੀ ਚੋਣ ਲੜੀ ਗਈ ਵਲੋਂ ਵਿਚਾਰ ਸਾਂਝੇ ਕੀਤੇ ਗਏ। ਜਸਵੰਤ ਸਿੰਘ ਧਲੀਵਾਲ ਵਲੋਂ ਪੰਜਾਬ ਵਿਚਲੇ ਪਾਣੀ ਦੇ ਡਿਗ ਰਹੇ ਮਿਆਰ ਤੇ ਚਿੰਤਾ ਜ਼ਾਹਰ ਕਰਦਿਆਂ ਕਨੇਡਾ ਵਿਚ ਰਹਿੰਦੇ ਪੰਜਾਬੀ ਪ੍ਰਵਾਸੀ ਭਾਈਚਾਰੇ ਨੂੰ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ ਤਾਂ ਜੋ ਪੰਜਾਬ ਦੀ ਧਰਤੀ ਨੂੰ ਬੰਜ਼ਰ ਹੋਣ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਸੁਖਵਿੰਦਰ ਸਿੰਘ ਬੰਨਣ ਵਲੋਂ ਵੀ ਆਪਣੀ ਹਾਜ਼ਰੀ ਲਗਾਈ ਗਈ। ਸਮਾਗਮ ਦੀ ਫੋਟੋਗ੍ਰਾਫੀ ਦੀ ਜਿਮੇਂਵਾਰੀ ਸ੍ਰੀ ਰਾਮ ਦਿਆਲ ਵਲੋਂ ਨਿਭਾਈ ਗਈ। ਇਸ ਮੌਕੇ ਕਲੱਬ ਦੇ ਪ੍ਰਧਾਨ ਸ੍ਰੀ ਆਤਮਾਂ ਸਿੰਘ ਬਰਾੜ ਅਤੇ ਸੀਨੀਅਰ ਕਲੱਬ ਮੈਬਰਾਂ ਵਲੋਂ ਸ੍ਰੀ ਚਰਨਜ਼ੀਤ ਸਿੰਘ ਹੈਡਮਾਸਟਰ ਸਮਾਲਸਰ ਵਲੋਂ ਲਿਖੀਆਂ ਕਵਿਤਾਵਾਂ ਦੀ ਕਿਤਾਬ ' ਫਿਕਰ ਨਾ ਕਰੀਂ ' ਦੀ ਘੁੰਡ ਚੁਕਾਈ ਕੀਤੀ ਗਈ।ਕਲੱਬ ਵਲੋਂ ਚਾਹ ਪਕੌੜੇ ਅਤੇ ਮਠਿਆਈ ਦਾ ਪ੍ਰਬੰਧ ਕੀਤਾ ਗਿਆ ਸੀ। ਅਖੀਰ ਵਿਚ ਕਲੱਬ ਦੇ ਪ੍ਰਧਾਨ ਸ੍ਰ: ਆਤਮਾਂ ਸਿੰਘ ਬਰਾੜ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਚਾਹ-ਪਾਣੀ ਦਾ ਲੰਗਰ ਛਕ ਕੇ ਜਾਣ ਦੀ ਅਪੀਲ ਕੀਤੀ ਗਈ।

(ਆਤਮਾ ਸਿੰਘ ਬਰਾੜ), ਪ੍ਰਧਾਨ
(ਸਿਕੰਦਰ ਸਿੰਘ ਝੱਜ), ਸਕੱਤਰ
ਸੀਨੀਅਰ ਸਿਟੀਜ਼ਨ
ਕਲੱਬ ਬਲੈਕ ਓਕ

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:
GUARANTEED
MCNE
CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
- 2000 sq feet ਦਾ Semi-Detached ਘਰ
- 4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
- ਸਟੇਨਲੇਸ ਸਟੀਲ ਉਪਕਰਨ
- ਫਨਿਸ਼ਿਡ ਬੇਸਮੈਂਟ
- ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
- ਕੁਆਰਟਜ਼ ਕਾਊਂਟਰ ਟੌਪ
- ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
- 2500 - 3000 sq feet
- Detach ਘਰ, ਡਬਲ ਡੋਰ ਐਂਟਰੀ
- 4 ਬੈੱਡਰੂਮ + ਕੰਪਊਟਰ ਲੌਫਟ + 3 ਵਾਸ਼ਰੂਮ + 2 ਕਾਰ ਗੈਰੇਜ
- ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ
- ਸਟੇਨਲੇਸ ਸਟੀਲ ਉਪਕਰਨ
- ਹਾਈਵੇਅ 403 ਦੇ ਨੇੜੇ
SOLD WILLIAMS PKWY / CENTRE ST
SOLD WILLIAMS PKWY / ROYAL ORCHARD
SOLD QUEEN ST / DIXIE RD
SOLD SANDALWOOD / BRAIDWOOD LAKE
SOLD HOWDEN BLVD / WILLIAM PRWY
SOLD QUEEN ST / MCLAUGHLIN
SOLD HWY 10 / BOVAID DR
SOLD GOREWAY DR / QUEEN ST E
FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
Seller & Jag Aujla Broker of Remax Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022

ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀਆਂ ਤੇ ਕਾਰੋਬਾਰੀਆਂ ਵੱਲੋਂ ਮਾਨ ਸਰਕਾਰ ਨੂੰ ਸੇਵਾਵਾਂ ਦੀ ਪੇਸ਼ਕਸ਼

ਸਾਨ ਫਰਾਂਸਿਸਕੋ, 16 ਜੂਨ (ਪੋਸਟ ਬਿਊਰੋ)- ਭਾਰਤੀ ਮੂਲ ਦੇ ਅਮਰੀਕਨ ਵਿਗਿਆਨੀਆਂ ਤੇ ਕਾਰੋਬਾਰੀਆਂ ਨੇ ਪੰਜਾਬ ਸਰਕਾਰ ਨੂੰ ਆਪਣੀਆਂ ਸੇਵਾਵਾਂ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਸੂਬੇ ਦੇ ਮੌਜੂਦਾ ਹਾਲਾਤ, ਵਾਤਾਵਰਣ ਅਤੇ ਮੌਸਮੀ ਤਬਦੀਲੀਆਂ ਦੇ ਖਤਰੇ ਨੂੰ ਰੋਕਣ ਲਈ ਵੱਡੇ ਯਤਨਾਂ ਦੀ ਲੋੜ ਹੈ। ਖਾਸ ਤੌਰ ਉੱਤੇ ਉਨਤ ਖੇਤੀ ਵਿਗਿਆਨ ਨੂੰ ਅੱਜ ਦੇ ਯੁੱਗ ਵਿੱਚ ਅਪਣਾਉਣਾ ਹੀ ਪਵੇਗਾ, ਜਿਸ ਨਾਲ ਪੰਜਾਬ ਮੁੜ ਤਰੱਕੀ ਤੇ ਖੁਸ਼ਹਾਲੀ ਦੀਆਂ ਲੀਹਾਂ ਉੱਤੇ ਚੱਲ ਸਕਦਾ ਹੈ। ਉਨ੍ਹਾਂ ਮੌਜੂਦਾ ਭਗਵੰਤ ਮਾਨ ਸਰਕਾਰ ਤੋਂ ਆਸ ਪ੍ਰਗਟਾਈ ਹੈ ਕਿ ਉਹ ਪੰਜਾਬ ਦੀ ਬਿਹਤਰੀ ਲਈ ਦੁਨੀਆਂ ਭਰ ਵਿੱਚ ਵਸਦੇ ਪੰਜਾਬ ਹਿਤੈਸ਼ੀਆਂ ਦਾ ਹਰ ਤਰ੍ਹਾਂ ਦਾ ਸਹਿਯੋਗ ਲੈਣਗੇ, ਕਿਉਂਕਿ ਲੋਕਾਂ ਨੇ ਨਾ ਸਿਰਫ ਰਾਜਨੀਤਕ ਬਦਲਾਅ ਸਗੋਂ ਸੁਫਨਿਆਂ ਨੂੰ ਸਿਰਜਣ ਲਈ ਪੰਜਾਬ ਦੀ ਰਾਜ ਸੱਤਾ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ।

ਡਾ. ਪਰਮ ਰੰਧਾਵਾ, ਜੋ ਪਲਾਂਟ ਪੈਥੋਲੋਜੀ ਤੇ ਜੈਨੇਟਿਕ ਟੈਸਟਿੰਗ ਵਿਗਿਆਨ ਵਿੱਚ ਮਾਹਰ ਹਨ ਅਤੇ ਸੀ ਐਸ ਪੀ ਲੈਬਸ ਤੇ ਮਾਈਕਰੋ ਪੈਰਾਡੌਕਸ ਦੇ ਮੁੱਖੀ ਵੀ ਹਨ, ਨੇ ਕਿਹਾ ਕਿ ਉਹ ਪੰਜਾਬ ਵਿੱਚ ਐਵਾਕਾਡੋ, ਬਲਿਊ ਬੇਰੀ ਅਤੇ ਹੋਰ ਅਜਿਹੀ ਖੇਤੀ ਲਈ ਆਪਣੀਆਂ ਵਿਗਿਆਨਕ ਸੇਵਾਵਾਂ ਦੇ ਸਕਦੇ ਹਨ। ਉਨ੍ਹਾਂ ਪੰਜਾਬ ਦੇ ਪੇਂਡੂ ਰਾਜ ਤੇ ਪੰਚ-ਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਜੋ ਲੰਬਾ ਸਮਾਂ ਅਮਰੀਕਾ ਰਹਿ ਕੇ ਗਏ ਹਨ, ਦੀ ਕਾਰਜਸ਼ੈਲੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਪਿੰਡਾਂ ਦੇ ਵਿਕਾਸ ਦੀ ਬਣਤਰ ਤੇ ਮਾਡਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਤੇ ਉਨ੍ਹਾਂ ਦੀ ਅਗਵਾਈ ਚੰਗੇ ਨਤੀਜੇ ਦੇ ਸਕਦੀ ਹੈ। ਉਤਰੀ ਅਮਰੀਕਾ ਵਿੱਚ ਓ ਪੀ ਦੇ ਮੁੱਖ ਵਿਗਿਆਨੀ ਤੇ ਡਾਇਰੈਕਟਰ ਡਾ. ਅਮਰਜੀਤ ਸਿੰਘ ਬਸਰਾ, ਜੋ ਡੀ ਏ ਪੀ ਦੇ ਉਤਪਾਦਨ ਵਿੱਚ ਪਹਿਲਾਂ ਹੀ ਭਾਰਤ ਲਈ ਚੰਗੀਆਂ ਸੇਵਾਵਾਂ ਦੇ ਰਹੇ ਹਨ, ਨੇ ਵੀ ਪੇਸ਼ਕਸ਼ ਕੀਤੀ ਹੈ ਕਿ ਜਿਵੇਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਮਰੀਕੀ ਪ੍ਰਬੰਧਾਂ ਤੇ ਢਾਂਚੇ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਉਹ ਵੀ ਇਮਾਨਦਾਰੀ ਨਾਲ ਕੰਮ ਕਰਦੇ ਹਨ, ਇਵੇਂ ਵਿਗਿਆਨ ਐਗਰੋ ਖੇਤੀ ਉੱਤੇ ਪੇਂਡੂ ਵਿਕਾਸ ਵਿੱਚ ਅਸੀਂ ਸਾਰੇ ਪੰਜਾਬ ਦੇ ਨਾਲ ਤੁਰਨਾ ਚਾਹੁੰਦੇ ਹਾਂ, ਸਾਡਾ ਵੀ ਆਪਣੀ ਮਿੱਟੀ ਨਾਲ ਮੋਹ ਹੈ।

Tri-City Professional Realty Inc., Brokerage. The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD $1,399,999 CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਲਾਹ ਸੁਥਰਾ 3500-5000 ਵਰਗ ਫੁਟ ਦੇ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੋਰ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਰਕੌਲਰ ਸਟਾਈਲ ਦੇ ਨੇੜੇ
SOLD $1,749,900 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜਦੀਕ। ਏਅਰਪੋਰਟ ਤੋਂ ਕੁੰਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
SOLD $1,950,000 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਸਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017